ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 143| 2 Oct. to 8 Oct., 2024 | Ph.: (510) 240-5949 | Email: asrtimes@gmail.com

# ਕੀ ਹਰਿਆਣੇ ਦੇ ਬਦਲਦੇ ਸਿਆਸੀ ਸਮੀਕਰਨਾਂ ’ਚ ਕਾਂਗਰਸ ਦਾ ਫਾਰਮੂਲਾ ਬੈਠੇਗਾ ਫਿੱਟ?





## ਮਹਾਰਾਸ਼ਟਰ, ਝਾਰਖੰਡ ਤੇ ਦਿੱਲੀ ਵਿਧਾਨ ਸਭਾ ਚੋਣਾਂ ’ਤੇ ਡੂੰਘਾ ਪ੍ਰਭਾਵ ਪਾਉਣਗੇ ਹਰਿਆਣਾ ਤੇ ਜੰਮੂ-ਕਸ਼ਮੀਰ ਦੇ ਚੋਣ ਨਤੀਜੇ

**ਬਲਰਾਜ ਪਨੂੰ**

ਇਸ ਸਮੇਂ ਰਾਜਨੀਤੀ, ਦੋ ਹਿੱਸਿਆਂ ਵਿੱਚ ਵੰਡੀ ਜਾਪਦੀ ਹੈ। ਇੱਕ ਹਿੱਸਾ ਭਾਜਪਾ ਨੂੰ ਜਿਤਾਉਣਾ ਚਾਹੁੰਦਾ ਹੈ ਤੇ ਦੂਜਾ ਭਾਜਪਾ ਨੂੰ ਹਰਾਉਣਾ ਚਾਹੁੰਦਾ ਹੈ। ਜੰਮੂ- ਕਸ਼ਮੀਰ ਦੀਆਂ ਤਿੰਨ ਗੇੜ ਦੀਆਂ ਚੋਣਾਂ ਖ਼ਤਮ ਹੋ ਗਈਆਂ ਤੇ ਹਰਿਆਣੇ ਵਿੱਚ 5 ਅਕਤੂਬਰ ਨੂੰ ਵੋਟਾਂ ਪੈਣਗੀਆਂ। ਹਰਿਆਣੇ ਤੇ ਜੰਮੂ ਕਸ਼ਮੀਰ ਦੇ ਨਤੀਜੇ ਮਹਾਰਾਸ਼ਟਰ, ਝਾਰਖੰਡ ਤੇ ਦਿੱਲੀ ਵਿਧਾਨ ਸਭਾ ਚੋਣਾਂ ’ਤੇ ਡੂੰਘਾ ਪ੍ਰਭਾਵ ਛੱਡ ਸਕਦੇ ਹਨ। ਵੈਸੇ ਸਾਡੇ ਪ੍ਰਧਾਨ ਮੰਤਰੀ ‘ਵਨ ਨੇਸ਼ਨ ਵਨ ਇਲੈਕਸ਼ਨ’ ਦੀ ਗੱਲ ਕਰਦੇ ਨੇ। ਜੇ ਚੋਣ ਕਮਿਸ਼ਨ ਤਿੰਨ ਰਾਜਾਂ ਦੀ ਚੋਣ ਇਕੱਠੀ ਨਹੀਂ ਕਰਵਾ ਸਕਿਆ ਤਾਂ ਉਹ ਪੂਰੇ ਦੇਸ਼ ਦੀ ਇੱਕ ਸਮੇਂ ਚੋਣ ਕਿਵੇਂ ਕਰਵਾ ਸਕੇਗਾ ? ਹਰਿਆਣਾ ਦੇ ਵਿੱਚ ਭਾਜਪਾ ਹਰ ਨਵਾਂ ਸਿਆਸੀ ਪੱਤਾ ਖੇਡ ਰਹੀ ਹੈ। ਪਰ ਸਿਆਸੀ ਮਾਹਿਰਾਂ ਦੇ ਮੁਤਾਬਿਕ ਕਾਂਗਰਸ ਦੀ ਹਵਾ ਅੱਗੇ ਹਰਿਆਣੇ ਵਿੱਚ ਭਾਜਪਾ ਦਾ ਹਰ ਪੱਤਾ ਉੱਡ ਰਿਹਾ ਜਾਪਦਾ ਹੈ। ਬੀਜੇਪੀ ਨੇ ਹਰਿਆਣੇ ਵਿੱਚ ਮੁੱਖ ਮੰਤਰੀ ਬਦਲ ਕੇ ਆਪਣੇ ਵਫ਼ਾਦਾਰ ਨਾਇਬ ਸਿੰਘ ਸੈਣੀ ਨੂੰ ਬਣਾ ਦਿੱਤਾ ਪਰ ਸੈਣੀ ਦਾ ਪਿੱਛਾ ਖੱਟੜ ਦਾ ਪਰਛਾਵਾਂ ਨਹੀਂ ਛੱਡ ਰਿਹਾ। ਦੂਜੇ ਪਾਸੇ ਅਨਿਲ ਵਿੱਜ ਨੇ ਆਪਣਾ ਦਾਅਵਾ ਕਰ ਦਿੱਤਾ ਕਿ ਜੇ ਬੀਜੇਪੀ ਜਿੱਤਦੀ ਹੈ ਤਾਂ ਮੈਂ ਮੁੱਖ ਮੰਤਰੀ ਪੱਕਾ ਬਣਾਂਗਾ। ਭਾਜਪਾ ਸ਼ਰੇਆਮ ਦਾਅਵਾ ਕਦੇ ਨਹੀਂ ਕਰਦੀ ਪਰ ਅਨਿਲ ਵਿੱਜ ਨੇ ਕਰ ਦਿੱਤਾ ਹੈ। ਇਹ ਅੰਦਰੂਨੀ ਕਲਾ ਵੀ ਕਹਿ ਸਕਦੇ ਹਾਂ। ਹਰਿਆਣੇ ਵਿੱਚ ਕਾਂਗਰਸ ਦੀ ਮਜ਼ਬੂਤ ਸਥਿਤੀ ਬੀਜੇਪੀ ਦੇ ਲਈ ਸਿਰਦਰਦੀ ਬਣੀ ਹੋਈ ਹੈ। ਕਾਂਗਰਸ ਨੂੰ ਹਰਿਆਣੇ ਵਿੱਚ 2019 ਦੌਰਾਨ 28.51 ਫ਼ੀਸਦੀ ਵੋਟ ਪਏ ਸਨ, 2024 ਦੇ ਵਿੱਚ 43.68 ਫ਼ੀਸਦੀ ਵੋਟ ਪਏ। ਭਾਵ ਪੰਜ ਸਾਲ ਵਿੱਚ 15 ਫ਼ੀਸਦੀ ਦਾ ਵੋਟ ਵਾਧਾ ਕਾਂਗਰਸ ਨੂੰ ਹਰਿਆਣੇ ਵਿੱਚ ਮਿਲਿਆ ਹੈ। ਹਰਿਆਣੇ ਵਿੱਚ ਜੇ ਭਾਜਪਾ ਦੀ ਸਥਿਤੀ ਦੀ ਗੱਲ ਕਰੀਏ ਤਾਂ ਭਾਜਪਾ ਨੇ ਇੱਕ ਸਮੇਂ 46.1 ਫ਼ੀਸਦੀ ਵੋਟ ਦਾ ਦਬਦਬਾ ਕਾਇਮ ਕੀਤਾ ਸੀ ਪਰ ਲੰਘੇ ਸਮੇਂ ਗ੍ਰਾਫ਼ ਤੇਜ਼ੀ ਨਾਲ ਹੇਠਾਂ ਆਇਆ। ਭਾਜਪਾ ਦੀ ਹਰਿਆਣੇ ਵਿੱਚ ਅੰਦਰੂਨੀ ਖਹਿਬਾਜ਼ੀ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਭਾਜਪਾ ਦੇ ਗਲੇ ਦੀ ਹੱਡੀ ਬਣੀਆਂ ਹੋਈਆਂ ਨੇ। ਭੁਪਿੰਦਰ ਸਿੰਘ ਹੁੱਡਾ ਕਾਂਗਰਸ ਦੇ ਕੋਲ ਵੱਡਾ



ਚਿਹਰਾ ਹੈ ਪਰ ਭਾਜਪਾ ਨਵੇਂ ਚਿਹਰਿਆਂ ਦੇ ਉੱਤੇ ਤਜ਼ਰਬਾ ਕਰ ਰਹੀ ਹੈ। ਹੁੱਡਾ ਦੇ ਮੁਕਾਬਲੇ ਸੈਣੀ ਦਾ ਕੱਦ ਬੁੱਤ ਬਹੁਤ ਛੋਟਾ ਹੈ। ਦੂਜੇ ਪਾਸੇ ਕੇਜਰੀਵਾਲ ਜੇਲ੍ਹ ਤੋਂ ਆ ਕੇ ਅਸਤੀਫ਼ਾ ਦੇ ਕੇ ਆਪਣੇ ਆਪ ਨੂੰ ‘ਹਰਿਆਣੇ ਦਾ ਲਾਲ’ ਕਹਿ ਕੇ ਵੋਟਾਂ ਮੰਗ ਰਿਹਾ ਹੈ ਪਰ ਹੁੱਡਾ ਦੇ ਪ੍ਰਭਾਵ ਕਰਕੇ ਕਾਂਗਰਸ ਦਾ ‘ਆਪ’ ਨਾਲ ਸਮਝੌਤਾ ਨਹੀਂ ਹੋਇਆ ਤੇ ਹਰਿਆਣੇ ਵਿੱਚ ਭਾਜਪਾ ਦੀ ਸਿਰਦਰਦੀ ਮਨੋਹਰ ਲਾਲ ਖੱਟੜ ਹੈ। ਭਾਜਪਾ ਨੇ ਮਨੋਹਰ ਲਾਲ ਖੱਟੜ ਨੂੰ ਸੀ.ਐਮ. ਬਣਾ ਕੇ ਗ਼ੈਰ ਜੱਟ ਭਾਈਚਾਰੇ ਨੂੰ ਹੱਥ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਸੀ। 2014 ਦੌਰਾਨ 90 ਤੋਂ 47 ਸੀਟਾਂ ਜਿੱਤਣ ਵਾਲੀ ਭਾਜਪਾ 2019 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ 40 ਸੀਟਾਂ ਲੈ ਸਕੀ ਸੀ ਤੇ ਫਿਰ ਖੱਟੜ ਨੂੰ ਸਰਕਾਰ ਬਣਾਉਣ ਦੇ ਲਈ ਜੇਜੇਪੀ ਦੇ ਨਾਲ ਜੋੜ ਤੋੜ ਕਰਨਾ ਪਿਆ। ਭਾਜਪਾ ਦੀ ਗਿਰਾਵਟ ਦੀ ਵਜ੍ਹਾ ਦਲ ਬਦਲੂ ਨੇਤਾ ਸ਼ਾਮਲ ਕਰਨਾ ਹੈ। ਪਰਿਵਾਰਕ ਸਿਆਸਤ ਦਾ ਵਿਰੋਧ ਕਰਨ ਵਾਲੀ ਭਾਜਪਾ ਨੇ ਹਰਿਆਣੇ ਵਿੱਚ ਬੰਸੀ ਲਾਲ, ਭਜਨ ਲਾਲ, ਵਿਨੋਦ ਸ਼ਰਮਾ ਰਾਵ, ਇੰਦਰਜੀਤ ਸਿੰਘ, ਦੇਵੀ ਲਾਲ ਸਭ ਦੇ ਪਰਿਵਾਰਕ ਮੈਂਬਰਾਂ ਨੂੰ ਟਿਕਟ ਦਿੱਤੀ ਹੈ ਤੇ ਕਈਆਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਵੀ ਕੀਤਾ ਹੋਇਆ ਹੈ। ਦੂਜੇ ਰਾਜਾਂ ਦੀ ਤਰ੍ਹਾਂ ਬੇਰੁਜ਼ਗਾਰੀ ਹਰਿਆਣੇ ਦੀ ਮੁੱਖ ਸਮੱਸਿਆ ਹੈ। 2023 ਵਿੱਚ ਹਰਿਆਣੇ ਦੀ ਬੇਰੁਜ਼ਗਾਰੀ ਦਾ ਅੰਕੜਾ ਦੇਸ਼ ਵਿੱਚ ਸਭ ਤੋਂ ਜ਼ਿਆਦਾ 26.77 ਫ਼ੀਸਦੀ ਸੀ। ਦੋ ਲੱਖ ਸਰਕਾਰੀ ਨੌਕਰੀਆਂ ਦੀਆਂ ਅਸਾਮੀਆਂ ਭਰੀਆਂ ਨਹੀਂ ਗਈਆਂ, ਦੂਜੇ ਪਾਸੇ ਕਿਸਾਨ ਜਥੇਬੰਦੀਆਂ ਦੇ ਬਾਰਡਰਾਂ ਉੱਤੇ ਕੀਤੇ ਭਾਜਪਾ ਸਰਕਾਰ ਵੱਲੋਂ ਤਸ਼ੱਦਦ ਦੇ ਜ਼ਖ਼ਮ ਅਜੇ ਅੱਲ੍ਹੇ ਹਨ ਤੇ ਜਥੇਬੰਦੀਆਂ ਨੇ ਭਾਜਪਾ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ। ਪੰਜਾਬ ਤੇ ਹਰਿਆਣਾ ਦੇ ਨੌਜਵਾਨ ਸਭ ਤੋਂ ਜ਼ਿਆਦਾ ਫ਼ੌਜ ਵਿੱਚ ਭਰਤੀ ਹੁੰਦੇ ਸਨ ਪਰ ਭਾਜਪਾ ਦੀ ਅਗਨੀਵੀਰ ਯੋਜਨਾ ਨੇ ਨੌਜਵਾਨ ਵਰਗ ਨੂੰ ਨਾਰਾਜ਼ ਕਰ ਦਿੱਤਾ ਹੈ, ਜਿਸ ਦਾ ਜਾਟ ਭਾਈਚਾਰੇ ਵੱਲੋਂ ਵੀ ਵਿਰੋਧ ਹੋ ਰਿਹਾ ਹੈ। ਦੇਵੀ ਲਾਲ, ਬੰਸੀ ਲਾਲ, ਓਮ ਪ੍ਰਕਾਸ਼ ਚੌਟਾਲਾ, ਭੁਪਿੰਦਰ ਸਿੰਘ ਹੁੱਡਾ ਸਭ ਜਾਟ ਸਨ। ਫੇਰ ਭਜਨ ਲਾਲ ਗ਼ੈਰ ਜਾਟ ਪਰ ਮਜ਼ਬੂਤ ਚਿਹਰਾ ਸੀ, ਉਸ ਤੋਂ ਬਾਅਦ ਭਾਜਪਾ ਨੇ 2014 ਦੇ ਵਿੱਚ ਮਨੋਹਰ ਲਾਲ ਖੱਟੜ ਨੂੰ ਜਦੋਂ ਸੀ.ਐਮ. ਬਣਾਇਆ ਤਾਂ ਜਾਟ ਬਰਾਦਰੀ ਨੇ ਆਪਣੀ ਹੇਠੀ ਸਮਝੀ। ਭਾਵੇਂ ਜਾਟ ਬਰਾਦਰੀ 28 ਫ਼ੀਸਦੀ ਦੇ ਕਰੀਬ ਹੈ ਪਰ ਉਹ ਆਪਣੀ ਹੇਠੀ ਭੁੱਲੀ ਨਹੀਂ ਹੈ। ਸਾਰੇ ਕਿਸਾਨ ਅੰਦੋਲਨ ਵਿੱਚ ਇਸ ਜਾਟ ਬਰਾਦਰੀ ਦਾ ਖ਼ੂਬ ਦਬਦਬਾ ਰਿਹਾ। ਮਹਿਲਾ ਪਹਿਲਵਾਨਾਂ ਦੇ ਸ਼ੋਸ਼ਣ ਦਾ ਅਸਰ ਹਰਿਆਣੇ ਵਿੱਚ ਬੀਜੇਪੀ ’ਤੇ ਭਾਰੀ ਪੈ ਸਕਦਾ ਹੈ। ਵਿਨੇਸ਼ ਫੋਗਾਟ ਕਾਂਗਰਸ ਵੱਲੋਂ ਚੋਣ ਲੜ ਰਹੀ ਹੈ ਤੇ ਹਰਿਆਣੇ ਦੀ ਹਮਦਰਦੀ ਉਸ ਦੇ ਨਾਲ ਹੈ। ਬਾਕੀ ਦੇਖਦੇ ਹਾਂ ਸਿਆਣੇ ਕਹਿੰਦੇ ਹੁੰਦੇ ਨੇ ਕਿ ‘ਆਹ ਗੋਹ ਤੇ ਆਹ ਗੋਹ ਦਾ ਮੈਦਾਨ।’

ਭਾਜਪਾ ਬਹੁਤ ਉਸਲਵੱਟੇ ਲਏਗੀ, ਇਹ ਸਭ ਨੂੰ ਪਤਾ ਹੈ ਜਾਤ ਦੇ ਨਾਮ ’ਤੇ ਲੋਕਾਂ ਨੂੰ ਵੰਡਣਾਂ, ਦੂਜੀ ਪਾਰਟੀ ਨੂੰ ਭੰਡਣਾਂ, ਧਾਰਮਿਕ ਭਾਵਨਾਵਾਂ ਦਾ ਛਿੱਟਾ ਦੇਣਾ, ਇਹੀ ਤਾਂ ਖ਼ਾਸੀਅਤ ਹੈ ਭਾਜਪਾ ਦੀ। ਇਹ ਵੀ ਵੇਖਣਾ ਖ਼ਾਸ ਹੋਵੇਗਾ ਕਿ ‘ਆਪ’ ਪਾਰਟੀ ਕਿਸ ਪਾਰਟੀ ਦੀਆਂ ਵੋਟਾਂ ਨੂੰ ਸੰਨ੍ਹ ਲਾਏਗੀ ਜਾਂ ‘ਆਪ’ ਪਾਰਟੀ ਦਾ ਹਾਲ 2019 ਵਾਲਾ ਹੋਵੇਗਾ ? ਅਸਲ ਵਿੱਚ ਜਾਟਲੈਂਡ ਭਾਵ ਹਰਿਆਣੇ ਵਿੱਚ ਦੋ ਸਾਨ੍ਹਾਂ ਦੀ ਲੜਾਈ ਹੈ ਤੇ ਇਹ ਲੜਾਈ ਘਾਹ ਫੂਸ (ਛੋਟੀਆਂ ਪਾਰਟੀਆਂ) ਨੂੰ ਰੋਲ਼ ਕੇ ਰੱਖ ਦੇਵੇਗੀ।

# ਕੈਨੇਡਾ ਦੇ ਕਿਊਬਿਕ ਸੂਬੇ ’ਚ ਪੱਗ ਬੰਨ੍ਹਣ ’ਤੇ ਲੱਗੀ ਪਾਬੰਦੀ

ਵਿਨੀਪੈਗ/ਏ.ਟੀ.ਨਿਊਜ਼: ਕੈਨੇਡਾ ਦੇ ਕਿਊਬਿਕ ਸੂਬੇ ਵਿੱਚ ਸਰਕਾਰ ਵੱਲੋਂ ਸਿੱਖਾਂ ’ਤੇ ਧਾਰਮਿਕ ਚਿੰਨ੍ਹ ਸਜਾਉਣ ਅਤੇ ਪੱਗ ਬਣਨ ’ਤੇ ਪਾਬੰਦੀ ਲਾਉਣ ਵਾਲਾ ਕਾਨੂੰਨ ਪਾਸ ਕੀਤਾ ਗਿਆ ਹੈ, ਜਿਸ ਕਾਰਨ ਹੁਣ ਕੰਮ ਸਮੇਂ ਸਿੱਖਾਂ ਵੱਲੋਂ ਕਿਰਪਾਨ ਧਾਰਨ ਕਰਨ, ਦਸਤਾਰ ਸਜਾਉਣ ਜਾਂ ਫ਼ਿਰ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਚਿੰਨ੍ਹ ਸਜਾਉਣ ਉੱਤੇ ਮਨਾਹੀ ਹੋਵੇਗੀ। ਗਲੋਬਲ ਸਿੱਖ ਕੌਂਸਲ (ਜੀ.ਐੱਸ.ਸੀ.) ਨੇ ਕੈਨੇਡਾ ਦੇ ਕਿਊਬਿਕ ਸੂਬੇ ਵੱਲੋਂ ਲਾਗੂ ਕੀਤੇ ‘ਬਿੱਲ-21’ ਦੀ ਸਖ਼ਤ ਨਿਖੇਧੀ ਕਰਦਿਆਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਅਤੇ ਕੈਨੇਡਾ ਦੀ ਫ਼ੈਡਰਲ ਸਰਕਾਰ ਨੂੰ ਅਪੀਲ ਕੀਤੀ ਕਿ ਇਹ ਵਿਵਾਦਿਤ ਕਾਨੂੰਨ ਤੁਰੰਤ ਮਨਸੂਖ਼ ਕੀਤਾ ਜਾਵੇ। ਕੌਂਸਲ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਕਿਹਾ ਕਿ ਦੁਨੀਆਂ ਭਰ ਦੇ ਸਿੱਖਾਂ ਨੂੰ ਧਰਮ ਨਿਭਾਉਣ ਲਈ ਆਪੋ-ਆਪਣੇ ਮੁਲਕਾਂ ਵਿੱਚ ਲਾਜ਼ਮੀ ਕਕਾਰ ਪਹਿਨਣ, ਦਸਤਾਰ ਸਜਾਉਣ ਤੇ ਦਾੜ੍ਹੀ-ਕੇਸ ਰੱਖਦਿਆਂ ਆਪਣੀ ਧਾਰਮਿਕ ਪਛਾਣ ਬਣਾਈ ਰੱਖਣ ਦੀ ਪੂਰੀ ਇਜਾਜ਼ਤ ਹੈ ਪਰ ਸਿਰਫ਼ ਕਿਊਬਿਕ ਸੂਬੇ ਵਿੱਚ ਸਖ਼ਤ ਪਾਬੰਦੀਆਂ ਲਾਈਆਂ ਗਈਆਂ ਹਨ। ਦੱਸਣਯੋਗ ਹੈ ਕਿ ਧਰਮ ਨਿਰਪੱਖਤਾ ਦੇ ਨਾਂਅ ਹੇਠ ਕਿਊਬਿਕ ਸੂਬੇ ਵੱਲੋਂ ‘ਬਿੱਲ 21’ ਕਾਨੂੰਨ



ਤਹਿਤ ਅਧਿਆਪਕਾਂ, ਪੁਲਿਸ ਅਧਿਕਾਰੀਆਂ, ਵਕੀਲਾਂ ਅਤੇ ਹੋਰ ਜਨਤਕ ਖੇਤਰ ਦੇ ਕਰਮਚਾਰੀਆਂ ਨੂੰ ਧਾਰਮਿਕ ਚਿੰਨ੍ਹ ਜਿਵੇਂ ਕਿ ਮੁਸਲਮਾਨਾਂ ਲਈ ਹਿਜਾਬ, ਸਿੱਖਾਂ ਲਈ ਦਸਤਾਰ, ਯਹੂਦੀਆਂ ਨੂੰ ਯਰਮੁਲਕੇ ਅਤੇ ਈਸਾਈਆਂ ਨੂੰ ਕ੍ਰਾਸ ਪਹਿਨਣ ਤੋਂ ਮਨਾਹੀ ਹੈ। ਗਲੋਬਲ ਸਿੱਖ ਕੌਂਸਲ ਮੁਤਾਬਕ ਇਹ ਕਾਨੂੰਨ ਧਾਰਮਿਕ ਆਜ਼ਾਦੀ ਨੂੰ ਸੀਮਤ ਕਰਦਾ ਹੈ ਤੇ ਇਸ ਨਾਲ ਕਿਊਬਿਕ ਸੂਬੇ ਵਿੱਚ ਨਸਲੀ ਤੇ ਧਾਰਮਿਕ ਘੱਟ ਗਿਣਤੀਆਂ ਵਿੱਚ ਡਰ ਦਾ ਮਾਹੌਲ ਹੈ। ਡਾ. ਕੰਵਲਜੀਤ ਕੌਰ ਨੇ ਕਿਹਾ ਕਿ ‘ਬਿੱਲ 21’ ਕੈਨੇਡਾ ਦੇ ਸੰਵਿਧਾਨ ਵਿੱਚ ਦਰਜ ਜਨਤਕ ਪ੍ਰਗਟਾਵੇ ਅਤੇ ਧਰਮ ਦੀ ਆਜ਼ਾਦੀ ਦੀ ਸ਼ਰ੍ਹੇਆਮ ਉਲੰਘਣਾ ਹੈ। ਉਨ੍ਹਾਂ ਕਿਹਾ ਹੈ ਕਿ ਸਿੱਖ ਧਰਮ ਵਿੱਚ ਦਸਤਾਰ ਦੀ ਬਹੁਤ ਜ਼ਿਆਦਾ ਮਹੱਤਤਾ ਹੈ ਤੇ ਦਸਤਾਰ ’ਤੇ ਪਾਬੰਦੀ ਲਾਉਣਾ ਬੇਹੱਦ ਮੰਦਭਾਗਾ ਹੈ। ਗਲੋਬਲ ਸਿੱਖ ਕੌਂਸਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਬਿੱਲ-21 ਖ਼ਿਲਾਫ਼ ਵਿਰੋਧੀ ਧਿਰਾਂ ਦਾ ਸਾਥ ਅਤੇ ਇਸ ਨੂੰ ਕੌਮਾਂਤਰੀ ਅਦਾਲਤ ਵਿੱਚ ਚੁਣੌਤੀ ਦੇਵੇ। ਸੰਸਥਾ ਨੇ ਮਨੁੱਖੀ ਅਧਿਕਾਰਾਂ ਸਬੰਧੀ ਹੋਰ ਜਥੇਬੰਦੀਆਂ ਨੂੰ ਵੀ ਇਸ ਬਿੱਲ ਖਿਲਾਫ਼ ਕਦਮ ਚੁੱਕਣ ਦੀ ਅਪੀਲ ਕੀਤੀ। ਸੰਸਥਾ ਨੇ ਕਿਹਾ ਕਿ ਸਾਰੇ ਸਰਕਾਰੀ ਕਰਮਚਾਰੀਆਂ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ, ਨੂੰ ਕਿਊਬਿਕ ਦੀ ਨੈਸ਼ਨਲ ਅਸੈਂਬਲੀ ਤੇ ਸੂਬਾਈ ਵਿਧਾਨ ਸਭਾ ਦੇ ਮੈਂਬਰਾਂ ਵਾਂਗ ਧਾਰਮਿਕ ਪ੍ਰਗਟਾਵੇ ਦਾ ਅਧਿਕਾਰ ਦਿੱਤਾ ਜਾਵੇ।

# ਇਟਲੀ ਸਮੇਤ 5 ਦੇਸ਼ਾਂ ਨੇ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਲਗਾਈਆਂ ਬ੍ਰੇਕਾਂ



## 2 ਲੱਖ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣ ਦੀ ਤਿਆਰੀ



ਯੂਰਪ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਇਟਲੀ ਸਮੇਤ ਜਰਮਨੀ, ਫ਼ਰਾਂਸ, ਹੰਗਰੀ ਅਤੇ ਨੀਦਰਲੈਂਡ ਨੇ ਸਖ਼ਤ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਸਾਲ ਦੋ ਲੱਖ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀਆਂ ਤਿਆਰੀਆਂ ਹਨ। ਇਨ੍ਹਾਂ ਪੰਜ ਦੇਸ਼ਾਂ ਨੇ ਸਾਂਝਾ ਪ੍ਰੋਗਰਾਮ ਤਿਆਰ ਕੀਤਾ ਹੈ। ਇਸ ਤਹਿਤ ਸੂਚਨਾਵਾਂ ਦਾ ਆਦਾਨ-ਪ੍ਰਦਾਨ ਕੀਤਾ ਜਾਵੇਗਾ। ਇਨ੍ਹਾਂ ਦੇਸ਼ਾਂ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਕਾਰਨ ਕਾਨੂੰਨ ਵਿਵਸਥਾ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਧਾਰਮਿਕ ਦੁਸ਼ਮਣੀ ਵੀ ਵਧ ਰਹੀ ਹੈ। ਗੈਰ-ਕਾਨੂੰਨੀ ਪ੍ਰਵਾਸੀ ਇੱਥੇ ਪਹੁੰਚਦੇ ਹਨ ਅਤੇ ਸ਼ਰਨਾਰਥੀ ਦਰਜੇ ਦਾ ਦਾਅਵਾ ਕਰਦੇ ਹਨ। ਜਦੋਂ ਤੱਕ ਉਹ ਸ਼ਰਨਾਰਥੀ ਦਾ ਦਰਜਾ ਪ੍ਰਾਪਤ ਨਹੀਂ ਕਰਦੇ, ਉਹ ਯੂਰਪੀਅਨ ਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਅਪਰਾਧ ਵਿੱਚ ਸ਼ਾਮਲ ਹੋ ਜਾਂਦੇ ਹਨ।

ਪੰਜ ਯੂਰਪੀ ਦੇਸ਼ ਸੀਰੀਆ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਸਮੇਤ ਉੱਤਰੀ ਅਫ਼ਰੀਕੀ ਅਲਜੀਰੀਆ, ਮੋਰੋਕੋ ਅਤੇ ਮਿਸਰ ਤੋਂ ਆਉਣ ਵਾਲੇ ਮੁਸਲਿਮ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕਰ ਰਹੇ ਹਨ। ਯੂਰਪੀਅਨ ਯੂਨੀਅਨ (ਈ.ਯੂ.) ਦੇ 27 ਦੇਸ਼ਾਂ ਵਿੱਚੋਂ 15 ਦੇਸ਼ਾਂ ਨੇ ਸਰਹੱਦੀ ਨਿਯਮ ਲਾਗੂ ਕੀਤੇ ਹਨ। ਇਨ੍ਹਾਂ ਦੇਸ਼ਾਂ ਵਿਚਾਲੇ ਯਾਤਰਾ 'ਤੇ ਪਾਬੰਦੀ ਹੋਵੇਗੀ। ਜਰਮਨੀ ਨੇ ਵੀ ਇਸ ਨੂੰ 16 ਸਤੰਬਰ ਤੋਂ ਲਾਗੂ ਕਰ ਦਿੱਤਾ ਹੈ। ਹੋਰ ਦੇਸ਼ ਵੀ ਇਸ ਦੀ ਤਿਆਰੀ ਵਿੱਚ ਹਨ। ਇਸ ਨਾਲ ਯੂਰਪੀ ਸੰਘ ਦੀ ਹੋਂਦ 'ਤੇ ਸੰਕਟ ਪੈਦਾ ਹੋ ਗਿਆ ਹੈ ਕਿਉਂਕਿ ਈ.ਯੂ. ਖੁਦ ਖੁੱਲ੍ਹੀਆਂ ਸਰਹੱਦਾਂ ਦੇ ਸਿਧਾਂਤ 'ਤੇ ਬਣਾਈ ਗਈ ਸੀ।

**ਇਟਲੀ:** ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਦੀ ਸਰਕਾਰ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸਭ ਤੋਂ ਸਖ਼ਤ ਹੈ। ਅਫ਼ਰੀਕਾ ਤੋਂ ਸਮੁੰਦਰ ਰਾਹੀਂ ਇਟਲੀ ਵਿੱਚ ਦਾਖ਼ਲ ਹੋਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਪਿੱਛਾ ਕਰਨ ਲਈ ਵਿਸ਼ੇਸ਼ ਗਸ਼ਤ ਸ਼ੁਰੂ ਕਰ ਦਿੱਤੀ ਗਈ ਹੈ। 2023 ਵਿੱਚ 125806 ਗੈਰ-ਕਾਨੂੰਨੀ ਪ੍ਰਵਾਸੀ ਇਟਲੀ ਵਿੱਚ ਦਾਖਲ ਹੋਏ, 2022 ਵਿੱਚ ਇਹ ਗਿਣਤੀ ਦੁੱਗਣੀ ਹੈ। ਇਸ ਸਾਲ ਸਿਰਫ਼ 44465 ਗੈਰ-ਕਾਨੂੰਨੀ ਪ੍ਰਵਾਸੀ ਹੀ ਫ਼ੜੇ ਗਏ। ਮੇਲੋਨੀ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਅਲਬਾਨੀਆ ਯੋਜਨਾ ਬਣਾਈ ਹੈ। ਇਸ ਤਹਿਤ ਇਟਲੀ ਵਿੱਚ ਫ਼ੜੇ ਗਏ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗੁਆਂਢੀ ਦੇਸ਼ ਅਲਬਾਨੀਆ ਵਿੱਚ ਰੱਖਿਆ ਜਾਵੇਗਾ। ਅਲਬਾਨੀਆ ਨੂੰ 6250 ਕਰੋੜ ਰੁਪਏ ਦਿੱਤੇ ਜਾਣਗੇ। ਮੇਲੋਨੀ ਨੇ ਹਾਲ ਹੀ 'ਚ ਬਿਆਨ ਦਿੱਤਾ ਹੈ ਕਿ ਇਟਲੀ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਇੱਕ ਦਿਨ ਲਈ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਾਲ ਹੀ, ਟਿਊਨੀਸ਼ੀਆ ਅਤੇ ਲੀਬੀਆ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸਖ਼ਤ ਦਬਾਅ ਪਾਇਆ ਗਿਆ ਹੈ।

**ਹੰਗਰੀ:** ਹੰਗਰੀ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਿਨਾਂ ਮੁਕੱਦਮੇ ਦੇ ਦੇਸ਼ ਨਿਕਾਲਾ ਦੇ ਰਿਹਾ ਹੈ। ਇਸ ਦੇ ਲਈ ਐਮਰਜੈਂਸੀ ਕਾਨੂੰਨ ਪਾਸ ਕੀਤਾ ਗਿਆ ਹੈ। ਯੂਰਪੀ ਸੰਘ ਦੀ ਅਦਾਲਤ ਨੇ ਕਾਨੂੰਨ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਪਰ ਸਰਕਾਰ ਪ੍ਰਵਾਸੀਆਂ ਨੂੰ ਤੁਰੰਤ ਵਾਪਸ ਭੇਜਣ ਦੀ ਨੀਤੀ ਨੂੰ ਸਫ਼ਲ ਮੰਨਦੀ ਹੈ। 2023 ਵਿੱਚ, 50 ਹਜ਼ਾਰ ਲੋਕਾਂ ਨੂੰ ਬਿਨਾਂ ਕਿਸੇ ਪ੍ਰਕਿਰਿਆ ਦੇ ਸਰਬੀਆ ਵਾਪਸ ਭੇਜਿਆ ਗਿਆ ਸੀ। ਸਰਕਾਰ ਨੇ ਕਿਹਾ ਕਿ ਉਪਾਅ ਕੰਮ ਕਰਦਾ ਹੈ, ਇਸ ਲਈ ਇਸ ਨੇ ਯੂਰਪੀਅਨ ਯੂਨੀਅਨ ਦੇ ਨਵੇਂ ਸ਼ਰਨਾਰਥੀ ਕਾਨੂੰਨ ਦੇ ਤਹਿਤ ਕੰਮ ਕਰਨ ਦਾ ਬਿੰਦੂ ਨਹੀਂ ਦੇਖਿਆ।

**ਨੀਦਰਲੈਂਡ:** ਇੱਥੇ ਸਰਕਾਰ ਨੇ ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਦੇ ਮੁੱਦੇ 'ਤੇ ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਜਿੱਤ ਦਰਜ ਕੀਤੀ ਹੈ। ਹੁਣ ਇਹ ਸਰਕਾਰ ਸ਼ਰਣ ਦੇ ਨਿਯਮਾਂ ਨੂੰ ਹੋਰ ਸਖ਼ਤ ਕਰ ਰਹੀ ਹੈ। ਸ਼ੌਫ਼ ਸਰਕਾਰ ਨੇ ਖੁੱਲ੍ਹੇਆਮ ਨਸਲਵਾਦੀ, ਇਸਲਾਮੋਫ਼ੋਬ ਅਤੇ ਅਫ਼ਵਾਹ ਫ਼ੈਲਾਉਣ ਵਾਲੀ ਮਾਰਜੋਲੀਨ ਫ਼ੈਬਰ ਨੂੰ ਮਾਈਗ੍ਰੇਸ਼ਨ ਮੰਤਰੀ ਨਿਯੁਕਤ ਕੀਤਾ ਹੈ। ਇਸ ਕਾਰਨ, ਉਮੀਦ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਸ਼ਰਣ ਦੇ ਨਿਯਮ ਹੋਰ ਸਖ਼ਤ ਹੋ ਜਾਣਗੇ।

**ਫ਼ਰਾਂਸ:** ਫ਼ਰਾਂਸ ਵਿੱਚ ਸੱਜੇਪੱਖੀ ਪਾਰਟੀਆਂ ਪ੍ਰਵਾਸੀਆਂ ਦੇ ਮੁੱਦੇ 'ਤੇ ਮੈਕਰੋਨ ਨੂੰ ਘੇਰ ਰਹੀਆਂ ਹਨ। ਇਸ ਕਾਰਨ ਮੈਕਰੋਨ ਸਰਕਾਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰ ਰਹੀ ਹੈ। ਇਸ ਸਾਲ ਉਲੰਪਿਕ ਦੇ ਨਾਂ 'ਤੇ ਪੈਰਿਸ ਤੋਂ ਹੀ 15 ਹਜ਼ਾਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ ਸੀ। ਹੁਣ ਸਰਕਾਰ ਨੇ ਨਵੀਂ ਸੂਚੀ ਬਣਾ ਕੇ 20 ਹਜ਼ਾਰ ਹੋਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦੀ ਤਿਆਰੀ ਕੀਤੀ ਹੈ। ਫ਼ਰਾਂਸ ਆਪਣੀਆਂ ਸਮੁੰਦਰੀ ਸਰਹੱਦਾਂ 'ਤੇ ਪ੍ਰਵਾਸੀਆਂ ਦੀਆਂ ਕਿਸ਼ਤੀਆਂ 'ਤੇ ਕਾਰਵਾਈ ਕਰ ਰਿਹਾ ਹੈ।

**ਜਰਮਨੀ:** ਜਰਮਨ ਰਾਜ ਥੁਰਿੰਗੀਆ ਵਿੱਚ ਹੋਈਆਂ ਚੋਣਾਂ ਵਿੱਚ ਸੱਜੇ ਪੱਖੀ ਏ.ਐਫ਼.ਡੀ. ਪਾਰਟੀ ਨੇ ਜਿੱਤ ਪ੍ਰਾਪਤ ਕੀਤੀ। ਨਾਲ ਹੀ, ਏ.ਐਫ਼.ਡੀ. ਨੇ ਇਸ ਮਹੀਨੇ ਦੋ ਹੋਰ ਰਾਜਾਂ ਵਿੱਚ ਹੋਈਆਂ ਚੋਣਾਂ ਵਿੱਚ ਬਿਹਤਰ ਪ੍ਰਦਰਸ਼ਨ ਕੀਤਾ।

ਚਾਂਸਲਰ ਓਲਾਫ਼ ਸਕੋਲਜ਼ ਦੀ ਸਰਕਾਰ ਨੇ ਨੌਂ ਦੇਸ਼ਾਂ ਦੇ ਨਾਲ ਜਰਮਨੀ ਦੀਆਂ ਸਰਹੱਦਾਂ 'ਤੇ ਸੀਮਤ ਅੰਦੋਲਨ ਕੀਤਾ। ਇਸ ਵਿੱਚ ਡੈਨਮਾਰਕ, ਨੀਦਰਲੈਂਡ, ਬੈਲਜੀਅਮ, ਲਕਸਮਬਰਗ, ਫ਼ਰਾਂਸ, ਸਵਿਟਜ਼ਰਲੈਂਡ, ਆਸਟਰੀਆ, ਚੈੱਕ ਗਣਰਾਜ ਅਤੇ ਪੋਲੈਂਡ ਸ਼ਾਮਲ ਹਨ।

## ਟਰੂਡੋ ਸਰਕਾਰ ਵੱਲੋਂ ਇਮੀਗ੍ਰੇਸ਼ਨ ਦੀ ਉਲੰਘਣਾ ਕਾਰਨ 950 ਵਿਦਿਆਰਥੀ ਗ੍ਰਿਫ਼ਤਾਰ



ਸਰੀ/ਏ.ਟੀ.ਨਿਊਜ਼: ਬੀਤੇ ਦਿਨੀਂ ਕੈਨੇਡਾ ਦੀ ਬਾਰਡਰ ਸੁਰੱਖਿਆ ਏਜੰਸੀ ਨੇ ਵੱਡੀ ਕਾਰਵਾਈ ਕਰਦਿਆਂ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੇ 950 ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ ਤੋਂ ਹਨ। ਇਨ੍ਹਾਂ ਸਾਰਿਆਂ 'ਤੇ ਵਿਦਿਆਰਥੀ ਵੀਜ਼ੇ 'ਤੇ ਦਿੱਤੇ ਗਏ ਸਮੇਂ ਤੋਂ ਵੱਧ ਕੰਮ ਕਰਨ ਦਾ ਦੋਸ਼ ਹੈ।

ਗ੍ਰਿਫ਼ਤਾਰੀ ਤੋਂ ਬਾਅਦ ਇਨ੍ਹਾਂ ਭਾਰਤੀ ਵਿਦਿਆਰਥੀਆਂ ਦੀ ਕੈਨੇਡਾ ਵਿੱਚ ਪੱਕੀ ਰਿਹਾਇਸ਼ ਮਿਲਣ ਦੀ ਸੰਭਾਵਨਾ ਖ਼ਤਰੇ ਵਿੱਚ ਹੈ। ਇਸ ਦੇ ਨਾਲ ਹੀ ਕਿਰਤ ਕਾਨੂੰਨਾਂ ਦੀ ਉਲੰਘਣਾ ਕਰਕੇ ਉਨ੍ਹਾਂ ਨੂੰ ਨੌਕਰੀ 'ਤੇ ਰੱਖਣ ਵਾਲੀਆਂ ਸੰਸਥਾਵਾਂ 'ਤੇ ਲੱਖਾਂ ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ।

ਟਰੂ ਸਕੂਪ ਦੀ ਰਿਪੋਰਟ ਮੁਤਾਬਕ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਏ ਇਹ ਭਾਰਤੀ ਕਥਿਤ ਤੌਰ 'ਤੇ ਕਾਨੂੰਨੀ ਤਨਖਾਹ ਸਕੇਲ ਤੋਂ ਹੇਠਾਂ ਕੰਮ ਕਰ ਰਹੇ ਸਨ। ਕੈਨੇਡੀਅਨ ਸਰਕਾਰ ਨੇ ਹਾਲ ਹੀ ਵਿੱਚ ਨਵੇਂ ਨਿਯਮ ਲਾਗੂ ਕੀਤੇ ਹਨ ਜਿਸ ਤਹਿਤ ਵਿਦਿਆਰਥੀ ਵੀਜ਼ੇ 'ਤੇ ਆਏ ਵਿਦੇਸ਼ੀਆਂ ਨੂੰ ਸਿਰਫ਼ 20 ਘੰਟੇ ਹਫ਼ਤਾ ਕੰਮ ਕਰਨ ਦੀ ਇਜਾਜ਼ਤ ਹੈ।

ਕੈਨੇਡਾ ਵਿੱਚ ਕੰਮ ਲਈ ਘੱਟੋ-ਘੱਟ ਉਜਰਤ 35 ਕੈਨੇਡੀਅਨ ਡਾਲਰ ਪ੍ਰਤੀ ਘੰਟਾ ਹੈ। ਇਨ੍ਹਾਂ ਭਾਰਤੀਆਂ ਨੇ ਹਫ਼ਤੇ ਵਿੱਚ 40 ਘੰਟੇ ਤੋਂ ਵੱਧ ਕੰਮ ਕੀਤਾ, ਜਿਸ ਵਿੱਚੋਂ ਸਿਰਫ਼ 20 ਘੰਟੇ ਹੀ ਕਾਨੂੰਨੀ ਸਨ। ਬਾਕੀ ਦੇ ਘੰਟਿਆਂ ਲਈ ਉਨ੍ਹਾਂ ਨੂੰ ਘੱਟ ਰੇਟ 'ਤੇ ਭੁਗਤਾਨ ਕੀਤਾ ਗਿਆ ਸੀ। ਇਸ ਕਨੂੰਨੀ ਉਲੰਘਣਾ ਕਾਰਨ ਭਾਰਤੀ ਵਿਦਿਆਰਥੀਆਂ ਦੇ ਭਵਿੱਖ ਨੂੰ ਅਸੁਰੱਖਿਅਤ ਸਥਿਤੀ ਵਿੱਚ ਪਾ ਦਿੱਤਾ ਹੈ।

ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਨੂੰ ਲੈ ਕੇ ਸਖ਼ਤ ਰਵੱਈਆ ਅਪਣਾਇਆ ਹੋਇਆ ਹੈ। ਟਰੂਡੋ ਸਰਕਾਰ ਨੇ ਦੇਸ਼ ਵਿੱਚ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਦਾ ਐਲਾਨ ਕੀਤਾ ਹੈ। ਅਜਿਹੇ ਵਿੱਚ ਗੈਰ-ਕਾਨੂੰਨੀ ਕੰਮ ਵਿੱਚ ਸ਼ਾਮਲ ਹੋਣ ਕਾਰਨ ਇਨ੍ਹਾਂ ਵਿਦਿਆਰਥੀਆਂ ਦੀ ਪੱਕੀ ਰਿਹਾਇਸ਼ ਦੀ ਅਰਜ਼ੀ ਖਤਰੇ ਵਿੱਚ ਹੈ।

# ਜੇਕਰ ਟਰੰਪ ਰਾਸ਼ਟਰਪਤੀ ਚੋਣ ਨਹੀਂ ਜਿੱਤਦੇ ਤਾਂ ਇਹ ਅਮਰੀਕਾ ਦੀ ਆਖ਼ਰੀ ਚੋਣ ਹੋਵੇਗੀ

## ਐਲੋਨ ਮਸਕ ਦਾ ਦਾਅਵਾ ਕਿ ਅਮਰੀਕਾ ਦਾ ਲੋਕਤੰਤਰ ਖ਼ਤਰੇ ਵਿੱਚ

ਵਾਸ਼ਿੰਗਟਨ/ਏ.ਟੀ.ਨਿਊਜ਼: ਟੇਸਲਾ ਅਤੇ ਸਪੇਸ ਐਕਸ ਦੇ ਮਾਲਕ ਅਰਬਪਤੀ ਕਾਰੋਬਾਰੀ ਐਲੋਨ ਮਸਕ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਦਾਅਵਾ ਕੀਤਾ ਕਿ ਜੇਕਰ ਡੋਨਾਲਡ ਟਰੰਪ ਇਹ ਚੋਣ ਨਹੀਂ ਜਿੱਤਦੇ ਤਾਂ ਇਹ ਅਮਰੀਕਾ ਦੀ ਆਖਰੀ ਚੋਣ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਵਿੱਚ ਲੋਕਤੰਤਰ ਖ਼ਤਰੇ ਵਿੱਚ ਹੈ। ਮਸਕ ਨੇ ਦਾਅਵਾ ਕੀਤਾ ਕਿ ਡੈਮੋਕਰੇਟਸ ਇਸ ਚੋਣ ਵਿੱਚ ਬੇਨਿਯਮੀਆਂ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਾਈਡੇਨ-ਹੈਰਿਸ ਪ੍ਰਸ਼ਾਸਨ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇ ਰਿਹਾ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣਾ ਵੋਟਰ ਬਣਾ ਰਿਹਾ ਹੈ।

ਮਸਕ ਨੇ ਟਵਿੱਟਰ 'ਤੇ ਇੱਕ ਪੋਸਟ ਦੇ ਜਵਾਬ ਵਿੱਚ ਲਿਖਿਆ, ਬਹੁਤ ਘੱਟ ਅਮਰੀਕੀਆਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੇਕਰ ਟਰੰਪ ਨਹੀਂ ਚੁਣਿਆ ਗਿਆ, ਤਾਂ ਇਹ ਲੋਕਤੰਤਰ ਨੂੰ ਖ਼ਤਰੇ ਵਿੱਚ ਪਾਵੇਗਾ ਅਤੇ ਸਿਰਫ਼ ਟਰੰਪ ਹੀ ਇਸ ਨੂੰ ਬਚਾ ਸਕਦੇ ਹਨ। ਇੱਕ ਸਵਾਲ ਦੇ ਜਵਾਬ 'ਚ ਮਸਕ ਨੇ ਕਿਹਾ, ਮੈਨੂੰ ਦੱਸਣਾ ਚਾਹੀਦਾ ਹੈ ਕਿ ਜੇਕਰ ਹਰ ਸਾਲ 20 'ਚੋਂ 1 ਗੈਰ-ਕਾਨੂੰਨੀ ਨਾਗਰਿਕ ਵੀ ਅਮਰੀਕੀ ਨਾਗਰਿਕ ਬਣ ਜਾਂਦਾ ਹੈ, ਜਿਸ ਨੂੰ



ਡੈਮੋਕ੍ਰੇਟ ਜਿੰਨੀ ਤੇਜ਼ੀ ਨਾਲ ਅੱਗੇ ਵਧਾ ਰਹੇ ਹਨ, ਤਾਂ 4 ਸਾਲਾਂ ਵਿੱਚ ਲਗਭਗ 20 ਲੱਖ ਸ਼ਰਨਾਰਥੀ ਨਵੇਂ ਕਾਨੂੰਨੀ ਵੋਟਰ ਹੋ ਜਾਣਗੇ। ਟੇਸਲਾ ਅਤੇ ਸਪੇਸਐਕਸ ਦੇ ਮਾਲਕ ਨੇ ਕਿਹਾ, ਸਵਿੰਗ ਰਾਜਾਂ ਵਿੱਚ ਵੋਟਿੰਗ ਦਾ ਅੰਤਰ ਅਕਸਰ 20 ਹਜ਼ਾਰ ਵੋਟਾਂ ਤੋਂ ਘੱਟ ਹੁੰਦਾ ਹੈ। ਇਸਦਾ ਮਤਲਬ ਹੈ ਕਿ ਜੇਕਰ ਡੈਮੋਕਰੇਟਿਕ ਪਾਰਟੀ ਸਫਲ ਹੁੰਦੀ ਹੈ, ਤਾਂ ਕੋਈ ਹੋਰ ਸਵਿੰਗ ਰਾਜ ਨਹੀਂ ਹੋਣਗੇ! ਸਵਿੰਗ ਰਾਜਾਂ ਦਾ ਮਤਲਬ ਅਜਿਹੇ ਰਾਜ ਤੋਂ ਹੈ ਜਿੱਥੇ ਦੋ ਵੱਡੀਆਂ ਪਾਰਟੀਆਂ ਦਾ ਜਨ ਅਧਾਰ ਵੋਟਰਾਂ ਦੇ ਵਿਚਾਲੇ ਇੱਕੋ ਪੱਧਰ ਦਾ ਲੈਵਲ ਹੁੰਦਾ ਹੈ। ਉਸਨੇ ਕਿਹਾ ਕਿ ਬਾਈਡੇਨ ਅਤੇ ਹੈਰਿਸ ਪ੍ਰਸ਼ਾਸਨ ਪੈਨਸਿਲਵੇਨੀਆ, ਓਹੀਓ, ਵਿਸਕਾਨਸਿਨ ਅਤੇ ਐਰੀਜ਼ੋਨਾ ਵਰਗੇ ਸਵਿੰਗ ਰਾਜਾਂ ਵਿੱਚ ਸ਼ਰਨਾਰਥੀਆਂ ਨੂੰ ਸਿੱਧੇ ਭੇਜ ਰਹੇ ਹਨ। ਇਹ ਹਰ ਚੋਣ ਜਿੱਤਣ ਦਾ ਇੱਕ ਪੱਕਾ ਤਰੀਕਾ ਹੈ। (**ਬਾਕੀ ਸਫ਼ਾ 30 'ਤੇ**)

## ਸੀਰੀਆ 'ਤੇ ਅਮਰੀਕੀ ਹਵਾਈ ਹਮਲਿਆਂ ਦੌਰਾਨ 37 ਜਿਹਾਦੀ ਮਰੇ

ਬੇਰੂਤ/ਏ.ਟੀ.ਨਿਊਜ਼: ਸੀਰੀਆ ਵਿੱਚ ਦੋ ਹਮਲਿਆਂ ਵਿੱਚ ਕੱਟੜਪੰਥੀ ਇਸਲਾਮਿਕ ਸਟੇਟ (ਆਈ.ਐਸ.) ਸਮੂਹ ਅਤੇ ਅਲਕਾਇਦਾ ਨਾਲ ਸਬੰਧਿਤ 37 ਜਿਹਾਦੀ ਮਾਰੇ ਗਏ। ਅਮਰੀਕੀ ਫੌਜ ਨੇ ਕਿਹਾ ਕਿ ਮਰਨ ਵਾਲਿਆਂ ਵਿੱਚ ਦੋ ਚੋਟੀ ਦੇ ਖਾੜਕੂ ਆਗੂ ਵੀ ਸ਼ਾਮਲ ਹਨ। ਯੂ.ਐਸ ਸੈਂਟਰਲ ਕਮਾਂਡ ਨੇ ਦੱਸਿਆ ਕਿ ਉਸਨੇ ਬੀਤੇ ਮੰਗਲਵਾਰ ਨੂੰ ਉੱਤਰ ਪੱਛਮੀ ਸੀਰੀਆ ਵਿੱਚ ਹਮਲੇ ਨੂੰ ਅੰਜਾਮ ਦਿੱਤਾ, ਜਿਸ ਵਿੱਚ ਅਲ ਕਾਇਦਾ ਨਾਲ ਜੁੜੇ ਹਰਾਸ ਅਲ-ਦੀਨ ਸਮੂਹ ਦੇ ਇੱਕ ਚੋਟੀ ਦੇ ਅੱਤਵਾਦੀ ਅਤੇ ਅੱਠ ਹੋਰਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਉਨ੍ਹਾਂ ਨੇ 16 ਸਤੰਬਰ ਨੂੰ ਕੀਤੇ ਗਏ ਇੱਕ ਹਮਲੇ ਦੀ ਵੀ ਰਿਪੋਰਟ ਕੀਤੀ ਜਿਸ ਵਿੱਚ ਉਨ੍ਹਾਂ ਨੇ ਮੱਧ ਸੀਰੀਆ ਵਿੱਚ ਇੱਕ ਦੂਰ-ਦੁਰਾਡੇ ਅਣਦੱਸੀ ਥਾਂ ਵਿੱਚ ਇੱਕ ਆਈ.ਐਸ ਸਿਖਲਾਈ ਕੈਂਪ 'ਤੇ ਵੱਡਾ ਹਵਾਈ ਹਮਲਾ ਕੀਤਾ। ਇਸ ਹਮਲੇ ਵਿੱਚ 28 ਜਿਹਾਦੀ ਮਾਰੇ ਗਏ ਸਨ। ਸੀਰੀਆ ਵਿੱਚ ਲਗਭਗ 900 ਅਮਰੀਕੀ ਸੈਨਿਕ ਮੁੱਖ ਤੌਰ 'ਤੇ ਕੱਟੜਪੰਥੀ ਆਈ.ਐਸ ਸਮੂਹ ਦੀ ਵਾਪਸੀ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ। ਆਈ.ਐਸ ਨੇ 2014 ਵਿੱਚ ਇਰਾਕ ਅਤੇ ਸੀਰੀਆ ਵਿੱਚ ਵੱਡੇ ਖੇਤਰਾਂ 'ਤੇ ਕਬਜ਼ਾ ਕਰ ਲਿਆ ਸੀ।

# ਇਜ਼ਰਾਈਲ ਵੱਲੋਂ ਦੱਖਣੀ ਲਿਬਨਾਨ 'ਚ ਜ਼ਮੀਨੀ ਹਮਲੇ ਸ਼ੁਰੂ

## ਅੱਧੀ ਰਾਤ ਨੂੰ ਕੀਤੀ ਕਾਰਵਾਈ 'ਸੀਮਤ ਤੇ ਸਥਾਨਕ' ਅਪਰੇਸ਼ਨ ਕਰਾਰ



ਯੇਰੂਸ਼ਲਮ/ਏ.ਟੀ. ਨਿਊਜ਼:- ਇਜ਼ਰਾਇਲੀ ਫੌਜ ਨੇ ਅੱਜ ਦੱਖਣੀ ਲਿਬਨਾਨ ਵਿਚ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਆਪਣੀ ਸਰਹੱਦ ਨਾਲ ਲੱਗਦੇ ਪਿੰਡਾਂ ਵਿਚ 'ਜ਼ਮੀਨੀ ਹਮਲੇ' ਸ਼ੁਰੂ ਕਰ ਦਿੱਤੇ ਹਨ। ਇਜ਼ਰਾਈਲ ਨੇ ਇਸ ਨੂੰ 'ਸੀਮਤ ਤੇ ਸਥਾਨਕ' ਅਪਰੇਸ਼ਨ ਕਰਾਰ ਦਿੱਤਾ ਹੈ। ਇਜ਼ਰਾਇਲੀ ਫੌਜ ਨੇ ਦੋ ਦਰਜਨ ਲਿਬਨਾਨੀ ਭਾਈਚਾਰਿਆਂ ਨੂੰ ਅਵਾਲੀ ਨਦੀ ਦਾ ਉੱਤਰੀ ਇਲਾਕਾ ਖਾਲੀ ਕਰਨ ਲਈ ਆਖ ਦਿੱਤਾ ਹੈ। ਇਜ਼ਰਾਈਲ ਨੇ ਕਿਹਾ ਕਿ ਜਿਨ੍ਹਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਉਹ ਉੱਤਰੀ ਇਜ਼ਰਾਈਲ ਵਿਚ ਇਜ਼ਰਾਇਲੀ ਭਾਈਚਾਰਿਆਂ ਲਈ ਫੌਰੀ ਵੱਡਾ ਖ਼ਤਰਾ ਸਨ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਹਿਜ਼ਬੁੱਲ੍ਹਾ ਤੇ ਹਮਾਸ ਦੀ ਹਮਾਇਤ ਕਰਨ ਵਾਲੇ ਇਰਾਨ ਨੂੰ ਲੰਘੇ ਦਿਨ ਚੇਤਾਵਨੀ ਦਿੱਤੀ ਸੀ ਕਿ 'ਮੱਧ ਪੂਰਬ ਵਿਚ ਕੋਈ ਵੀ ਥਾਂ ਇਜ਼ਰਾਈਲ ਦੀ ਪਹੁੰਚ ਤੋਂ ਬਾਹਰ ਨਹੀਂ ਹੈ।'' ਨੇਤਨਯਾਹੂ ਨੇ ਇਹ ਦਾਅਵਾ ਅਜਿਹੇ ਮੌਕੇ ਕੀਤਾ ਸੀ ਜਦੋਂ ਪਿਛਲੇ ਦਿਨੀਂ ਦੱਖਣੀ ਬੈਰੂਤ 'ਤੇ ਕੀਤੇ ਹਵਾਈ ਹਮਲੇ ਵਿਚ ਹਿਜ਼ਬੁੱਲ੍ਹਾ ਮੁਖੀ ਹਸਨ ਨਸਰੱਲ੍ਹਾ ਮਾਰਿਆ ਗਿਆ ਸੀ। ਹਿਜ਼ਬੁੱਲ੍ਹਾ ਦੇ ਕਾਰਜਕਾਰੀ ਆਗੂ ਨਈਮ ਕਾਸਿਮ ਨੇ ਹਾਲਾਂਕਿ ਲੜਾਈ ਜਾਰੀ ਰੱਖਣ ਦਾ ਵਾਅਦਾ ਕੀਤਾ ਸੀ।

ਇਜ਼ਰਾਇਲੀ ਫੌਜ ਨੇ ਕਿਹਾ ਕਿ ਉਸ ਦੇ ਸੁਰੱਖਿਆ ਬਲਾਂ ਨੇ ਅੱਧੀ ਰਾਤ ਨੂੰ ਸਰਹੱਦ ਪਾਰ ਕਰਕੇ ਹਿਜ਼ਬੁੱਲ੍ਹਾ ਦੇ ਟਿਕਾਣਿਆਂ 'ਤੇ ਧਾਵਾ ਬੋਲਿਆ। ਉਂਝ ਇਸ ਜ਼ਮੀਨੀ ਹਮਲੇ ਦੌਰਾਨ ਇਜ਼ਰਾਇਲੀ ਫੌਜਾਂ ਤੇ ਹਿਜ਼ਬੁੱਲ੍ਹਾ ਲੜਾਕਿਆਂ ਦਰਮਿਆਨ ਟਕਰਾਅ ਦੀਆਂ ਫੌਰੀ ਕੋਈ ਰਿਪੋਰਟਾਂ ਨਹੀਂ ਹਨ। ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਮੰਗਲਵਾਰ ਨੂੰ ਜਾਰੀ ਵੀਡੀਓ ਬਿਆਨ ਵਿਚ ਕਿਹਾ ਕਿ ਸਲਾਮਤੀ ਦਸਤੇ ਹਿਜ਼ਬੁੱਲ੍ਹਾ ਖਿਲਾਫ਼ ਕਾਰਵਾਈ ਕਰ ਰਹੇ ਹਨ ਤਾਂ ਕਿ ਉੱਤਰ ਵਿਚ ਇਜ਼ਰਾਇਲੀ ਨਾਗਰਿਕ ਆਪਣੇ ਘਰਾਂ 'ਚ ਸੁਰੱਖਿਅਤ ਵਾਪਸੀ ਕਰ ਸਕਣ। ਹਗਾਰੀ ਨੇ ਕਿਹਾ ਕਿ ਯੂਐੱਨ ਸੁਰੱਖਿਆ ਕੌਂਸਲ ਦੇ ਜਿਸ ਮਤੇ ਨਾਲ 2006 ਵਿਚ ਪਿਛਲੀ ਇਜ਼ਰਾਈਲ-ਹਿਜ਼ਬੁੱਲ੍ਹਾ ਜੰਗ ਰੁਕੀ ਸੀ, ਉਹ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ।

## ਈਰਾਨ ਨੇ ਇਜ਼ਰਾਈਲ 'ਤੇ 30 ਮਿੰਟਾਂ 'ਚ ਦਾਗ਼ੀਆਂ 180 ਤੋਂ ਵੱਧ ਮਿਜ਼ਾਈਲਾਂ





ਯੇਰੂਸ਼ਲਮ/ਏ.ਟੀ. ਨਿਊਜ਼:- : ਈਰਾਨ ਦੇ ਹਮਲੇ ਨੇ 'ਮਹਾਨ ਜੰਗ' ਦਾ ਅਲਾਰਮ ਵਜਾ ਦਿੱਤਾ ਹੈ। ਈਰਾਨ ਨੇ ਬੀਤੀ ਰਾਤ 30 ਮਿੰਟ ਤੱਕ ਮਿਜ਼ਾਈਲਾਂ ਦੀ ਵਰਖਾ ਕੀਤੀ। ਅਪ੍ਰੈਲ ਤੋਂ ਬਾਅਦ ਇਹ ਈਰਾਨ ਦਾ ਸਭ ਤੋਂ ਵੱਡਾ ਹਮਲਾ ਹੈ। ਇਜ਼ਰਾਈਲ 'ਤੇ 30 ਮਿੰਟਾਂ 'ਚ 181 ਮਿਜ਼ਾਈਲਾਂ ਦਾਗੀਆਂ ਗਈਆਂ। ਇਜ਼ਰਾਈਲੀ ਏਅਰਬੇਸ ਨਿਸ਼ਾਨਾ ਸਨ, ਪਰ ਇਜ਼ਰਾਈਲ ਦੇ ਆਇਰਨ ਡੋਮ ਨੇ ਉਨ੍ਹਾਂ ਸਾਰਿਆਂ ਨੂੰ ਨਾਕਾਮ ਕਰ ਦਿੱਤਾ।

ਈਰਾਨ ਨੇ ਕਰੀਬ 2000 ਕਿਲੋਮੀਟਰ ਤੱਕ ਮਿਜ਼ਾਈਲਾਂ ਦਾਗੀਆਂ। ਈਰਾਨ ਪ੍ਰਮਾਣੂ ਹਥਿਆਰਾਂ ਨਾਲ ਲੈਸ ਹੈ, ਇਸ ਲਈ ਵੱਡੀ ਜੰਗ ਦਾ ਖ਼ਤਰਾ ਹੈ। ਈਰਾਨੀ ਹਮਲੇ ਤੋਂ ਬਾਅਦ ਉੱਥੇ ਦੇ ਲੋਕ ਜਸ਼ਨ ਵਿੱਚ ਡੁੱਬ ਗਏ। ਲੋਕ ਰਾਤ ਭਰ ਸੜਕਾਂ 'ਤੇ ਘੁੰਮਦੇ ਰਹੇ, ਆਤਿਸ਼ਬਾਜ਼ੀ ਚਲਾਉਂਦੇ ਰਹੇ। ਈਰਾਨ ਨੇ ਆਪਣੇ ਸ਼ਿਰਾਜ਼ ਮਿਜ਼ਾਈਲ ਬੇਸ ਤੋਂ ਇਜ਼ਰਾਈਲ ਦੇ ਤਿੰਨ ਹਵਾਈ ਸੈਨਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਬੈਲਿਸਟਿਕ ਮਿਜ਼ਾਈਲਾਂ ਨੇ 1700 ਕਿਲੋਮੀਟਰ ਤੋਂ ਵੱਧ ਦੀ ਦੂਰੀ ਨੂੰ ਕਵਰ ਕੀਤਾ ਅਤੇ ਇਜ਼ਰਾਈਲ ਦੇ ਨੇਵਾਤਿਮ, ਹਾਟਜ਼ਰੀਮ ਅਤੇ ਤੇਲ ਨੋਫ ਨੂੰ ਨਿਸ਼ਾਨਾ ਬਣਾਇਆ।



# ਸ੍ਰੀ ਅਕਾਲ ਤਖ਼ਤ ਸਾਹਿਬ ਇੱਕ ਇਮਾਰਤ ਨਹੀਂ ਸਗੋਂ ਇੱਕ ਸਿਧਾਂਤ ਹੈ

## ਜਥੇਦਾਰ ਵੱਲੋਂ ਬੀਬੀ ਜਗੀਰ ਕੌਰ ਨੂੰ ਭੇਜੇ ਨੋਟਿਸ ਨੇ ਸਿੱਖ ਹਲਕਿਆਂ 'ਚ ਛੇੜੀ ਚਰਚਾ



ਲੰਘੇ ਦਿਨਾਂ ਵਿੱਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਬੀਬੀ ਜਗੀਰ ਕੌਰ ਨੂੰ ਇੱਕ ਨੋਟਿਸ ਭੇਜਿਆ। ਨੋਟਿਸ ਵਿੱਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਝ ਸਵਾਲ ਚੁੱਕਦੇ ਚੁੱਕਦੇ ਆਪ ਹੀ ਸਵਾਲਾਂ ਦੇ ਘੇਰੇ ਵਿੱਚ ਆ ਗਏ ਨੇ। ਨੋਟਿਸ ਦੇ ਵਿੱਚ ਰੋਮਾਂ ਦੀ ਬੇਅਦਬੀ, ਤੇ ਉਹਨਾਂ ਦੀ ਧੀ ਦੀ ਮੌਤ ਬਾਰੇ ਸਪੱਸ਼ਟੀਕਰਨ ਮੰਗਿਐ। ਬੀਬੀ ਜਗੀਰ ਕੌਰ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਅੱਜ ਆਪਣਾ ਸਪੱਸ਼ਟੀਕਰਨ ਦਿੱਤਾ ਤੇ ਕਿਹਾ- ਮੇਰੇ ਖਿਲਾਫ਼ ਦਿੱਤੀ ਸ਼ਿਕਾਇਤ ਝੂਠੀ ਹੈ।ਹੈਰਾਨੀ ਦੀ ਗੱਲ ਇਹ ਹੈ ਕਿ ਬੀਬੀ ਜਗੀਰ ਕੌਰ ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬਣਦੀ ਹੈ, ਫੇਰ ਉਹ ਤਿੰਨ ਵਾਰ ਚੋਣ ਵੀ ਲੜਦੀ ਹੈ, ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਸਾਲ 2019 ਦੇ ਵਿੱਚ ਲੋਕ ਸਭਾ ਦੀ ਚੋਣ ਲੜਦੀ ਹੈ ਤੇ ਅਗਲੇ ਸਾਲ ਉਸ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਜਾਂਦਾ ਹੈ। ਸੁਖਬੀਰ ਬਾਦਲ ਤੇ ਹਰਜਿੰਦਰ ਸਿੰਘ ਧਾਮੀ ਦੇ ਨਾਲ ਸਟੇਜਾਂ ਵੀ ਸਾਂਝੀਆਂ ਕੀਤੀਆਂ ਨੇ। ਏਨੇ ਸਾਲਾਂ ਦੇ ਵਿੱਚ ਅਸੀਂ ਬੀਬੀ ਨੂੰ ਉਸੇ ਰੂਪ ਵਿੱਚ ਹੀ ਵੇਖਿਆ ਹੈ। ਸਵਾਲ ਇਹ ਹੈ ਕਿ ਸਾਡੀ ਕੌਮ ਦੇ ਜਥੇਦਾਰ ਸਾਹਿਬਾਨ ਨੂੰ ਇਹ ਗੱਲਾਂ 'ਤੇ ਹੁਣ ਗੌਰ ਹੋਈ ਹੈ ? ਤੇ ਹੈਰਾਨੀ ਦੀ ਗੱਲ ਇਹ ਵੀ ਹੈ ਕਿ ਜਿਸ ਬੰਦੇ ਨੇ ਸ਼ਿਕਾਇਤ ਕੀਤੀ ਹੈ, ਉਸ ਦਾ ਨਾਮ ਨਸ਼ਰ ਨਹੀਂ ਕੀਤਾ ਗਿਆ। ਹਾਲਾਂਕਿ ਸਿਆਸੀ ਆਗੂ ਭਾਈ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਇਹ ਨਾਰੀ ਦਾ ਅਪਮਾਨ ਹੈ। ਗੱਲ ਵੀ ਠੀਕ ਹੈ ਰਾਜਨੀਤੀ ਕਰੋ ਪਰ ਕਿਸੇ ਢੰਗ ਦੀ। ਇਹ ਨਹੀਂ ਕਿ ਹੋਰ ਮੁੱਦਿਆਂ 'ਤੇ ਪਰਦਾ ਪਾਉਣ ਦੇ ਲਈ ਤੁਸੀਂ ਕੋਈ ਨਵਾਂ ਮੁੱਦਾ ਛੇੜ ਬੈਠੋ। ਸੁਖਬੀਰ ਬਾਦਲ ਨੂੰ ਤਨਖ਼ਾਹੀਆਂ ਐਲਾਨਣ ਤੋਂ ਬਾਅਦ ਇਹ ਮਾਮਲਾ ਕਿਉਂ ਉੱਠਿਆ ? ਸਿੱਖ ਚਿੰਤਕ ਤਾਂ ਇਹ ਵੀ ਕਹਿੰਦੇ ਨੇ ਕਿ ਐਸ.ਜੀ.ਪੀ.ਸੀ. ਦੀਆਂ ਚੋਣਾਂ ਡਰਾਉਣ ਲੱਗ ਪਈਆਂ ਨੇ। ਬੀਬੀ ਜਗੀਰ ਕੌਰ ਦੀ ਛਵੀ ਬੜੀ ਧੜੱਲੇਦਾਰ ਹੈ ਤੇ ਸਿਆਸੀ ਤੌਰ 'ਤੇ ਉਸ ਦੀ ਪਕੜ ਵੀ ਕਾਫ਼ੀ ਮਜ਼ਬੂਤ ਹੈ। ਕਿਤੇ ਨਾ ਕਿਤੇ ਡਰ ਵੀ ਹੈ ਕਿ ਏਸ ਸ਼ਖ਼ਸੀਅਤ ਦਾ ਚੋਣਾਂ 'ਤੇ ਪ੍ਰਭਾਵ ਜ਼ਰੂਰ ਪਵੇਗਾ। ਕੀ ਖ਼ੌਫ਼ ਬਣਾਉਣ ਦੇ ਲਈ ਬੀਬੀ ਜਗੀਰ ਕੌਰ 'ਤੇ ਐਸ.ਜੀ.ਪੀ.ਸੀ. ਦੀਆਂ ਚੋਣਾਂ ਤੋਂ ਪਹਿਲਾਂ ਇਹ ਪੈਂਤੜਾ ਉਲੀਕਿਆ ਗਿਆ ? ਵੈਸੇ ਬੀਬੀ ਨੂੰ ਸੱਤ ਦਿਨ ਦੇ ਅੰਦਰ ਜਵਾਬ ਦੇਣ ਦੇ ਲਈ ਕਿਹਾ ਗਿਆ ਹੈ। ਉਹਨਾਂ ਦਾ ਸਪਸ਼ਟੀਕਰਨ ਕੀ ਹੋਵੇਗਾ ? ਇਹ ਹਾਲੇ ਪਤਾ ਨਹੀਂ। ਸਵਾਲ ਤਾਂ ਇਹ ਵੀ ਹੈ ਕਿ ਕੀ ਹੁਣ ਨਿੱਜੀ ਜ਼ਿੰਦਗੀ ਦੇ ਫ਼ੈਸਲੇ ਵੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਰਿਆ ਕਰਨਗੇ ? ਉਹ ਵੀ ਉਹਨਾਂ ਮਸਲਿਆਂ 'ਤੇ, ਜਿਹੜੇ ਮਸਲੇ ਹਾਈਕੋਰਟ ਦੇ ਵਿੱਚ ਨਿੱਬੜ ਗਏ ਹੋਣ। ਇਸ ਵਿੱਚ ਵੀ ਕੋਈ ਦੋ ਰਾਇ ਨਹੀਂ ਕਿ ਜਿਸ ਵੇਲੇ ਕੋਈ ਸ਼ਖ਼ਸੀਅਤ ਪਬਲਿਕ ਫ਼ਿਗਰ ਬਣ ਜਾਂਦੀ ਹੈ ਤਾਂ ਉਸ ਦੀ ਨਿੱਜੀ ਜ਼ਿੰਦਗੀ ਦਾ ਜਨਤਾ 'ਤੇ ਪ੍ਰਭਾਵ ਪੈਂਦਾ ਹੈ। ਪਰ ਪ੍ਰਭਾਵ ਪਾਉਣ ਦਾ ਕੋਈ ਵੇਲਾ ਵੀ ਤਾਂ ਹੋਵੇ। ਵੈਸੇ ਸਾਡੇ ਸੱਭਿਆਚਾਰ ਦੇ ਵਿੱਚ ਬੇਗਾਨੀ ਧੀ ਨੂੰ ਵੀ ਆਪਣਾ ਸਮਝਿਆ ਜਾਂਦਾ ਹੈ, ਪਰ ਕੀ ਕੁੜੀਮਾਰ ਲਫ਼ਜ਼ ਵਰਤਣ ਵਾਲੇ ਇਸ ਸਮਾਜ ਦਾ ਹਿਸਾ ਨਹੀਂ ? ਕੁੜੀਮਾਰ ਲਫ਼ਜ਼ ਉਦੋਂ ਵਰਤਿਆ ਜਾਂਦਾ ਹੈ ਜਦੋਂ ਜੰਮਦੀ ਧੀ ਨੂੰ ਮਾਰ ਦਿੱਤਾ ਜਾਵੇ ਤੇ ਫੇਰ ਇਹ ਭੱਦੀ ਸ਼ਬਦਾਵਲੀ ਕਿਉਂ ? ਕਿਸੇ ਸਮੇਂ ਬੀਬੀ ਜਗੀਰ ਕੌਰ ਅਕਾਲੀ ਪਾਰਟੀ ਦੀ ਲੋੜ ਸੀ ਤੇ ਪਾਰਟੀ ਦੇ ਹਾਲਾਤ ਵੇਖ ਕੇ ਲੱਗਦਾ ਹੈ ਕਿ ਹੁਣ ਵੀ ਲੋੜ ਹੈ। ਕੀ ਜਥੇਦਾਰ ਇਹ ਸੋਚ ਰਹੇ ਨੇ ਕਿ ਸੁਖਬੀਰ ਬਾਦਲ ਨੂੰ ਬਚਾਉਣਾ ਕਿਵੇਂ ਹੈ ? ਇਹਨਾਂ ਦੀ ਆਪਸੀ ਫ਼ੁੱਟ ਖ਼ਤਮ ਕਿਵੇਂ ਕਰਨੀ ਹੈ। ਕਿਧਰੇ ਦਬਾਅ ਤਾਂ ਨਹੀਂ ਬਣਾ ਰਹੇ ਕਿ ਸਾਰੇ ਵਾਪਸ ਅਕਾਲੀ ਦਲ ਵਿੱਚ ਆ ਜਾਣ। ਛੋਟਾ ਮੂੰਹ ਤੇ ਵੱਡੀ ਗੱਲ ਹੈ ਪਰ ਕੌਮ ਆਸ ਰੱਖਦੀ ਹੈ ਕਿ ਜਥੇਦਾਰ ਸਾਹਿਬਾਨ ਕੌਮ ਲਈ ਕੋਈ ਚੰਗਾ ਫ਼ੈਸਲਾ ਕਰਨਗੇ। ਅਕਾਲ ਤਖ਼ਤ 'ਤੇ ਤਾਂ ਅੰਤਾਂ ਦੇ ਮੁੱਦੇ ਪਏ ਨੇ ਤੇ ਪੰਥ ਫ਼ੈਸਲੇ ਦਾ ਇੰਤਜ਼ਾਰ ਕਰਦਾ ਕਰਦਾ ਥੱਕ ਗਿਆ ਹੈ, ਉਹ ਕਿਉਂ ਨਹੀਂ ਹੱਲ ਹੋ ਰਹੇ ? ਬੀਬੀ ਜਗੀਰ ਕੌਰ ਵਾਲਾ ਐਡਾ ਵੱਡਾ ਪੰਥਕ ਤੇ ਕੌਮੀ ਮੁੱਦਾ ਕਿਉਂ ਬਣਾਇਆ ਗਿਆ ਕਿ ਨੋਟਿਸ ਘੱਲਣਾ ਪਿਆ ? ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ , ਜਥੇਦਾਰ ਸਾਹਿਬਾਨ ਦੀ ਸ਼ਕਤੀ, ਅਧਿਕਾਰ ਤੇ ਸੇਵਾ ਭਾਵਨਾ ਦੇ ਉੱਤੇ ਫਿਰ ਸਵਾਲ ਉਠ ਰਹੇ ਨੇ। ਇਹ ਮੁੱਦੇ ਬਣ ਰਹੇ ਨੇ ਕਿ ਸਿੱਖਾਂ ਦੀ ਪਾਰਲੀਮੈਂਟ ਵਿੱਚ ਸਿੱਖ ਸੰਸਥਾਵਾਂ ਕਿਵੇਂ ਸ਼ਕਤੀਸ਼ਾਲੀ ਬਣਾਈਆਂ ਜਾਣ, ਇਹ ਵਿਚਾਰ ਚਰਚਾ ਹੋਣੀ ਚਾਹੀਦੀ ਹੈ। ਸਿੱਖ ਸੰਸਥਾਵਾਂ ਕਿਉਂ ਕਮਜ਼ੋਰ ਹੋ ਰਹੀਆਂ ਨੇ ? ਸੁਹਿਰਦ ਵਿਦਵਾਨਾਂ ਦੇ ਨਾਲ ਬੈਠ ਕੇ ਫ਼ੈਸਲੇ ਲੈਣੇ ਚਾਹੀਦੇ ਹਨ। ਅਕਾਲ ਤਖ਼ਤ ਇੱਕ ਬਿਲਡਿੰਗ ਨਹੀਂ ਸਗੋਂ ਸਿਧਾਂਤ ਹੈ। ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਜੇ ਤਖ਼ਤ ਦੀ ਅਗਵਾਈ ਕਰਨੀ ਹੈ ਤਾਂ ਫ਼ੈਸਲੇ ਵੀ ਉਸੇ ਕੱਦ ਬੁੱਤ ਤੇ ਮਰਿਆਦਾ ਵਾਲੇ ਹੋਣੇ ਚਾਹੀਦੇ ਹਨ। ਇਸ ਉੱਚੀ ਤੇ ਸੁੱਚੀ ਸੰਸਥਾ 'ਤੇ ਬੈਠ ਕੇ ਕੁਝ ਨਵੀਆਂ ਪਿਰਤਾਂ ਪਾਉਣੀਆਂ ਚਾਹੀਦੀਆਂ ਹਨ। ਰਾਜਨੀਤਿਕ ਖੇਡ ਵਿੱਚ ਧਰਮ ਨੂੰ ਵਰਤ ਕੇ ਬਿਰਤਾਂਤ ਸਿਰਜਣਾ ਪੰਥ ਦੀਆਂ ਕਦਰਾਂ ਕੀਮਤਾਂ 'ਤੇ ਖਰ੍ਹਾ ਉਤਰਨ ਵਾਲੀ ਗੱਲ ਨਹੀਂ।

# ਨਿਊਯਾਰਕ ਦੇ ਮੇਅਰ ਵਿਰੁੱਧ ਰਿਸ਼ਵਤਖੋਰੀ ਤੇ ਧੋਖੇਬਾਜ਼ੀ ਸਮੇਤ ਹੋਰ ਦੋਸ਼ ਆਇਦ



ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਵਿਰੁੱਧ ਸੰਘੀ ਰਿਸ਼ਵਤਖੋਰੀ, ਧੋਖੇਬਾਜ਼ੀ ਤੇ ਫ਼ੰਡ ਇਕੱਠਾ ਕਰਨ ਲਈ ਗ਼ੈਰ ਕਾਨੂੰਨੀ ਮੁਹਿੰਮ ਚਲਾਉਣ ਸਮੇਤ ਹੋਰ ਕਈ ਦੋਸ਼ ਆਇਦ ਕੀਤੇ ਗਏ ਹਨ। ਸ਼ਹਿਰ ਦਾ ਐਡਮਜ਼ ਪਹਿਲਾ ਮੇਅਰ ਹੈ ਜਿਸ ਵਿਰੁੱਧ ਅਹੁਦੇ 'ਤੇ ਰਹਿੰਦਿਆਂ ਅਪਰਾਧਕ ਦੋਸ਼ ਆਇਦ ਕੀਤੇ ਗਏ ਹਨ। ਜਨਤਿਕ ਕੀਤੇ ਗਏ 57 ਸਫ਼ਿਆਂ ਦੇ ਦੋਸ਼ ਪੱਤਰ ਅਨੁਸਾਰ ਐਡਮਜ਼ ਤੁਰਕਿਸ਼ ਸਰਕਾਰ ਦਾ ਏਜੰਟ ਸੀ ਤੇ ਉਸ ਨੇ ਫ਼ੰਡ ਜੁਟਾਉਣ ਲਈ ਗ਼ੈਰ ਕਾਨੂੰਨੀ ਮੁਹਿੰਮ ਚਲਾਈ ਤੇ ਵਿਸ਼ਵ ਭਰ ਵਿੱਚ ਮੁਫ਼ਤ ਘੁੰਮਿਆ।

ਯੂ. ਐਸ. ਅਟਾਰਨੀ ਡਮੀਅਨ ਵਿਲੀਅਮਜ਼ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਐਡਮਜ਼ ਨੇ ਰਿਸ਼ਵਤ ਲੈਣ ਲਈ ਸ਼ਹਿਰ ਦੇ ਸਭ ਤੋਂ ਉੱਚੇ ਚੁਣੇ ਹੋਏ ਅਹੁਦੇ ਦੀ ਦੁਰਵਰਤੋਂ ਕੀਤੀ। ਦੋਸ਼ ਪੱਤਰ ਅਨੁਸਾਰ ਐਡਮਜ਼ ਨੇ ਸ਼ਹਿਰ ਦੀ ਜਨਤਿਕ ਮੁਹਿੰਮ ਵਿੱਤੀ ਪ੍ਰੋਗਰਾਮ ਤਹਿਤ 10 ਮਿਲੀਅਨ ਡਾਲਰ ਦੀ ਦੁਰਵਰਤੋਂ ਕੀਤੀ ਤੇ ਉਸ ਨੇ ਫ਼ਰਾਂਸ, ਚੀਨ, ਸ੍ਰੀਲੰਕਾ, ਭਾਰਤ, ਹੰਗਰੀ ਤੇ ਤੁਰਕੀ ਦੇ ਮੁਫ਼ਤ ਦੌਰਿਆਂ ਲਈ ਇੱਕ ਲੱਖ ਡਾਲਰ ਲਏ। ਦੋਸ਼ ਪੱਤਰ ਅਨੁਸਾਰ ਜਿਉਂ ਹੀ ਐਡਮਜ਼ ਦੀ ਪ੍ਰਸਿੱਧੀ ਤੇ ਤਾਕਤ ਵਧੀ ਤਾਂ ਉਸ ਦੇ ਵਿਦੇਸ਼ੀ ਮੱਦਦਗਾਰਾਂ ਨੇ ਉਸ ਨਾਲ ਆਪਣੇ ਭ੍ਰਿਸ਼ਟ ਸੰਬਧਾਂ ਕਾਰਨ ਪੈਸੇ ਦੀ ਮੰਗ ਕੀਤੀ। ਐਡਮਜ਼ ਗ਼ੈਰ ਕਾਨੂੰਨੀ ਲਾਭਾਂ ਦੇ ਬਦਲੇ ਉਨ੍ਹਾਂ ਨਾਲ ਅਨੁਕੂਲ ਵਿਵਹਾਰ ਕਰਨ ਲਈ ਸਹਿਮਤ ਹੋਇਆ। ਇਸੇ ਦੌਰਾਨ ਮੇਅਰ ਉੱਪਰ ਅਸਤੀਫ਼ਾ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ ਪਰੰਤੂ ਮੇਅਰ, ਜੋ ਸਾਬਕਾ ਪੁਲਿਸ ਕੈਪਟਨ ਹੈ, ਚੁਣੌਤੀ ਨੂੰ ਸਵੀਕਾਰ ਕਰਨ ਲਈ ਅਟੱਲ ਹੈ ਤੇ ਉਹ ਅਸਤੀਫ਼ਾ ਨਾ ਦੇਣ 'ਤੇ ਅੜਿਆ ਹੋਇਆ ਹੈ। ਐਡਮਜ਼ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਪਿਛਲੇ 10 ਮਹੀਨਿਆਂ ਦੌਰਾਨ ਜੋ ਟੀਕਾ ਟਿੱਪਣੀ ਹੋਈ ਹੈ ਉਸ ਨਾਲ ਮੈਨੂੰ ਕੋਈ ਹੈਰਾਨੀ ਨਹੀਂ ਹੋਈ।

(ਬਾਕੀ ਸਫ਼ਾ 31 'ਤੇ)

# ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੇ ਮੇਲੇ ਦੌਰਾਨ ਗਦਰੀ ਬਾਬਿਆਂ ਦੀ ਮਜ਼ਾਰ 'ਤੇ ਫ਼ੁੱਲ ਮਾਲਾਂ ਅਰਪਿਤ ਕੀਤੀਆਂ

ਸੈਕਰਾਮੈਂਟੋ (ਕੈਲੀਫ਼ੋਰਨੀਆ)/ ਹੁਸਨ ਲੜੋਆ ਬੰਗਾ: ਇੰਡੋ ਅਮਰੀਕਨ ਕਲਚਰ ਆਰਗਨਾਈਜੇਸ਼ਨ ਕੈਲੀਫ਼ੋਰਨੀਆ ਵੱਲੋਂ ਸੈਕਰਾਮੈਂਟੋ ਵਿੱਚ ਗਦਰੀ ਬਾਬਿਆਂ ਨੂੰ ਸਮਰਪਿਤ ਮੇਲੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਗਦਰੀ ਬਾਬਿਆਂ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਵੱਖ ਵੱਖ ਸੱਭਿਆਚਾਰਕ ਗੀਤ ਸੰਗੀਤ ਤੇ ਦੇਸ਼ ਭਗਤੀ ਦੇ ਪ੍ਰੋਗਰਾਮ ਦੇਖਣ ਨੂੰ ਮਿਲੇ ਐਤਕਾਂ ਇਹ ਮੇਲਾ ਅਬਦੁੱਲ ਨਾਹਲਬੰਦ ਬੂਟਾ ਸਿੰਘ ਕਸੇਲ, ਭਗਤ ਸਿੰਘ ਰੂੜੀਵਾਲ, ਇੰਦਰ ਸਿੰਘ ਸਾਹਿਬਾਜਪੁਰ, ਹਰੀ ਸਿੰਘ ਢੋਟੀਆਂ ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਪ੍ਰੋਗਰਾਮ ਦਾ ਆਯੋਜਨ ਸਟੋਕਟਨ ਬੁੱਲੇਵਾਡ ਤੇ ਸਥਿਤ ਐਸ. ਸੀ.ਐਸ. ਹਾਲ ਵਿੱਚ ਕੀਤਾ ਗਿਆ। ਇਸ ਪ੍ਰੋਗਰਾਮ ਦੀ ਮੁਫ਼ਤ ਐਂਟਰੀ ਦੇ ਨਾਲ ਨਾਲ ਲੰਗਰ ਦੀ ਸੁਵਿਧਾ ਵੀ ਕੀਤੀ ਗਈ ਸੀ। ਗੀਤ ਸੰਗੀਤ ਦੌਰਾਨ ਮਨਜੀਤ ਸਿੰਘ ਰੂਪੋਵਾਲੀਆ ਨੇ ਦੇਸ਼ ਭਗਤੀ ਦੇ ਗੀਤਾਂ ਦੇ ਨਾਲ ਨਾਲ ਸੱਭਿਆਚਾਰਕ ਗੀਤ ਗਾ ਕੇ ਲੋਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸ਼ਹੀਦਾਂ ਦੇਸ਼ ਭਗਤਾਂ ਤੇ ਗਦਰੀ ਬਾਬਿਆਂ ਦੀਆਂ ਜੀਵਨੀਆਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਇਹਨਾਂ ਬੁਲਾਰਿਆਂ ਵਿੱਚ ਕਸ਼ਮੀਰ ਸਿੰਘ ਕਾਂਗਣਾ, ਸੁਰਿੰਦਰ ਸਿੰਘ ਬਿੰਦਰਾ, ਗਿਆਨ ਸਿੰਘ ਬਿਲਗਾ ਡਾਕਟਰ ਸਵੈਮਾਨ ਸਿੰਘ ਦੇ ਪਿਤਾ ਜਸਵਿੰਦਰ ਪਾਲ ਸਿੰਘ ਉਹਨਾਂ ਦੀ ਮਾਤਾ ਸੁਰਿੰਦਰ ਕੌਰ ਤੇ ਉਹਨਾਂ ਦੇ ਭਰਾ ਸੰਗਰਾਮ ਸਿੰਘ ਨੇ ਆਪਣੇ ਆਪਣੇ ਵਿਚਾਰ ਰੱਖੇ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਥਾਨਕ ਢਾਡੀ ਗੁਰਨਾਮ ਸਿੰਘ ਭੰਡਾਲ ਦੇ ਜੱਥੇ ਨੇ ਢਾਡੀ ਵਾਰਾਂ ਰਾਹੀਂ ਸ਼ਹੀਦਾਂ ਦੀਆਂ ਵਾਰਾਂ ਗਾਈਆਂ। ਇਸ ਤੋਂ ਇਲਾਵਾ ਬੱਚਿਆਂ ਤੇ ਬੀਬੀਆਂ ਤੇ ਨੌਜਵਾਨਾਂ ਨੇ ਗਿੱਧੇ ਭੰਗੜੇ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ, ਇਸ ਤੋਂ ਇਲਾਵਾ ਪੰਮੀ ਮਾਨ, ਰਾਜ ਬਰਾੜ, ਸ਼ੇਰ ਗਿੱਲ ਤੇ ਪੂਨਮ ਕੌੜਾ ਨੇ ਸਟੇਜ ਤੋਂ ਗੀਤ ਸੁਣਾਏ। ਇਸ ਪ੍ਰੋਗਰਾਮ ਤੋਂ ਪਹਿਲਾਂ ਪ੍ਰੋਫ਼ੈਸਰ ਮੌਲਵੀ ਬਰਕਤਉੱਲਾ ਜੋ ਕਿ ਉਸ ਵੇਲੇ ਅਫ਼ਗਾਨਿਸਤਾਨ ਵਿੱਚ ਗਦਰ ਪਾਰਟੀ ਦੇ ਮੀਤ ਪ੍ਰਧਾਨ ਸਨ,ਦੀ ਮਜ਼ਾਰ ਤੇ ਜੋ ਕਿ ਡਾਊਨ ਟਾਊਨ ਸੈਕਰਾਮੈਂਟੋ ਵਿੱਚ ਪੈਂਦੀ ਹੈ ਉੱਥੇ ਜਾ ਕੇ ਪ੍ਰਬੰਧਕਾਂ ਵੱਲੋਂ ਫ਼ੁੱਲ ਮਾਲਾ ਅਰਪਤ ਕੀਤੀਆਂ ਤੇ ਤੇ ਝੰਡੇ ਚੜ੍ਹਾਉਣ ਦੀ ਰਸਮ ਤੇ ਗਿਆਨ ਸਿੰਘ ਬਿਲਗਾ, ਪਾਲ ਬਿੰਦਰਾ, ਬਲਵੰਤ ਬਾਂਕਾ ਤੇ ਹੋਰ ਪ੍ਰਬੰਧਕਾਂ ਨੇ ਕੀਤੀ।




# ਲਾਈਵ ਓਕ (ਯੂਬਾ ਸਿਟੀ) ਦੀਆਂ ਤੀਆਂ 'ਚ ਹੋਇਆ ਰਿਕਾਰਡ ਤੋੜ ਇਕੱਠ

## ਗੁਰਨਾਮ ਭੁੱਲਰ ਨੇ ਗੀਤਾਂ ਦੀ ਲਾਈ ਛਹਿਬਰ



ਸੈਕਰਾਮੈਂਟੋ/ ਹੁਸਨ ਲੜੋਆ ਬੰਗਾ: ਪੰਜਾਬੀ ਹੈਰੀਟੇਜ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਤੀਆਂ ਕਰਵਾਈਆਂ ਗਈਆਂ, ਜਿਸ ਵਿੱਚ ਬੀਬੀਆਂ ਦੇ ਰਿਕਾਰਡ ਤੋੜ ਇਕੱਠ ਨੇ ਪ੍ਰਬੰਧਕਾਂ ਦੇ ਹੌਸਲੇ ਬੁਲੰਦ ਕੀਤੇ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬੀ ਗਾਇਕ ਗੁਰਨਾਮ ਭੁੱਲਰ ਨੇ ਆਪਣੇ ਗੀਤਾਂ ਰਾਹੀਂ ਬੀਬੀਆਂ ਨੂੰ ਨਚਾਇਆ ਤੇ ਬੀਬੀਆਂ ਦਾ ਭਰਪੂਰ ਮਨੋਰੰਜਨ ਕੀਤਾ। ਇਹ ਤੀਆਂ ਦਾ ਪ੍ਰੋਗਰਾਮ ਦੁਪਹਿਰ ਤੋਂ ਲੈ ਕੇ ਸ਼ਾਮ ਤੱਕ ਚਲਿਆ। ਭਾਵੇਂ ਕਿ ਇਸ ਪ੍ਰੋਗਰਾਮ ਨੂੰ ਵੱਖ-ਵੱਖ ਬਿਜਨਸਮੈਨਾਂ ਵੱਲੋਂ ਸਪੌਂਸਰ ਕੀਤਾ ਗਿਆ ਸੀ ਪਰ ਇਸ ਦੇ ਮੁੱਖ ਪ੍ਰਬੰਧਕ ਜਸਮਿੰਦਰ ਮੱਟੂ ਨੇ ਆਈਆਂ ਸਾਰੀਆਂ ਬੀਬੀਆਂ ਦਾ ਤੇ ਕਲਾਕਾਰ ਗਰੁੱਪਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਸਟੇਜ ਦੀ ਸ਼ਾਨ ਬੀਬੀ ਆਸ਼ਾ ਸ਼ਰਮਾ ਤੇ ਹਰਜੀਤ ਉੱਪਲ ਨੇ ਵੱਖ-ਵੱਖ ਕਲਾਕਾਰਾਂ ਤੇ ਵੱਖ- ਵੱਖ ਕਲਾਕਾਰ ਗਰੁੱਪਾਂ ਨੂੰ ਸਟੇਜ 'ਤੇ ਕ੍ਰਮਵਾਰ ਬੁਲਾਇਆ, ਇਹ ਕਲਾਕਾਰ ਗਰੁੱਪ ਜਿਨ੍ਹਾਂ ਵਿੱਚ ਸਕਿੱਟ, ਭੰਗੜਾ, ਗਿੱਧਾ ਆਦਿ ਵੱਖ-ਵੱਖ ਦੂਰੋਂ ਨੇੜਿਓਂ ਸ਼ਾਮਿਲ ਹੋਏ। ਜਿਸ ਹਾਲ ਦੇ ਵਿੱਚ ਤੀਆਂ ਕਰਵਾਈਆਂ ਗਈਆਂ ਉਹ ਬੀਬੀਆਂ ਨਾਲ ਖਚਾ ਖੱਚ ਭਰਿਆ ਹੋਇਆ ਸੀ, ਇਹ ਹੁਣ ਤੱਕ ਲਾਗੇ ਤਾਗੇ ਦੀਆਂ ਲੱਗਣ ਵਾਲੀਆਂ ਤੀਆਂ ਦਾ ਸਭ ਤੋਂ ਵੱਡਾ ਇਕੱਠ ਸੀ। ਇਸ ਮੌਕੇ ਲਾਈਵ ਓਕ ਦੀਆਂ ਬੀਬੀਆਂ ਨੇ ਪੁਰਾਣੇ ਸੁਹਾਗ ਤੇ ਘੋੜੀਆਂ ਗਾ ਕੇ ਪੁਰਾਣੇ ਸਮੇਂ ਨੂੰ ਯਾਦ ਕਰਵਾ ਦਿੱਤਾ। ਮਾਵਾਂ ਧੀਆਂ ਦਾ ਗਿੱਧਾ ਇੱਕ ਵੱਖਰੀ ਕਿਸਮ ਦੀ ਛਾਪ ਛੱਡ ਗਿਆ।

ਇਸ ਮੌਕੇ ਸਿਆਟਲ ਤੋਂ ਟਿਕਟੌਕਰ ਪੁਸ਼ਪਾ ਰਾਣੀ ਤੇ ਟਿਕਟੌਕਰ ਰੂਬੀ ਬਾਸੀ ਨੂੰ ਸਨਮਾਨ ਕੀਤਾ ਗਿਆ ਤੇ ਸਪਾਂਸਰਾਂ ਦੀਆਂ ਬੀਬੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਵੱਖ ਵੱਖ ਕੀਮਤੀ ਸੋਨੇ ਦੇ ਗਹਿਣੇ ਵੀ ਰੈਫ਼ਲਾਂ ਰਾਹੀਂ ਕੱਢੇ ਗਏ। ਇਸ ਮੌਕੇ ਤੀਆਂ ਦੇ ਮੇਲੇ ਦੇ ਮੁੱਖ ਪ੍ਰਬੰਧਕ ਬੀਬੀ ਜਸਮਿੰਦਰ ਕੌਰ ਮੱਟੂ ਨੇ ਇਸ ਤੋਂ ਵੀ ਵਧੀਆ ਤੀਆਂ ਦਾ ਇਕੱਠ ਅਗਲੇ ਵਰ੍ਹੇ ਕਰਾਉਣ ਦਾ ਐਲਾਨ ਕੀਤਾ।

# ਸ਼ੇਖ਼ ਫ਼ਰੀਦ ਜੀ ਦਾ ਜਨਮ ਦਿਹਾੜਾ ਮਨਾਇਆ



ਡੇਟਨ/ਯੂ.ਐਸ. ਏ./ਏ.ਟੀ.ਨਿਊਜ਼: ਡੇਟਨ ਯੂਥ ਕਲੱਬ ਵੱਲੋਂ ਚੌਥਾ ਸਾਲਾਨਾ ਸ਼ੇਖ ਫ਼ਰੀਦ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ।

ਗੁਰਦੁਆਰੇ ਦੇ ਗ੍ਰੰਥੀ ਭਾਈ ਹੇਮ ਸਿੰਘ ਤੇ ਭਾਈ ਪ੍ਰੇਮ ਸਿੰਘ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਸ਼ੇਖ ਫ਼ਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਸ਼ੇਖ ਫ਼ਰੀਦ ਜੀ ਦਾ ਜਨਮ 1173 ਈ. ਵਿੱਚ ਸ਼ੇਖ ਜਮਾਲੁਦੀਨ ਸੁਲੇਮਾਨ ਘਰ ਮੁਲਤਾਨ ਨੇੜੇ ਕੋਠੇਵਾਲ ਵਿਖੇ ਹੋਇਆ। ਉਨ੍ਹਾਂ ਦੀ ਮਾਤਾ ਜੀ ਦਾ ਨਾਂ 'ਕਰਸੂਮ ਬੀਬੀ' ਸੀ। ਸ਼ੇਖ ਫ਼ਰੀਦ ਜੀ 92 ਸਾਲ ਦੀ ਉਮਰ ਭੋਗ ਕੇ 1265 ਈ. ਵਿੱਚ ਅਕਾਲ ਚਲਾਣਾ ਕਰ ਗਏ। ਸ਼ੇਖ ਫ਼ਰੀਦ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਸਲੋਕ ਸ਼ੇਖ਼ ਫ਼ਰੀਦ ਦੇ' ਸਿਰਲੇਖ ਹੇਠ 130 ਸਲੋਕ ਦਰਜ ਹਨ ਜਿਨ੍ਹਾਂ ਵਿੱਚ 112 'ਸਲੋਕ' ਸ਼ੇਖ ਫ਼ਰੀਦ ਜੀ ਦੇ ਹਨ ਬਾਕੀ 18 ਗੁਰੂ ਸਾਹਿਬਾਨ ਦੇ ਹਨ। ਇਸ ਤਿੰਨ ਦਿਨਾਂ ਦੇ ਸਮਾਗਮਾਂ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਮਾਗਮ ਦੇ ਅਖ਼ੀਰ ਵਿੱਚ ਬੀਬੀ ਜਤਿੰਦਰ ਕੌਰ ਨੇ ਸੰਗਤ ਦਾ, ਪਾਠੀ ਸਿੰਘਾਂ ਤੇ ਲੰਗਰ ਤਿਆਰ ਕਰਨ ਵਾਲੇ ਮੈਂਬਰਾਨ ਦਾ ਧੰਨਵਾਦ ਕੀਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜੱਜਾਂ ਦੀ ਕਮੀ ਕਾਰਨ ਨਿਆਂ ਸੰਕਟ ਨਾਲ ਜੂਝ ਰਿਹੈ ਪੰਜਾਬ ਤੇ ਹਰਿਆਣਾ ਹਾਈਕੋਰਟ

## 4,33,253 ਕੇਸਾਂ ਦਾ ਬੈਕਲਾਗ, ਪਿਛਲੇ ਸਾਲ ਨਵੰਬਰ ਮਹੀਨੇ ਤੋਂ ਬਾਅਦ ਕੋਈ ਨਵੀਂ ਨਿਯੁਕਤੀ ਨਹੀਂ ਹੋਈ

## 54 ਜੱਜਾਂ ਨਾਲ ਚਲਾਇਆ ਜਾ ਰਿਹਾ ਹੈ ਕੰਮ ਜਦੋਂ ਕਿ ਪ੍ਰਵਾਨਿਤ ਗਿਣਤੀ 85 ਜੱਜਾਂ ਦੀ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਡੇ ਸੰਕਟ ਨਾਲ ਜੂਝ ਰਿਹਾ ਹੈ। ਇਸੇ ਹਫ਼ਤੇ ਇੱਕ ਜੱਜ ਦੀ ਸੇਵਾਮੁਕਤੀ ਹੋਈ ਹੈ ਤੇ ਪਿਛਲੇ ਸਾਲ ਨਵੰਬਰ ਮਹੀਨੇ ਤੋਂ ਬਾਅਦ ਕੋਈ ਨਵੀਂ ਨਿਯੁਕਤੀ ਨਹੀਂ ਹੋਈ। ਅਦਾਲਤ ਪਹਿਲਾਂ ਹੀ 31 ਜੱਜਾਂ ਦੀ ਕਮੀ ਨਾਲ ਜੂਝ ਰਹੀ ਹੈ। ਇਹ ਸਿਰਫ਼ 54 ਜੱਜਾਂ ਨਾਲ ਕੰਮ ਕਰ ਰਿਹਾ ਹੈ ਜਦੋਂ ਕਿ ਪ੍ਰਵਾਨਿਤ ਗਿਣਤੀ 85 ਜੱਜਾਂ ਦੀ ਹੈ।

ਜੱਜਾਂ ਦੀ ਇਸ ਘਾਟ ਕਾਰਨ 4,33,253 ਕੇਸਾਂ ਦਾ ਬੈਕਲਾਗ ਹੋ ਗਿਆ ਹੈ, ਜਿਸ ਵਿੱਚ ਜੀਵਨ ਅਤੇ ਆਜ਼ਾਦੀ ਨਾਲ ਸਬੰਧਿਤ 1,61,362 ਅਪਰਾਧਿਕ ਮਾਮਲੇ ਸ਼ਾਮਲ ਹਨ। ਸਾਰੀਆਂ ਸ਼੍ਰੇਣੀਆਂ ਦੇ 1,12,754 (26 ਪ੍ਰਤੀਸ਼ਤ) ਕੇਸ 10 ਸਾਲਾਂ ਤੋਂ ਪੈਂਡਿੰਗ ਹਨ।




ਪੰਜਾਬ ਅਤੇ ਹਰਿਆਣਾ ਹਾਈ ਕੋਰਟ 85 ਜੱਜਾਂ ਦੀ ਪ੍ਰਵਾਨਿਤ ਗਿਣਤੀ ਦੇ ਮੁਕਾਬਲੇ ਸਿਰਫ਼ 54 ਜੱਜਾਂ ਨਾਲ ਕੰਮ ਕਰ ਰਿਹਾ ਹੈ, ਕਿਉਂਕਿ ਪਿਛਲੇ ਸਾਲ ਨਵੰਬਰ ਤੋਂ ਕੋਈ ਨਵੀਂ ਨਿਯੁਕਤੀ ਨਹੀਂ ਕੀਤੀ ਗਈ ਹੈ। ਜਸਟਿਸ ਰਿਤੂ ਟੈਗੋਰ 28 ਸਤੰਬਰ ਨੂੰ ਸੇਵਾਮੁਕਤੀ ਦੀ ਉਮਰ ਪੂਰੀ ਹੋਣ 'ਤੇ ਸੇਵਾਮੁਕਤ ਹੋ ਗਏ ਹਨ, ਜਦੋਂ ਕਿ ਇਸ ਸਾਲ ਦੋ ਹੋਰ ਜੱਜਾਂ ਸਮੇਤ ਪੰਜ ਹੋਰ ਜੱਜ 2025 ਤੱਕ ਸੇਵਾਮੁਕਤ ਹੋਣ ਵਾਲੇ ਹਨ। ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਦੀ ਸ਼੍ਰੇਣੀ ਵਿੱਚੋਂ 15 ਜੱਜ ਤਰੱਕੀ ਲਈ ਯੋਗ ਹਨ, ਪਰ ਕਰੀਬ ਅੱਠ ਮਹੀਨਿਆਂ ਤੋਂ ਰੈਗੂਲਰ ਚੀਫ਼ ਜਸਟਿਸ ਦੀ ਅਣਹੋਂਦ ਕਾਰਨ ਉਨ੍ਹਾਂ ਦੀਆਂ ਨਿਯੁਕਤੀਆਂ ਰੁਕੀਆਂ ਹੋਈਆਂ ਹਨ। ਇਹ ਅਹੁਦਾ ਪਿਛਲੇ ਸਾਲ ਅਕਤੂਬਰ ਵਿੱਚ ਜਸਟਿਸ ਰਵੀ ਸ਼ੰਕਰ ਝਾਅ ਦੇ ਸੇਵਾਮੁਕਤ ਹੋਣ ਤੋਂ ਬਾਅਦ ਖਾਲੀ ਪਿਆ ਸੀ।

ਕੇਂਦਰ ਦੀ ਤਰਫ਼ੋਂ ਦੇਰੀ ਤੋਂ ਬਾਅਦ ਲੰਬੇ ਸਮੇਂ ਤੋਂ ਖ਼ਾਲੀ ਅਹੁਦੇ 'ਤੇ ਅੰਤ ਵਿੱਚ ਜਸਟਿਸ ਸ਼ੀਲ ਨਾਗੂ ਨੇ ਜੁਲਾਈ ਵਿੱਚ ਚੀਫ਼ ਜਸਟਿਸ ਵਜੋਂ ਸਹੁੰ ਚੁੱਕੀ। ਪਰ ਚੀਜ਼ਾਂ ਅੱਗੇ ਨਹੀਂ ਵਧ ਸਕੀਆਂ, ਜ਼ਾਹਰ ਤੌਰ 'ਤੇ ਹਾਈ ਕੋਰਟ ਦੇ ਸਭ ਤੋਂ ਸੀਨੀਅਰ ਜੱਜ, ਜਸਟਿਸ ਜੀ.ਐਸ. ਸੰਧਾਵਾਲੀਆ ਨੂੰ ਪਹਿਲਾਂ ਮੱਧ ਪ੍ਰਦੇਸ਼ ਹਾਈ ਕੋਰਟ ਅਤੇ ਫਿਰ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਉੱਚਾ ਚੁੱਕਣ ਦੀ ਬਾਅਦ ਵਿੱਚ ਸੁਪ੍ਰੀਮ ਕੋਰਟ ਦੁਆਰਾ ਸਿਫ਼ਾਰਸ਼ ਕੀਤੀ ਗਈ ਸੀ। ਪਰ ਕੇਂਦਰ ਵੱਲੋਂ ਇਸ ਬਾਰੇ ਅਜੇ ਸੂਚਿਤ ਨਹੀਂ ਕੀਤਾ ਗਿਆ ਹੈ।

ਵਕੀਲਾਂ ਨੂੰ ਜੱਜਾਂ ਵਜੋਂ ਤਰੱਕੀ ਦੇਣ ਦੀ ਅੰਤਮ ਸਿਫ਼ਾਰਸ਼ ਹਾਈ ਕੋਰਟ ਕੌਲਿਜੀਅਮ ਦੁਆਰਾ ਇੱਕ ਸਾਲ ਤੋਂ ਵੱਧ ਸਮਾਂ ਪਹਿਲਾਂ ਕੀਤੀ ਗਈ ਸੀ, ਜਿਸ ਨੇ ਵਿਚਾਰ ਲਈ ਨਾਮ ਸੁਪ੍ਰੀਮ ਕੋਰਟ ਕੌਲਜੀਅਮ ਨੂੰ ਭੇਜੇ ਸਨ। ਇਸ ਦੀ ਬਜਾਏ ਪੰਜ ਦੀ ਤਰੱਕੀ ਦੀ ਸਿਫ਼ਾਰਿਸ਼ ਕੀਤੀ। ਪਰ ਕੇਂਦਰ ਨੇ ਤਿੰਨ ਦੀਆਂ ਨਿਯੁਕਤੀਆਂ ਨੂੰ ਨੋਟੀਫ਼ਾਈ ਕਰ ਦਿੱਤਾ। ਇਸ ਨੇ ਐਡਵੋਕੇਟ ਹਰਮੀਤ ਸਿੰਘ ਗਰੇਵਾਲ ਅਤੇ ਦੀਪਇੰਦਰ ਸਿੰਘ ਨਲਵਾ ਦੇ ਨਾਵਾਂ ਵਿਰੁੱਧ ਕਾਰਵਾਈ ਨਹੀਂ ਕੀਤੀ। ਸੁਪ੍ਰੀਮ ਕੋਰਟ ਕੌਲੇਜੀਅਮ ਨੇ 17 ਅਕਤੂਬਰ, 2023 ਨੂੰ ਉਸ ਦੀ ਤਰੱਕੀ ਬਾਰੇ ਆਪਣੀ ਸਿਫ਼ਾਰਸ਼ ਦੁਹਰਾਈ, ਪਰ ਉਸ ਦੀਆਂ ਨਿਯੁਕਤੀਆਂ ਲੰਬਿਤ ਹਨ। ਸੁਪ੍ਰੀਮ ਕੋਰਟ ਕੌਲੇਜੀਅਮ ਨੇ ਵੀ ਜਨਵਰੀ ਵਿੱਚ ਐਡਵੋਕੇਟ ਰੋਹਿਤ ਕਪੂਰ ਨੂੰ ਤਰੱਕੀ ਦੇਣ ਦੀ ਸਿਫ਼ਾਰਿਸ਼ ਕੀਤੀ ਸੀ।

(ਬਾਕੀ ਸਫ਼ਾ 30 'ਤੇ)


### ਕੰਗਨਾ ਰਣੌਤ ਦੀ ਇੱਕ ਹੋਰ ਵਿਵਾਦਮਈ ਟਿੱਪਣੀ

# 'ਦੇਸ਼ ਦੇ ਪਿਤਾ ਨਹੀਂ, ਸਗੋਂ ਦੇਸ਼ ਦੇ ਲਾਲ ਹੁੰਦੇ ਹਨ'

## ਆਪਣੀ ਇੰਸਟਾਗ੍ਰਾਮ ਸਟੋਰੀ ਰਾਹੀਂ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਨੂੰ ਸ਼ਰਧਾਂਜਲੀ ਦਿੰਦਿਆਂ, ਮਹਾਤਮਾ ਗਾਂਧੀ ਦੇ 'ਰਾਸ਼ਟਰ ਪਿਤਾ' ਵਜੋਂ ਸਨਮਾਨ 'ਤੇ ਉਠਾਏ ਸਵਾਲ

ਚੰਡੀਗੜ੍ਹ : ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਇਕ ਵਾਰੀ ਫਿਰ ਆਪਣੇ ਬਿਆਨ ਤੇ ਮੀਡੀਆ ਪੋਸਟ ਕਾਰਨ ਸੁਰਖੀਆਂ ਵਿਚ ਹੈ। ਉਨ੍ਹਾਂ 2 ਅਕਤੂਬਰ, ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੇ ਜਨਮ ਦਿਵਸ ਮੌਕੇ ਆਪਣੇ ਇੰਸਟਾਗ੍ਰਾਮ ਪੇਜ ਉਤੇ ਇਕ ਸਟੋਰੀ ਸ਼ੇਅਰ ਕਰ ਕੇ ਸ਼ਾਸਤਰੀ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਅਜਿਹੀ ਟਿੱਪਣੀ ਕੀਤੀ, ਜਿਸ ਨਾਲ ਵਿਵਾਦ ਖੜ੍ਹਾ ਹੋ ਗਿਆ ਹੈ।

ਕੰਗਨਾ ਨੇ ਆਪਣੀ ਪੋਸਟ ਵਿਚ ਲਿਖਿਆ ਹੈ, "ਦੇਸ਼ ਦੇ ਪਿਤਾ ਨਹੀਂ, ਦੇਸ਼ ਦੇ ਤਾਂ ਲਾਲ (ਪੁੱਤ) ਹੁੰਦੇ ਹਨ। ਧੰਨ ਹਨ, ਭਾਰਤ ਮਾਂ ਦੇ ਇਹ ਲਾਲ।" ਇਸ ਦੇ ਹੇਠਾਂ ਸ਼ਾਸਤਰੀ ਜੀ ਦੀ ਤਸਵੀਰ ਲਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਹੈ। ਉਨ੍ਹਾਂ ਦੀ ਇਸ ਟਿੱਪਣੀ ਨੂੰ ਸ਼ਾਸਤਰੀ ਜੀ ਨੂੰ ਸ਼ਰਧਾਂਜਲੀ ਦੇਣ ਦੇ ਨਾਲ ਹੀ ਮਹਾਤਮਾ ਗਾਂਧੀ ਨੂੰ 'ਰਾਸ਼ਟਰ ਪਿਤਾ' ਵਜੋਂ ਸਿਤਕਾਰੇ ਜਾਣ ਉਤੇ ਸਵਾਲ ਖੜ੍ਹੇ ਕਰਨ ਵਜੋਂ ਦੇਖਿਆ ਜਾ ਰਿਹਾ ਹੈ। ਇਸ ਕਾਰਨ ਇਹ ਪੋਸਟ ਚਰਚਾ ਵਿਚ ਆ ਗਈ ਹੈ। ਗ਼ੌਰਤਲਬ ਹੈ ਕਿ ਮਹਾਤਮਾ ਗਾਂਧੀ ਨੂੰ 'ਰਾਸ਼ਟਰ ਪਿਤਾ' ਦਾ ਖ਼ਿਤਾਬ ਸਭ ਤੋਂ ਪਹਿਲਾਂ ਸੁਭਾਸ਼ ਚੰਦਰ ਬੋਸ ਨੇ ਦਿੱਤਾ ਸੀ ਅਤੇ ਨੇਤਾ ਜੀ ਬੋਸ ਨੇ ਭਾਰਤ ਦੇ ਆਜ਼ਾਦੀ ਅੰਦੋਲਨ ਵਿਚ ਮਹਾਤਮਾ ਗਾਂਧੀ ਦੇ ਯੋਗਦਾਨ ਨੂੰ ਸਲਾਹਿਆ ਸੀ।




ਕੰਗਨਾ ਦੀ ਇਸ ਪੋਸਟ ਉਤੇ ਸੋਸ਼ਲ ਮੀਡੀਆ ਵਿਚ ਤਿੱਖੀਆਂ ਪ੍ਰਤੀਕਿਰਿਆਵਾਂ ਆ ਰਹੀਆਂ ਹਨ ਅਤੇ ਇਸ ਤਰ੍ਹਾਂ ਭਾਜਪਾ ਦੀ ਹਿਮਾਚਲ ਪ੍ਰਦੇਸ਼ ਦੇ ਮੰਡੀ ਹਲਕੇ ਤੋਂ ਇਹ ਸੰਸਦ ਮੈਂਬਰ ਇਕ ਵਾਰੀ ਮੁੜ ਵਿਵਾਦਾਂ ਵਿਚ ਹੈ। ਕੰਗਨਾ ਇਸ ਤੋਂ ਪਹਿਲਾਂ ਵੀ ਆਪਣੇ ਬਿਆਨਾਂ ਅਤੇ ਟਿੱਪਣੀਆਂ ਕਾਰਨ ਵਿਵਾਦਾਂ ਵਿਚ ਰਹਿ ਚੁੱਕੀ ਹੈ।

ਹਾਲਾਂਕਿ ਇਸ ਤੋਂ ਬਾਅਦ ਪੋਸਟ ਕੀਤੀ ਇਕ ਹੋਰ ਸਟੋਰੀ ਰਾਹੀਂ ਉਨ੍ਹਾਂ ਮਹਾਤਮਾ ਗਾਂਧੀ ਦੀ ਜੈਅੰਤੀ ਮੌਕੇ ਗਾਂਧੀ ਜੀ ਦੇ ਸਵੱਛਤਾ ਸਬੰਧੀ ਦ੍ਰਿਸ਼ਟੀਕੋਣ ਨੂੰ ਅੱਗੇ ਤੋਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕਰਦਿਆਂ ਸਵੱਛਤਾ ਦੀ ਲੋੜ ਉਤੇ ਜ਼ੋਰ ਦਿੱਤਾ ਹੈ।

# ਹਰਿਆਣਾ ਦੇ ਚੋਣ ਮੈਦਾਨ 'ਚ ਨਿੱਤਰੇ 1031 ਉਮੀਦਵਾਰਾਂ 'ਚੋਂ 133 'ਤੇ ਅਪਰਾਧਕ ਕੇਸ ਦਰਜ

ਚੰਡੀਗੜ੍ਹ/ਏ.ਟੀ.ਨਿਊਜ਼ :- ਹਰਿਆਣਾ ਵਿਧਾਨ ਸਭਾ ਚੋਣਾਂ-2024 ਲਈ ਸੂਬੇ ਵਿੱਚ ਚੋਣ ਪ੍ਰਚਾਰ ਪੂਰੀ ਤਰ੍ਹਾਂ ਭਖ ਗਿਆ ਹੈ। ਹਰ ਪਾਰਟੀ ਦੇ ਸਟਾਰ ਪ੍ਰਚਾਰਕਾਂ ਨੇ ਆਪੋ-ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਲਈ ਸੂਬੇ ਵਿੱਚ ਡੇਰੇ ਲਾ ਲਏ ਹਨ। 5 ਅਕਤੂਬਰ ਨੂੰ ਪੈਣ ਵਾਲੀਆਂ ਵੋਟਾਂ ਲਈ ਸੂਬੇ ਦੀਆਂ 90 ਵਿਧਾਨ ਸਭਾ ਸੀਟਾਂ 'ਤੇ 1031 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਇਨ੍ਹਾਂ ਉਮੀਦਵਾਰਾਂ ਵੱਲੋਂ ਸੂਬੇ ਭਰ ਵਿੱਚ ਜ਼ੋਰ-ਸ਼ੋਰ ਨਾਲ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਸਾਰੇ ਉਮੀਦਵਾਰ ਵਿਕਾਸ, ਤਰੱਕੀ ਅਤੇ ਸੂਬੇ ਵਿੱਚ ਅਮਨ ਤੇ ਕਾਨੂੰਨ ਸਥਿਤੀ ਨੂੰ ਬਹਾਲ ਕਰਨ ਦੇ ਵੱਡੇ-ਵੱਡੇ ਦਾਅਵੇ ਕਰ ਰਹੇ ਹਨ, ਜਦਕਿ ਚੋਣ ਮੈਦਾਨ ਵਿੱਚ ਨਿੱਤਰੇ 13 ਫ਼ੀਸਦ ਉਮੀਦਵਾਰ ਖੁਦ ਦਾਗਦਾਰ ਹਨ, ਜਿਨ੍ਹਾਂ ਖ਼ਿਲਾਫ਼ ਪੁਲਿਸ ਕੇਸ ਦਰਜ ਹਨ। ਚੋਣ ਮੈਦਾਨ ਵਿੱਚ ਨਿੱਤਰੇ ਕੁੱਲ 1031 ਉਮੀਦਵਾਰਾਂ 'ਚੋਂ 133 ਉਮੀਦਵਾਰਾਂ 'ਤੇ ਅਪਰਾਧਕ ਪੁਲਿਸ ਕੇਸ ਦਰਜ ਹਨ। ਇਸ 'ਚੋਂ 95 ਵਿਰੁੱਧ ਸੰਗੀਨ ਅਪਰਾਧਾਂ ਦੇ ਪੁਲਿਸ ਕੇਸ ਦਰਜ ਹਨ। ਹਰਿਆਣਾ ਵਿੱਚ ਸਾਫ-ਸੁਥਰੇ ਅਕਸ ਵਾਲੇ ਉਮੀਦਵਾਰ ਦੀ ਭਾਲ ਕਰਨ ਵਿੱਚ ਕੋਈ ਵੀ ਸਿਆਸੀ ਪਾਰਟੀ ਕਾਮਯਾਬ ਨਹੀਂ ਹੋ ਸਕੀ। ਸਾਰੀਆਂ ਪਾਰਟੀਆਂ ਦੇ ਕਿਸੇ ਨਾ ਕਿਸੇ ਉਮੀਦਵਾਰ ਖ਼ਿਲਾਫ਼ ਪੁਲਿਸ ਕੇਸ ਦਰਜ ਹਨ। ਇਸ ਗੱਲ ਦਾ ਖੁਲਾਸਾ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫੋਰਮਜ਼ (ਏਡੀਆਰ) ਨੇ ਕੀਤਾ ਹੈ।



(ਬਾਕੀ ਸਫ਼ਾ 30 'ਤੇ)

# ਗਲੋਬਲ ਸਿੱਖ ਕੌਂਸਲ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਦੇ ਪ੍ਰਚਾਰ, ਪ੍ਰਸਾਰ, ਭਵਿੱਖ ਦੀ ਯੋਜਨਾ ਅਤੇ ਲਾਗੂ ਕਰਨ ਬਾਰੇ ਸੈਮੀਨਾਰ

ਚੰਡੀਗੜ੍ਹ/ਏ.ਟੀ.ਨਿਊਜ਼: ਗਲੋਬਲ ਸਿੱਖ ਕੌਂਸਲ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਦੇ ਪ੍ਰਚਾਰ, ਪ੍ਰਸਾਰ, ਭਵਿੱਖ ਦੀ ਯੋਜਨਾ ਅਤੇ ਲਾਗੂ ਕਰਨ ਬਾਰੇ ਇੱਕ ਆਨਲਾਈਨ ਸਮਿਟ ਸੈਮੀਨਾਰ ਕਰਵਾਇਆ ਜੋ ਕਿ ਬਹੁਤ ਹੀ ਸਫ਼ਲਤਾਪੂਰਵਕ ਰਿਹਾ। ਇਸ ਸੈਮੀਨਾਰ ਵਿੱਚ ਦੇਸ਼-ਵਿਦੇਸ਼ ਤੋਂ ਬਹੁਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਹੋਈ। ਸੈਮੀਨਾਰ ਦੀ ਆਰੰਭਤਾ ਜੀ.ਐਸ.ਸੀ. ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਸਾਰਿਆਂ ਦੇ ਸਵਾਗਤ ਨਾਲ ਕੀਤੀ। ਸੰਦੀਪ ਸਿੰਘ ਖਾਲੜਾ ਜਰਮਨੀ ਨੇ ਅਰਦਾਸ ਨਾਲ ਸੈਮੀਨਾਰ ਸ਼ੁਰੂਆਤ ਕੀਤੀ। ਉਪਰੰਤ ਜੀ.ਐਸ.ਸੀ. ਦੇ ਫ਼ਾਊਂਡਿੰਗ ਪ੍ਰਧਾਨ ਗੁਲਬਰਗ ਸਿੰਘ ਬਾਸੀ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਜੀ.ਐਸ.ਸੀ. ਦੇ ਚਲਦੇ ਕਾਰਜਾਂ ਬਾਰੇ ਸਭ ਨੂੰ ਦਸਿਆ। ਜਥੇਦਾਰ ਸੁਖਦੇਵ ਸਿੰਘ ਭੌਰ ਅਤੇ ਬੀਬੀ ਕਿਰਨਜੋਤ ਕੌਰ ਮੁੱਖ ਮਹਿਮਾਨਾਂ ਵਜੋਂ ਸ਼ਾਮਲ ਹੋਏ। ਮੁੱਖ ਬੁਲਾਰਿਆਂ ਵਿੱਚ ਗਿਆਨੀ ਕੇਵਲ, ਪ੍ਰਚਾਰਕ ਕੁਲਦੀਪ ਕੌਰ, ਪ੍ਰੋਫੈਸਰ ਸੁਖਵਿੰਦਰ ਸਿੰਘ ਦਦੇਹਰ, ਗਿਆਨੀ ਅੰਮ੍ਰਿਤਪਾਲ ਸਿੰਘ ਤੇ ਸ. ਅਤਿੰਦਰਪਾਲ ਸਿੰਘ ਖ਼ਾਲਸਾ ਹਾਜ਼ਰ ਹੋਏ। ਇਨ੍ਹਾਂ ਸਭ ਨੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿੱਚ ਬੁਲੰਦ ਆਵਾਜ਼ ਚੁੱਕੀ। ਜਥੇਦਾਰ ਭੌਰ ਨੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਲਾਗੂ ਹੋਣ ਤੋਂ ਲੈ ਕੇ ਇਸ ਦੇ ਖ਼ਤਮ ਹੋਣ ਤਕ ਹਰ ਜਾਣਕਾਰੀ ਸਾਂਝੀ ਕੀਤੀ। ਬੀਬੀ ਕਿਰਨਜੋਤ ਕੌਰ ਨੇ ਦਸਿਆ ਕਿ ਨਾਨਕਸ਼ਾਹੀ ਕੈਲੰਡਰ ਨੂੰ ਧਰਮ ਦਾ ਮੁੱਦਾ ਬਣਾ ਲਿਆ ਗਿਆ ਅਤੇ ਜਿਸ ਧਿਰ ਦਾ ਜ਼ੋਰ ਚੱਲਿਆ ਉਨ੍ਹਾਂ ਨੇ ਅਪਣਾ ਜ਼ੋਰ ਚਲਾ ਲਿਆ। ਗਿਆਨੀ ਕੇਵਲ ਸਿੰਘ ਹੋਰਾਂ ਨੇ ਦਸਿਆ ਕਿ ਜਦੋਂ ਦਾ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕੀਤਾ ਗਿਆ ਉਦੋਂ ਦਾ ਹਰ ਬੰਦਾ ਇਥੋਂ ਤਕ ਕਿ ਬੱਚੇ ਬਹੁਤ ਪ੍ਰੇਸ਼ਾਨ ਹਨ ਕਿ ਕਿਹੜਾ ਦਿਹਾੜਾ ਕਦੋਂ ਹੈ, ਕੁੱਝ ਸਮਝ ਹੀ ਨਹੀਂ ਆਉਂਦੀ। ਪ੍ਰਚਾਰਕ ਕੁਲਦੀਪ ਕੌਰ ਨੇ ਕਿਹਾ ਕਿ ਇਹ ਮੁਹਿਮ ਪਿੰਡਾਂ ਤੋਂ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਪ੍ਰਚਾਰਕਾਂ ਦਾ ਫ਼ਰਜ਼ ਬਣਦਾ ਹੈ ਕਿ ਜਿਥੇ ਵੀ ਜਾਣ ਉਥੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿੱਚ ਜ਼ਰੂਰ ਆਵਾਜ਼ ਚੁੱਕਣ। ਗਿਆਨੀ ਅੰਮ੍ਰਿਤਪਾਲ ਸਿੰਘ ਯੂ.ਕੇ. ਨੇ ਬਹੁਤ ਹੀ ਵਧੀਆ ਤਰੀਕੇ ਨਾਲ ਕੈਲੰਡਰ ਦੇ ਲਾਭਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਮੂਲ ਨਾਨਕਸ਼ਾਹੀ ਕੈਲੰਡਰ ਸਾਡੀ ਆਜ਼ਾਦ ਧਾਰਮਕ ਹਸਤੀ ਦਾ ਪ੍ਰਤੀਕ ਹੈ। ਪ੍ਰੋਫ਼ੈਸਰ ਸੁਖਵਿੰਦਰ ਸਿੰਘ ਦਦੇਹਰ ਨੇ ਵੀ ਪਹਿਲੇ ਬੁਲਾਰਿਆਂ ਦੀ ਹਮਾਇਤ ਕੀਤੀ।




# ਪੰਜਾਬ 'ਚ ਕਾਂਗਰਸ ਛੱਡਣ ਵਾਲੇ ਆਗੂ ਸਿਆਸੀ ਘੁੰਮਣ ਘੇਰੀਆਂ ਵਿੱਚ ਫ਼ਸੇ

## ਨਹੀਂ ਦਿਖ ਰਿਹਾ ਭਾਜਪਾ ਵਿੱਚ ਕੋਈ ਸਿਆਸੀ ਭਵਿੱਖ

## ਸੁਨੀਲ ਜਾਖੜ ਦਾ ਅਸਤੀਫ਼ਾ ਭਾਜਪਾ ਲਈ ਮੁਸੀਬਤ ਬਣਿਆ

ਪੰਜਾਬ ਵਿੱਚ ਕਾਂਗਰਸ ਪਾਰਟੀ ਦੇ ਜਿਹੜੇ ਆਗੂ ਪਾਰਟੀ ਛੱਡ ਕੇ ਗਏ ਸਨ, ਉਹ ਅੱਜ ਮੁਸੀਬਤ ਜਾਂ ਦੁਚਿੱਤੀ ਵਿੱਚ ਹਨ। ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਕੀ ਕੀਤਾ ਜਾਵੇ? ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਆਗੂ ਆਪਣੇ ਸਿਆਸੀ ਭਵਿੱਖ ਨੂੰ ਲੈ ਕੇ ਪਰੇਸ਼ਾਨ ਹਨ। ਹਾਲਾਂਕਿ ਅਜਿਹਾ ਨਹੀਂ ਹੈ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਆਗੂ ਸਹਿਜ ਹਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਕੁਝ ਆਗੂ ਕਾਂਗਰਸ ਛੱਡ ਕੇ 'ਆਪ' ਵਿੱਚ ਸ਼ਾਮਲ ਹੋਏ ਅਤੇ ਚੋਣ ਵੀ ਲੜੇ ਪਰ ਜਿੱਤ ਨਾ ਸਕੇ। ਉਦੋਂ ਤੋਂ ਉਨ੍ਹਾਂ ਦੀ ਆਮ ਆਦਮੀ ਪਾਰਟੀ ਵਿੱਚ ਕੋਈ ਦਿਲਚਸਪੀ ਨਹੀਂ ਰਹੀ। ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ ਹੋਏ ਡਾ: ਰਾਜਕੁਮਾਰ ਚੱਬੇਵਾਲ ਹੁਸ਼ਿਆਰਪੁਰ ਤੋਂ ਚੋਣ ਜਿੱਤੇ, ਪਰ ਗੁਰਪ੍ਰੀਤ ਸਿੰਘ ਜੀਪੀ ਫ਼ਤਹਿਗੜ੍ਹ ਸਾਹਿਬ ਤੋਂ ਚੋਣ ਲੜੇ ਅਤੇ ਹਾਰ ਗਏ। ਹੁਣ ਕਿਹਾ ਜਾ ਰਿਹਾ ਹੈ ਕਿ ਉਹ ਮੁੜ ਕਾਂਗਰਸ ਵਿੱਚ ਵਾਪਸੀ ਦਾ ਰਾਹ ਲੱਭ ਰਹੇ ਹਨ।

ਪਰ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਕਾਂਗਰਸੀ ਆਗੂਆਂ ਦੀ ਵੱਡੀ ਸਮੱਸਿਆ ਇਹ ਹੈ ਕਿ ਉਨ੍ਹਾਂ ਆਪਣੀ ਸਿਆਸੀ ਭਵਿੱਖ ਉਜਲਾ ਨਹੀਂ ਦਿਖ ਰਿਹਾ। ਜੇਕਰ ਸੂਬੇ ਵਿੱਚ 2027 ਦੌਰਾਨ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤਾਂ ਉਨ੍ਹਾਂ ਨੂੰ ਆਪਣੀ ਰਣਨੀਤੀ ਤਿਆਰ ਕਰਨੀ ਪਵੇਗੀ। ਉਹ ਸਮਝ ਗਏ ਹਨ ਕਿ ਪੰਜਾਬ ਵਿੱਚ ਅਜੇ ਭਾਜਪਾ ਦਾ ਰਾਜਨੀਤਕ ਭਵਿੱਖ ਨਹੀਂ ਹੈ। ਆਮ ਆਦਮੀ ਪਾਰਟੀ ਅਤੇ ਕਾਂਗਰਸ ਹੀ ਪੰਜਾਬ ਦੀ ਰਾਜਨੀਤੀ ਉਪਰ ਭਾਰੂ ਹੈ। ਅਕਾਲੀ ਦਲ ਦਾ ਭਵਿੱਖ ਅਜੇ ਡਾਵਾਂਡੋਲ ਹੈ।



ਜ਼ਿਕਰਯੋਗ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀ। ਉਸ ਤੋਂ ਬਾਅਦ ਕੈਪਟਨ ਨੇ ਪਾਰਟੀ ਛੱਡ ਦਿੱਤੀ ਅਤੇ ਫ਼ਿਰ ਉਨ੍ਹਾਂ ਦੇ ਕਰੀਬੀਆਂ ਵੱਲੋਂ ਪਾਰਟੀ ਛੱਡਣ ਦਾ ਸਿਲਸਿਲਾ ਸ਼ੁਰੂ ਹੋ ਗਿਆ, ਜੋ ਲੋਕ ਸਭਾ ਚੋਣਾਂ ਤੱਕ ਜਾਰੀ ਰਿਹਾ। ਕੈਪਟਨ ਅਤੇ ਉਸ ਦਾ ਸਾਥ ਛੱਡਣ ਵਾਲੇ ਸਾਰੇ ਨੇਤਾ ਜਾਂ ਤਾਂ ਵਿਧਾਨ ਸਭਾ ਵਿੱਚ ਹਾਰ ਗਏ ਜਾਂ ਲੋਕ ਸਭਾ ਚੋਣਾਂ ਵਿੱਚ ਹਾਰ ਗਏ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਰੇ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਮੰਤਰੀ ਬਣਾ ਕੇ ਰਾਜ ਸਭਾ ਭੇਜਣ ਦਾ ਫ਼ੈਸਲਾ ਕੀਤਾ ਗਿਆ ਅਤੇ ਮੰਤਰੀ ਵੀ ਬਣਾਇਆ ਗਿਆ। ਜਦਕਿ ਜਾਖੜ ਨੂੰ ਇਹ ਵਾਅਦਾ ਕੀਤਾ ਗਿਆ ਸੀ ਪਰ ਬੀਜੇਪੀ ਨੇ ਇਸ ਨੂੰ ਪੂਰਾ ਨਹੀਂ ਕੀਤਾ। ਇਸ ਨਾਲ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਆਗੂਆਂ ਵਿੱਚ ਬਿੱਟੂ ਨੂੰ ਲੈ ਕੇ ਹਾਈਕਮਾਂਡ ਨਾਲ ਨਾਰਾਜ਼ਗੀ ਦਾ ਮਾਹੌਲ ਬਣਿਆ ਹੋਇਆ ਹੈ। ਹੁਣੇ ਹੀ ਜਦੋਂ ਇਹ ਖ਼ਬਰ ਆਈ ਕਿ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅਸਤੀਫ਼ਾ ਦੇ ਦਿੱਤਾ ਹੈ ਤਾਂ ਹੈਰਾਨੀ ਦੀ ਗੱਲ ਨਹੀਂ ਰਹੀ। ਹਾਲਾਂਕਿ ਬਾਅਦ ਵਿੱਚ ਭਾਜਪਾ ਨੇ ਕਿਹਾ ਕਿ ਉਨ੍ਹਾਂ ਨੇ ਅਸਤੀਫ਼ਾ ਨਹੀਂ ਦਿੱਤਾ ਹੈ। ਪਰ ਸੁਨੀਲ ਜਾਖੜ ਨੇ ਖੁਦ ਸਥਿਤੀ ਸਪੱਸ਼ਟ ਨਹੀਂ ਕੀਤੀ ਹੈ। ਕੈਪਟਨ ਦੇ ਪੂਰੇ ਪਰਿਵਾਰ ਅਤੇ ਉਨ੍ਹਾਂ ਦੇ ਕਰੀਬੀ ਸੁਨੀਲ ਜਾਖੜ ਨੂੰ ਭਾਜਪਾ ਤੋਂ ਕੋਈ ਉਮੀਦ ਨਜ਼ਰ ਨਹੀਂ ਆ ਰਹੀ। ਕੈਪਟਨ ਅਮਰਿੰਦਰ ਸਿੰਘ ਬਿਮਾਰ ਹਨ ਅਤੇ ਸਰਗਰਮ ਸਿਆਸਤ ਕਰਨ ਦੇ ਸਮਰੱਥ ਨਹੀਂ ਹਨ। ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਨੇ ਪਟਿਆਲਾ ਸੀਟ ਤੋਂ ਲੋਕ ਸਭਾ ਚੋਣ ਲੜੀ ਸੀ ਪਰ ਤੀਜੇ ਨੰਬਰ 'ਤੇ ਰਹੀ। 'ਆਪ' ਤੋਂ ਕਾਂਗਰਸ ਵਿੱਚ ਆਏ ਧਰਮਵੀਰ ਗਾਂਧੀ ਨੇ ਚੋਣ ਜਿੱਤੀ। ਉਨ੍ਹਾਂ ਨੂੰ ਉਮੀਦ ਸੀ ਕਿ ਭਾਜਪਾ ਉਨ੍ਹਾਂ ਨੂੰ ਕਿਤੇ ਨਾ ਕਿਤੇ ਜਗ੍ਹਾ ਦੇਵੇਗੀ ਪਰ ਇਸ ਨੇ ਬਿੱਟੂ ਨੂੰ ਚੁਣਿਆ। ਇਸੇ ਤਰ੍ਹਾਂ ਕੈਪਟਨ ਦੇ ਪੁੱਤਰ ਰਣਇੰਦਰ ਸਿੰਘ ਦੀ ਭਾਜਪਾ ਵਿੱਚ ਕੋਈ (ਬਾਕੀ ਸਫ਼ਾ 30 'ਤੇ)

**ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦਾ**

## ਕੌਮੀ ਇਨਸਾਫ਼ ਮੋਰਚੇ ਦੇ ਕਾਫ਼ਲੇ ਨੂੰ ਮੋਹਾਲੀ ਵਿੱਚ ਰੋਕਿਆ

### ਮੰਤਰੀ ਧਾਲੀਵਾਲ ਨੇ ਮੰਗਾਂ ਮੰਨਣ ਦਾ ਭਰੋਸਾ ਦਿਵਾਇਆ



ਐੱਸ.ਏ.ਐੱਸ. ਨਗਰ (ਮੋਹਾਲੀ)/ਏ.ਟੀ.ਨਿਊਜ਼: ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਮੁੱਦਿਆਂ 'ਤੇ ਕੌਮੀ ਇਨਸਾਫ਼ ਮੋਰਚਾ ਮੋਹਾਲੀ-ਚੰਡੀਗੜ੍ਹ, ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਣੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਮੋਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਪਿਛਲੇ ਸਾਲ 7 ਜਨਵਰੀ ਨੂੰ ਸ਼ੁਰੂ ਕੀਤਾ ਲੜੀਵਾਰ ਧਰਨਾ (ਪੱਕਾ ਮੋਰਚਾ) ਜਾਰੀ ਹੈ। ਬੀਤੇ ਦਿਨੀਂ ਵੱਡੀ ਗਿਣਤੀ ਲੋਕਾਂ ਨੇ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਮਾਰਚ ਕੀਤਾ ਅਤੇ ਚੰਡੀਗੜ੍ਹ ਵੱਲ ਕੂਚ ਕਰਨ ਦਾ ਯਤਨ ਕੀਤਾ ਪਰ ਮੋਹਾਲੀ ਪੁਲਿਸ ਨੇ ਵਾਈ.ਪੀ.ਐੱਸ. ਚੌਕ ਨੇੜੇ ਬੈਰੀਕੇਡਿੰਗ ਕਰ ਕੇ ਸਿੱਖਾਂ ਦੇ ਕਾਫ਼ਲੇ ਨੂੰ ਅੱਗੇ ਵਧਣ ਤੋਂ ਰੋਕ ਲਿਆ। ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੌਕੇ 'ਤੇ ਪਹੁੰਚ ਕੇ ਕੌਮੀ ਇਨਸਾਫ਼ ਮੋਰਚੇ ਦੀਆਂ ਮੰਗਾਂ ਪੂਰੀ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੀ ਪੱਕੀ ਰਿਹਾਈ ਦੀ ਕੋਸ਼ਿਸ਼ ਕੀਤੀ ਜਾਵੇਗੀ, ਜੋ ਹੁਣ ਸ਼ਰਤੀਆ ਜ਼ਮਾਨਤ 'ਤੇ ਹਨ। ਇੰਝ ਹੀ ਜਲਦੀ (ਬਾਕੀ ਸਫ਼ਾ 30 'ਤੇ)

# ਕੀ ਪੰਜਾਬ ਵਿੱਚ ਪੰਚਾਇਤਾਂ ਵਿਕਾਊ ਹਨ?

## ਦੋ-ਦੋ ਕਰੋੜ 'ਚ ਵਿਕਣ ਲੱਗੀਆਂ ਸਰਪੰਚੀਆਂ, 'ਆਪ' ਆਗੂਆਂ ਵੱਲੋਂ ਚੋਣ ਕਮਿਸ਼ਨ ਨੂੰ ਸ਼ਿਕਾਇਤ

ਪਿੰਡਾਂ ਵਿੱਚ ਪੰਚਾਇਤਾਂ ਦੀਆਂ ਚੋਣਾਂ ਦਾ ਬਿਗਲ ਵੱਜ ਚੁੱਕਿਆ ਹੈ। ਇਹ ਚੋਣਾਂ ਲੜਨ ਦੇ ਚਾਹਵਾਨਾਂ ਵੱਲੋਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਸਮੁੱਚੇ ਪੰਜਾਬ ਭਰ ਵਿੱਚ ਸਰਪੰਚਾਂ ਦੇ ਅਹੁਦੇ ਲਈ ਕੁੱਲ 784 ਅਤੇ ਪੰਚਾਂ ਲਈ ਕੁੱਲ 1446 ਨਾਮਜ਼ਦਗੀਆਂ ਦਾਖਲ ਕੀਤੀਆਂ ਗਈਆਂ ਹਨ। ਰਾਜ ਚੋਣ ਕਮਿਸ਼ਨ ਨੇ ਇਹ ਜਾਣਕਾਰੀ ਦਿੱਤੀ ਹੈ। ਨਾਮਜ਼ਦਗੀ ਪੱਤਰ 4 ਅਕਤੂਬਰ ਤੱਕ ਦਾਖਲ ਕੀਤੇ ਜਾਣੇ ਹਨ। ਆਖ਼ਰੀ ਦਿਨਾਂ 'ਚ ਨਾਮਜ਼ਦਗੀ ਪੱਤਰਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਵੇਗਾ।

ਪਿੰਡਾਂ ਵਿੱਚ ਵਿਆਹ ਵਰਗਾ ਮਾਹੌਲ ਬਣਦਾ ਜਾ ਰਿਹਾ ਹੈ, ਕਿਉਂਕਿ ਚੋਣਾਂ ਜਿੱਤਣ ਲਈ ਹਰ ਤਰ੍ਹਾਂ ਦੇ ਵਸੀਲੇ ਅਪਣਾਏ ਜਾਣਗੇ। ਵੋਟਾਂ ਆਪਣੇ ਹੱਕ 'ਚ ਭੁਗਤਾਉਣ ਲਈ ਵੱਡੀ ਪੱਧਰ 'ਤੇ ਨਸ਼ਿਆਂ ਦੀ ਵਰਤੋਂ ਵੀ ਕੀਤੀ ਜਾਵੇਗੀ। ਭਾਵੇਂ ਕਿ ਨਸ਼ਿਆਂ ਨੇ ਸਾਡਾ ਬੇੜਾ ਗਰਕ ਕਰ ਕੇ ਰੱਖ ਦਿੱਤਾ ਹੈ, ਪ੍ਰੰਤੂ ਫਿਰ ਵੀ ਇੱਥੇ ਇਹ ਵਰਤਾਰਾ ਜਾਰੀ ਹੈ।

ਚੋਣਾਂ ਦੌਰਾਨ ਆਪਸੀ ਭਾਈਚਾਰਕ ਸਾਂਝ ਨੂੰ ਵੀ ਢਾਹ ਲੱਗਦੀ ਹੈ। ਜਿਹੜੇ ਪਿੰਡ ਆਪਸੀ ਭਾਈਚਾਰਕ ਸਾਂਝਾਂ ਦੇ ਪ੍ਰਤੀਕ ਸਨ, ਹੁਣ ਉਹੀ ਪਿੰਡ ਇਨ੍ਹਾਂ ਚੋਣਾਂ ਵਿੱਚ ਲੜਾਈਆਂ-ਝਗੜਿਆਂ ਦਾ ਕੇਂਦਰ ਬਣ ਜਾਂਦੇ ਹਨ।

**ਪੰਚਾਇਤਾਂ ਦੀ ਲੱਗੀ ਬੋਲੀ,ਚੋਣ ਕਮਿਸ਼ਨ ਹਰਕਤ ਵਿੱਚ**

ਇੱਕ ਪਾਸੇ ਜਿੱਥੇ ਧੜੇਬੰਦੀ ਕਰਕੇ ਝਗੜਿਆਂ ਤੇ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਦੀਆਂ ਖ਼ਬਰਾਂ ਆ ਰਹੀਆਂ ਹਨ, ਉੱਥੇ ਪੰਜਾਬ ਦੇ ਪੰਚਾਇਤੀ ਚੋਣਾਂ ਦੇ ਇਤਿਹਾਸ ਵਿਚ ਵਿਚ ਪਹਿਲੀ ਵਾਰ ਸਰਬ ਸੰਮਤੀ ਨਾਲ ਸਰਪੰਚ ਬਣਨ ਲਈ ਪਿੰਡਾਂ ਵਿੱਚ ਬੋਲੀ ਲੱਗਣ ਦਾ ਰੁਝਾਨ ਸਾਹਮਣੇ ਆਇਆ ਹੈ। ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਹਰਦੋਵਾਲ ਕਲਾਂ ਵਿੱਚ ਸਰਪੰਚ ਬਣਨ ਲਈ ਦੋ ਕਰੋੜ ਰੁਪਏ ਤੱਕ ਦੀ ਬੋਲੀ ਲਾਉਣ ਦਾ ਮਾਮਲਾ ਸੁਰਖ਼ੀਆਂ ਬਣਿਆ ਹੋਇਆ ਹੈ। ਭਾਜਪਾ ਆਗੂ ਆਤਮਾ ਸਿੰਘ ਨੇ ਹੁਣ ਤੱਕ ਦੀ ਸਭ ਤੋਂ ਵੱਧ ਬੋਲੀ ਲਗਾਈ ਹੈ। ਪਿੰਡ ਵਿੱਚ ਸਰਪੰਚ ਦੇ ਅਹੁਦੇ ਦੀ ਬੋਲੀ ਸਬੰਧੀ ਗੁਰਦੁਆਰਾ ਸਾਹਿਬ ਤੋਂ ਐਲਾਨ ਕੀਤਾ ਗਿਆ। ਇਸ ਤੋਂ ਬਾਅਦ ਇਹ ਪ੍ਰਕਿਰਿਆ ਸ਼ੁਰੂ ਹੋਈ। ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਨੁਮਾਇੰਦਾ ਬੋਲੀ ਦੇਣ ਲਈ ਅੱਗੇ ਨਹੀਂ ਆਇਆ।

ਉਧਰ ਗੁਰਦਾਸਪੁਰ ਦੇ ਡੀ ਸੀ ਉਮਾ ਸ਼ੰਕਰ ਗੁਪਤਾ ਨੇ ਮੀਡੀਆ ਵਿੱਚ ਖ਼ਬਰ ਆਉਣ ਤੋਂ ਬਾਅਦ ਆਪ ਇਸ ਦਾ ਨੋਟਿਸ ਲੈਂਦੇ ਹੋਏ ਏਡੀਸੀ ਨੂੰ ਜਾਂਚ ਦੇ ਨਿਰਦੇਸ਼ ਦੇ ਦਿੱਤੇ ਹਨ।

ਸਰਪੰਚੀ ਲਈ 2 ਕਰੋੜ ਦੀ ਬੋਲੀ ਲਗਾਉਣ ਵਾਲੇ ਆਤਮ ਸਿੰਘ ਨੇ ਹੁਣ 2 ਕਰੋੜ ਦੀ ਬੋਲੀ ਤੋਂ ਪਿੱਛੇ ਹੱਟਦੇ ਹੋਏ ਕਿਹਾ ਕਿ ਪਿੰਡ ਦੇ ਵਸਨੀਕ ਵੋਟਾਂ ਪਾਉਣੀਆਂ ਚਾਹੁੰਦੇ ਹਨ। ਹੁਣ ਬੋਲੀ ਦੇ ਪੈਸੇ ਨਹੀਂ ਦਿੱਤੇ ਜਾਣਗੇ।

ਇਸ ਤੋਂ ਪਹਿਲਾਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਪਿੰਡ ਕੋਟਲੀ ਦੀ ਪੰਚਾਇਤ ਕੋਠੇ ਚੀਦਿਆਂਵਾਲੀ ਵਿੱਚ ਸਰਪੰਚ ਦੀ ਕੁਰਸੀ ਲਈ ਬੋਲੀ 35 ਲੱਖ ਪਹੁੰਚੀ ਸੀ।

ਮੋਹਰੀ ਅਹੁਦਿਆਂ ਲਈ ਬੋਲੀ ਦੇਣ ਦਾ ਅਮਲ 73ਵੀਂ ਸੰਵਿਧਾਨਕ ਸੋਧ ਦੀ ਉਲੰਘਣਾ ਹੈ ਜਿਸ ਤਹਿਤ ਪੰਚਾਇਤੀ ਨੁਮਾਇੰਦਿਆਂ ਲਈ ਸੁਤੰਤਰ ਅਤੇ ਵਾਜਬ ਢੰਗ ਨਾਲ ਚੋਣਾਂ ਕਰਾਉਣੀਆਂ ਲਾਜ਼ਮੀ ਹਨ ਅਤੇ ਨਾਲ ਹੀ ਇਹ ਪੰਜਾਬ ਪੰਚਾਇਤੀ ਰਾਜ ਐਕਟ ਦੀ ਵੀ ਉਲੰਘਣਾ ਹੈ ਜਿਸ ਤਹਿਤ ਵਿੱਤੀ ਬੋਲੀ ਲਈ ਕੋਈ ਥਾਂ ਨਹੀਂ ਹੈ ਸਗੋਂ ਵੋਟਾਂ ਪਵਾਉਣੀਆਂ ਜ਼ਰੂਰੀ ਹਨ।

ਇਸ ਖ਼ਬਰ ਦੇ ਨਸ਼ਰ ਹੋਣ ਤੋਂ ਬਾਅਦ ਆਗੂ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ ਨੇ ਇਸ ਨੂੰ ਓਪਨ ਕੁਰੱਪਸ਼ਨ ਦੱਸਿਆ ਸੀ ਅਤੇ ਵਿਜੀਲੈਂਸ ਤੋਂ ਜਾਂਚ ਦੀ ਮੰਗ ਕੀਤੀ ਸੀ।

(ਬਾਕੀ ਸਫ਼ਾ 30 'ਤੇ)

# ਭਾਜਪਾ ਡੁੱਬਦੀ ਬੇੜੀ ਨੂੰ ਬਚਾਉਣ ਲਈ ਸੌਦਾ ਸਾਧ ਦਾ ਸਹਾਰਾ ਲੈਣ ਲੱਗੀ

**ਰਜਿੰਦਰ ਸਿੰਘ ਪੁਰੇਵਾਲ**

ਸਾਰੇ ਸਿਆਸੀ ਉਪਾਅ ਅਤੇ ਚੋਣ ਰਣਨੀਤੀ ਅਜ਼ਮਾਉਣ ਤੋਂ ਬਾਅਦ, ਭਾਜਪਾ ਨੂੰ ਆਖ਼ਰਕਾਰ ਸੌਦਾ ਸਾਧ ਦਾ ਸਮਰਥਨ ਮਿਲ ਰਿਹਾ ਹੈ। ਹਰਿਆਣਾ ਵਿੱਚ ਵੋਟਿੰਗ ਤੋਂ ਚਾਰ ਦਿਨ ਪਹਿਲਾਂ ਡੇਰਾ ਸੌਦਾ ਦੇ ਸੰਸਥਾਪਕ ਰਾਮ ਰਹੀਮ ਨੂੰ ਇੱਕ ਵਾਰ ਫਿਰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਬਲਾਤਕਾਰ ਅਤੇ ਕਤਲ ਕੇਸ ਵਿੱਚ ਸਜ਼ਾ ਕੱਟ ਰਹੇ ਰਾਮ ਰਹੀਮ ਨੂੰ 1 ਅਕਤੂਬਰ ਨੂੰ 21 ਦਿਨਾਂ ਦੀ ਪੈਰੋਲ 'ਤੇ ਰਿਹਾਅ ਕੀਤਾ ਗਿਆ ਸੀ। ਇਸ ਵਾਰ ਰਾਮ ਰਹੀਮ ਨੂੰ ਪੈਰੋਲ 'ਤੇ ਰਿਹਾਅ ਕਰਨ 'ਚ ਨਾ ਸਿਰਫ਼ ਹਰਿਆਣਾ ਸਰਕਾਰ ਜਾਂ ਰੋਹਤਕ ਦੀ ਸੁਨਾਰੀਆ ਜੇਲ੍ਹ ਦਾ ਪ੍ਰਸ਼ਾਸਨ ਸ਼ਾਮਲ ਹੈ, ਸਗੋਂ ਅਦਾਲਤ ਅਤੇ ਚੋਣ ਕਮਿਸ਼ਨ ਵੀ ਸ਼ਾਮਲ ਹਨ। ਦੱਸਿਆ ਜਾ ਰਿਹਾ ਹੈ ਕਿ ਰਾਮ ਰਹੀਮ ਨੂੰ ਪੁੱਛਿਆ ਗਿਆ ਕਿ ਉਹ ਪੈਰੋਲ ਕਿਉਂ ਚਾਹੁੰਦਾ ਹੈ ਤਾਂ ਉਸ ਨੇ ਪੰਜ ਕਾਰਨ ਦੱਸੇ, ਜਿਨ੍ਹਾਂ 'ਤੇ ਅਦਾਲਤ ਨੇ ਚੋਣ ਕਮਿਸ਼ਨ ਨੂੰ ਵਿਚਾਰ ਕਰਨ ਲਈ ਕਿਹਾ ਅਤੇ ਚੋਣ ਕਮਿਸ਼ਨ ਨੇ ਵਿਚਾਰ ਕਰਨ ਤੋਂ ਬਾਅਦ ਪੈਰੋਲ ਨੂੰ ਮਨਜ਼ੂਰੀ ਦੇ ਦਿੱਤੀ। ਸੋਚੋ, ਸਾਡੇ ਦੇਸ਼ ਦੀਆਂ ਅਦਾਲਤਾਂ ਕਿੰਨੀਆਂ ਮਸੂਮ ਹਨ ਅਤੇ ਚੋਣ ਕਮਿਸ਼ਨ ਕਿੰਨਾ ਮਸੂਮ ਹੈ?

ਇਸ ਮਸੂਮ ਚੋਣ ਕਮਿਸ਼ਨ ਨੇ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਰਾਮ ਰਹੀਮ ਨੂੰ ਪੈਰੋਲ ਦਿੰਦੇ ਹੋਏ ਤਿੰਨ ਸ਼ਰਤਾਂ ਲਗਾਈਆਂ ਸਨ। ਉਨ੍ਹਾਂ ਕਿਹਾ ਕਿ ਉਹ ਰਾਜਨੀਤਿਕ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਹੋਣਗੇ, ਸੋਸ਼ਲ ਮੀਡੀਆ ਵਿੱਚ ਪ੍ਰਚਾਰ ਨਹੀਂ ਕਰਨਗੇ ਅਤੇ ਹਰਿਆਣਾ ਵਿੱਚ ਨਹੀਂ ਰਹਿਣਗੇ। ਕੀ ਇਹ ਮੰਨਿਆ ਜਾ ਸਕਦਾ ਹੈ ਕਿ ਰਾਮ ਰਹੀਮ ਇਨ੍ਹਾਂ ਸ਼ਰਤਾਂ ਨੂੰ ਮੰਨ ਕੇ ਹਰਿਆਣਾ ਵਿਧਾਨ ਸਭਾ ਚੋਣਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ? ਦੇਸ਼ ਦੇ ਚੋਣ ਕਮਿਸ਼ਨ ਨੂੰ ਛੱਡ ਕੇ ਇਸ ਧਰਤੀ 'ਤੇ ਕੋਈ ਵੀ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰੇਗਾ। ਰਾਮ ਰਹੀਮ ਦਾ ਆਸ਼ਰਮ ਹਰਿਆਣਾ ਦੀ ਸਰਹੱਦ ਦੇ ਆਸ-ਪਾਸ ਹੈ। ਉਨ੍ਹਾਂ ਨੂੰ ਹਰਿਆਣਾ ਵਿੱਚ ਰਹਿਣ ਦੀ ਲੋੜ ਨਹੀਂ ਹੈ ਅਤੇ ਨਾ ਹੀ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਸੋਸ਼ਲ ਮੀਡੀਆ 'ਤੇ ਕੋਈ ਭਾਸ਼ਣ ਦੇਣ ਦੀ ਲੋੜ ਹੈ। ਰਾਮ ਰਹੀਮ ਦਾ ਸੰਦੇਸ਼ ਸ਼ਰਧਾਲੂਆਂ



ਤੱਕ ਪਹੁੰਚਾਉਣ ਦਾ ਡੇਰੇ ਦਾ ਆਪਣਾ ਹੀ ਤਰੀਕਾ ਹੈ। ਉਹ ਉਪਦੇਸ਼ ਲਈ ਇਕੱਠੀ ਹੋਈ ਭੀੜ ਨੂੰ ਸਿੱਧਾ ਸੰਦੇਸ਼ ਦੇ ਸਕਦਾ ਹੈ, ਪਰ ਉਸ ਦੇ ਸੇਵਕ ਵੱਖ-ਵੱਖ ਤਰੀਕਿਆਂ ਨਾਲ ਉਸ ਦਾ ਸੰਦੇਸ਼ ਸ਼ਰਧਾਲੂਆਂ ਤੱਕ ਪਹੁੰਚਾਉਂਦੇ ਹਨ। ਇਸੇ ਕਾਰਨ ਉਸ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ। ਚੋਣ ਕਮਿਸ਼ਨ ਉੱਪਰ ਮੋਦੀ ਸਰਕਾਰ ਦਾ ਪ੍ਰਭਾਵ ਹੈ। ਇਸ ਕਾਰਨ ਉਸਨੇ ਇਸ ਪੱਖ ਨੂੰ ਅਖੋਂ ਪਰੋਖੇ ਕੀਤਾ

ਪਰ ਕੀ ਸੌਦਾ ਸਾਧ ਹਰਿਆਣਾ ਚੋਣਾਂ ਨੂੰ ਪ੍ਰਭਾਵਿਤ ਕਰੇਗਾ? ਇਸ ਤੋਂ ਪਹਿਲਾਂ ਜਦੋਂ ਭਾਜਪਾ ਸਰਕਾਰ ਨੇ ਉਸ ਨੂੰ ਰਿਹਾਅ ਕੀਤਾ ਸੀ ਤਾਂ ਕੀ ਉਸ ਨੇ ਚੋਣਾਂ ਵਿੱਚ ਭਾਜਪਾ ਦੀ ਜਿੱਤ ਯਕੀਨੀ ਬਣਾਈ ਸੀ? ਜੇਕਰ ਅਜਿਹਾ ਹੋਇਆ ਹੁੰਦਾ ਤਾਂ ਇਸ ਵਾਰ ਉਹ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਲਗਾਤਾਰ ਦੋ ਮਹੀਨੇ ਦੂਰ ਰਹਿ ਕੇ ਭਾਜਪਾ ਦੀ ਕਾਫ਼ੀ ਮਦਦ ਕਰ ਸਕਦਾ ਸੀ। ਉਸ ਨੂੰ 19 ਜਨਵਰੀ 2024 ਨੂੰ 60 ਦਿਨਾਂ ਦੀ ਪੈਰੋਲ ਮਿਲੀ ਸੀ। ਪਰ ਹਰਿਆਣਾ, ਪੰਜਾਬ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਰਗੇ ਇਸ ਦੇ ਪ੍ਰਭਾਵ ਵਾਲੇ ਖੇਤਰਾਂ ਵਿੱਚ ਭਾਜਪਾ ਦਾ ਬੁਰਾ ਹਾਲ ਹੋਇਆ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਲਾਤਕਾਰੀ ਬਾਬਾ ਨਹਿਸ਼ੀ ਹੈ। ਹਰਿਆਣਾ ਵਿੱਚ ਭਾਜਪਾ ਦਾ ਉਲਟਾ ਸਿਆਸੀ ਨੁਕਸਾਨ ਹੋਵੇਗਾ। ਰਾਮਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਮੁੱਖ ਚੋਣ ਕਮਿਸ਼ਨਰ ਨੂੰ ਪੱਤਰ ਲਿਖ ਕੇ ਸਿਰਸਾ ਡੇਰਾ ਮੁਖੀ ਦੀ ਪੈਰੋਲ ਦੀ ਅਰਜ਼ੀ ਰੱਦ ਕਰਨ ਦੀ ਮੰਗ ਕੀਤੀ ਹੈ। ਆਪਣੇ ਪੱਤਰ ਵਿੱਚ ਅੰਸ਼ੁਲ ਨੇ ਕਿਹਾ ਕਿ ਸੌਦਾ ਸਾਧ ਉਸਦੇ ਪਿਤਾ ਰਾਮਚੰਦਰ ਛਤਰਪਤੀ ਦੀ ਹੱਤਿਆ ਦੇ ਮਾਮਲੇ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ। ਇਸ ਤੋਂ ਇਲਾਵਾ ਉਸ ਵਿਰੁੱਧ ਪੰਜਾਬ ਵਿੱਚ ਸਾਧੂਆਂ ਨੂੰ ਨਿਪੁੰਸਕ ਬਣਾਉਣ ਅਤੇ ਬੇਅਦਬੀ ਕਰਨ ਦੇ ਮਾਮਲੇ ਅਦਾਲਤ ਵਿੱਚ ਵਿਚਾਰ ਅਧੀਨ ਹਨ। ਡੇਰਾ ਮੁਖੀ ਪਿਛਲੇ ਦੋ ਦਹਾਕਿਆਂ ਤੋਂ ਆਪਣੇ ਸਿਆਸੀ ਵਿੰਗ ਰਾਹੀਂ ਆਪਣੇ ਸ਼ਰਧਾਲੂਆਂ ਦੀਆਂ ਵੋਟਾਂ ਦੀ ਸੌਦੇਬਾਜ਼ੀ ਭਾਜਪਾ ਨਾਲ ਕਰ ਰਿਹਾ ਹੈ। ਪਿਛਲੇ ਦੋ ਸਾਲਾਂ ਵਿੱਚ ਹੀ ਉਸ ਨੂੰ 10 ਵਾਰ ਪੈਰੋਲ ਜਾਂ ਫਰਲੋ ਦਿੱਤੀ ਗਈ ਸੀ, ਜਿਸ ਤਹਿਤ ਉਹ 255 ਦਿਨ ਜੇਲ੍ਹ ਤੋਂ ਬਾਹਰ ਰਿਹਾ ਸੀ। ਉਹ ਹਰ ਚੋਣ ਵਾਂਗ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਕਿਸੇ ਖਾਸ ਸਿਆਸੀ ਪਾਰਟੀ ਨੂੰ ਫਾਇਦਾ ਪਹੁੰਚਾਉਣ ਲਈ ਆਪਣੇ ਸ਼ਰਧਾਲੂਆਂ ਨੂੰ ਸੰਦੇਸ਼ ਦੇ ਕੇ ਵੋਟਿੰਗ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਉਪਰੋਕਤ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਹਰਿਆਣਾ ਸਰਕਾਰ ਨੂੰ ਸੌਦਾ ਦੀ ਪੈਰੋਲ ਦੀ ਅਰਜ਼ੀ ਰੱਦ ਕਰਨ ਦੇ ਨਿਰਦੇਸ਼ ਦੇਵੇ ਅਤੇ ਇਸ ਤੋਂ ਇਲਾਵਾ ਨਿਰਪੱਖ ਵੋਟਾਂ ਦੇ ਹਿੱਤ ਵਿੱਚ (ਬਾਕੀ ਸਫ਼ਾ 31 'ਤੇ)

# ਇਜ਼ਰਾਇਲ ਦੇ ਨਿਸ਼ਾਨੇ ਉੱਪਰ ਜਿਹਾਦੀ ਖ਼ਾੜਕੂਵਾਦ, ਹਮਲੇ ਜਾਰੀ

## ਹਿਜਬੁਲਾ ਦਾ ਕਮਾਂਡਰ ਹਸਨ ਬੇਟੀ ਜ਼ੈਨਬ ਸਮੇਤ ਇਜ਼ਰਾਇਲ ਦੇ ਹਮਲੇ 'ਚ ਮਾਰਿਆ ਗਿਆ

## ਹਿਜ਼ਬੁਲਾ ਦੀ ਸੀਨੀਅਰ ਕਮਾਂਡ ਇਜ਼ਰਾਇਲੀ ਬੰਬ ਧਮਾਕਿਆਂ ਵਿੱਚ ਖ਼ਤਮ



ਪ੍ਰੋ.ਫੈਸਰ ਬਲਵਿੰਦਰ ਪਾਲ ਸਿੰਘ
9815700916



ਇਜ਼ਰਾਇਲ ਨੇ ਹਿਜਬੁਲਾ ਨੂੰ ਮਿਟਾਉਣ ਲਈ ਲਿਬਨਾਨ ਉੱਪਰ ਹਮਲੇ ਪੇਜਰ ਧਮਾਕਿਆਂ ਬਾਅਦ ਹੋਰ ਤੇਜ਼ ਕਰ ਦਿੱਤੇ ਹਨ ਤੇ ਐਲਾਨ ਕੀਤਾ ਕਿ ਉਹ ਲਿਬਨਾਨ ਅੰਦਰ ਵੜੇਗਾ। ਇਸ ਮਹੀਨੇ ਦੌਰਾਨ ਇਜ਼ਰਾਇਲ ਨੇ ਕਈ ਹਿਜਬੁਲਾ ਦੇ ਕਮਾਂਡਰ ਇਬਰਾਹੀਮ ਕੁਬੇਸੀ, ਇਬਰਾਹੀਮ ਅਕੀਲ, ਫ਼ੁਆਦ ਸ਼ੁਕਰ ਠੋਕ ਦਿਤੇ ਹਨ, ਪਰ ਹਿਜਬੁਲਾ ਇਜ਼ਰਾਈਲ ਦਾ ਮੁਕਾਬਲਾ ਕਰਨ ਤੋਂ ਅਸਮਰਥ ਸਾਬਿਤ ਹੋ ਰਿਹਾ ਹੈ।

ਇਜ਼ਰਾਇਲ ਨੇ ਬੀਤੇ ਹਫ਼ਤੇ ਲਿਬਨਾਨ ਦੀ ਰਾਜਧਾਨੀ ਬੇਰੂਤ ਦੇ ਦਹੀਹ ਵਿੱਚ ਇੱਕ ਵੱਡਾ ਹਵਾਈ ਹਮਲਾ ਕੀਤਾ ਸੀ। ਹਮਲੇ ਵਿੱਚ ਲਿਬਨਾਨੀ ਸਮੂਹ ਹਿਜ਼ਬੁੱਲਾ ਦਾ ਹੈੱਡਕੁਆਰਟਰ ਤਬਾਹ ਹੋ ਗਿਆ ਸੀ। ਇਸ ਵਿੱਚ 6 ਲੋਕਾਂ ਦੀ ਮੌਤ ਹੋ ਗਈ ਸੀ। ਅਮਰੀਕੀ ਨਿਊਜ਼ ਵੈੱਬਸਾਈਟ ਐਕਸੀਓਸ ਨੇ ਇੱਕ ਇਜ਼ਰਾਇਲੀ ਸੂਤਰ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਸੀ ਕਿ ਇਹ ਹਮਲਾ ਹਿਜ਼ਬੁੱਲਾ ਨੇਤਾ ਹਸਨ ਨਸਰੱਲਾ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ। ਨਸਰੁੱਲਾ ਇਸ ਵਿੱਚ ਮਾਰਿਆ ਗਿਆ। ਸਮਝਿਆ ਜਾਂਦਾ ਹੈ ਕਿ ਹਿਜ਼ਬੁੱਲਾ ਮੁਖੀ ਹਸਨ ਨਸਰੁੱਲਾ ਦੇ ਦੱਖਣੀ ਬੈਰੂਤ ਵਿੱਚ ਸਥਿਤ ਹੈੱਡਕੁਆਰਟਰ 'ਚ ਮੌਜੂਦ ਹੋਣ ਦੀ ਸੂਚਨਾ ਇਜ਼ਰਾਇਲ ਨੂੰ ਇੱਕ ਇਰਾਨੀ ਜਾਸੂਸ ਤੋਂ ਮਿਲੀ ਸੀ, ਜਿਸ ਤੋਂ ਬਾਅਦ ਹਮਲੇ ਲਈ ਤੁਰੰਤ ਮਿਸ਼ਨ ਤਿਆਰ ਕੀਤਾ ਗਿਆ। ਅਮਰੀਕਾ ਵਿੱਚ ਮੌਜੂਦ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਤੁਰੰਤ ਇਸ ਮਿਸ਼ਨ ਨੂੰ ਹਰੀ ਝੰਡੀ ਦੇ ਦਿੱਤੀ ਸੀ। ਨੇਤਨਯਾਹੂ ਦੀ ਮਨਜ਼ੂਰੀ ਮਿਲਦਿਆਂ ਹੀ ਕੁਝ ਮਿੰਟਾਂ ਦੇ ਅੰਦਰ ਇਜ਼ਰਾਇਲ ਦੀ ਹਵਾਈ ਫ਼ੌਜ ਨੇ ਹਿਜ਼ਬੁੱਲਾ ਹੈੱਡਕੁਆਰਟਰ ਦੀ ਸੱਤ ਮੰਜ਼ਿਲਾ ਇਮਾਰਤ ਨੂੰ ਨਿਸ਼ਾਨਾ ਬਣਾਉਂਦਿਆਂ ਬੰਬ ਸੁੱਟੇ। ਨਸਰੁੱਲਾ ਇਸੇ ਇਮਾਰਤ ਦੀ ਬੇਸਮੈਂਟ ਵਿੱਚ ਆਪਣੇ ਸਾਥੀਆਂ ਨਾਲ ਮੀਟਿੰਗ ਕਰ ਰਿਹਾ ਸੀ।

ਇਜ਼ਰਾਇਲੀ ਫ਼ੌਜ ਦੇ ਬੁਲਾਰੇ ਲੈਫ਼ਟੀਨੈਂਟ ਕਰਨਲ ਨਦਾਵ ਸ਼ੋਸ਼ਾਨੀ ਨੇ ਟਵਿੱਟਰ 'ਤੇ ਐਲਾਨ ਕੀਤਾ, 'ਹਿਜ਼ਬੁੱਲਾ ਚੀਫ਼ ਹਸਨ ਨਸਰੱਲਾਹ ਬੇਟੀ ਜ਼ੈਨਬ ਨਸਰੱਲਾਹ, ਹਿਜ਼ਬੁੱਲਾ ਦੇ ਦੱਖਣੀ ਫ਼ਰੰਟ ਕਮਾਂਡਰ ਅਲੀ ਕਰਾਕੀ ਅਤੇ ਹੋਰ ਸੀਨੀਅਰ ਕਮਾਂਡਰਾਂ ਸਮੇਤ ਇਸ ਹਮਲੇ ਵਿੱਚ ਮਾਰਿਆ ਗਿਆ ਸੀ। ਇਜ਼ਰਾਇਲੀ ਹਮਲਿਆਂ ਵਿੱਚ ਹਿਜ਼ਬੁੱਲਾ ਦੀ ਸੈਕਿੰਡ ਇਨ ਕਮਾਂਡ ਵੀ ਤਬਾਹ ਹੋ ਚੁਕੀ ਹੈ।

ਨਸਰੁੱਲਾ ਦੀ ਮੌਤ ਦੀਆਂ ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ, ਹਿਜ਼ਬੁੱਲਾ ਨੇ ਹਸਨ ਨਸਰੱਲਾ ਦੀ ਮੌਤ ਬਾਰੇ ਪੁਸ਼ਟੀ ਕਰ ਦਿਤੀ ਹੈ। ਇਸ ਮੌਤ ਨਾਲ ਪੱਛਮੀ ਏਸ਼ੀਆ ਵਿੱਚ ਤਣਾਅ ਵਧ ਸਕਦਾ ਹੈ।

ਇਜ਼ਰਾਇਲੀ ਫ਼ੌਜ ਨੇ ਹੁਣੇ ਜਿਹੇ ਦਾਅਵਾ ਕੀਤਾ ਕਿ ਉਸ ਨੇ ਇੱਕ ਹਵਾਈ ਹਮਲੇ ਵਿੱਚ ਹਿਜ਼ਬੁੱਲਾ ਦੇ ਇੱਕ ਹੋਰ ਪ੍ਰਮੁੱਖ ਨੇਤਾ ਹਿਜ਼ਬੁੱਲਾ ਦੀ ਕੇਂਦਰੀ ਕੌਂਸਲ ਦਾ ਉਪ ਮੁਖੀ ਨਬੀਲ ਕਾਊਕ ਨੂੰ ਮਾਰ ਦਿੱਤਾ ਹੈ। ਲਿਬਨਾਨ ਦੇ ਹਥਿਆਰਬੰਦ ਸ਼ੀਆ ਸੰਗਠਨ ਹਿਜ਼ਬੁੱਲਾ ਨੇ ਕਾਊਕ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਾਲ ਹੀ ਦੇ ਦਿਨਾਂ 'ਚ ਇਜ਼ਰਾਇਲੀ ਹਮਲਿਆਂ 'ਚ ਉਸ ਦਾ ਚੋਟੀ ਦਾ 7ਵਾਂ ਕਮਾਂਡਰ ਮਾਰਿਆ ਗਿਆ ਹੈ। ਕਾਊਕ ਹਿਜ਼ਬੁੱਲਾ ਦਾ ਇੱਕ ਅਨੁਭਵੀ ਮੈਂਬਰ ਸੀ ਅਤੇ ਇਸ ਤੋਂ ਪਹਿਲਾਂ ਦੱਖਣੀ ਲਿਬਨਾਨ ਵਿੱਚ ਹਿਜ਼ਬੁੱਲਾ ਦੇ ਫ਼ੌਜੀ ਕਮਾਂਡਰ ਵਜੋਂ ਕੰਮ ਕਰ ਚੁੱਕਾ ਹੈ। ਅਮਰੀਕਾ ਨੇ 2020 ਵਿੱਚ ਉਸ ਦੇ ਖ਼ਿਲਾਫ਼ ਪਾਬੰਦੀਆਂ ਦਾ ਐਲਾਨ ਕੀਤਾ ਸੀ।

**ਹਾਸ਼ਮ ਸਫ਼ੀਦੀਨ ਹਸਨ ਨਸਰੁੱਲਾ ਦੀ ਲਵੇਗਾ ਥਾਂ**

ਨਸਰੁੱਲਾ ਦੀ ਮੌਤ ਤੋਂ ਬਾਅਦ ਹਿਜ਼ਬੁੱਲਾ ਦੇ ਨਵੇਂ ਮੁਖੀ ਲਈ ਹਾਸ਼ਮ ਸਫ਼ੀਦੀਨ ਦਾ ਨਾਂਅ ਸਭ ਤੋਂ ਅੱਗੇ ਹੈ। ਹਾਸ਼ਮ ਸਫ਼ੀਦੀਨ ਸਾਬਕਾ ਹਿਜ਼ਬੁੱਲਾ ਮੁਖੀ ਨਸਰੁੱਲਾ ਦਾ ਚਚੇਰਾ ਭਰਾ ਹੈ। ਹਿਜ਼ਬੁੱਲਾ ਦੀ ਕਾਰਜਕਾਰੀ ਕੌਂਸਲ ਦੇ ਮੁਖੀ ਵਜੋਂ, ਸਫ਼ੀਦੀਨ ਹਿਜ਼ਬੁੱਲਾ ਦੇ ਰਾਜਨੀਤਿਕ ਮਾਮਲਿਆਂ ਦੀ ਨਿਗਰਾਨੀ ਕਰਦਾ ਹੈ।

(ਬਾਕੀ ਸਫ਼ਾ 30 'ਤੇ)

### ਇਰਾਨੀ ਕਮਾਂਡਰ ਖ਼ਮੇਨੀ ਇਜ਼ਰਾਇਲੀ ਦਹਿਸ਼ਤ ਕਾਰਨ ਲੁਕਿਆ


ਨਿਊਯਾਰਕ ਟਾਈਮਜ਼ ਨੇ ਸੂਤਰਾਂ ਦੇ ਹਵਾਲੇ ਤੋਂ ਕਿਹਾ ਕਿ ਹਸਨ ਨਸਰੱਲਾ ਦੀ ਮੌਤ ਤੋਂ ਬਾਅਦ ਅਲੀ ਖਮੇਨੀ ਨੇ ਤਹਿਰਾਨ ਵਿੱਚ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ। ਇਸ ਬੈਠਕ ਤੋਂ ਬਾਅਦ ਹੀ ਖਮੇਨੀ ਨੂੰ ਸੁਰੱਖਿਅਤ ਸਥਾਨ 'ਤੇ ਭੇਜਣ ਦਾ ਫ਼ੈਸਲਾ ਕੀਤਾ ਗਿਆ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਨੇ ਇਜ਼ਰਾਈਲ 'ਤੇ ਅਮਰੀਕੀ ਬੰਕਰ ਬਸਟਰ ਬੰਬਾਂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਹੈ। ਇਰਾਨ ਦੇ ਰਾਸ਼ਟਰਪਤੀ ਮਹਿਮੂਦ ਪੇਜ਼ੇਸਕੀਅਨ ਨੇ ਬੇਰੂਤ 'ਤੇ ਹਮਲੇ ਨੂੰ ਘੋਰ ਯੁੱਧ ਅਪਰਾਧ ਦੱਸਿਆ ਹੈ। ਇਹ ਵੀ ਦੋਸ਼ ਲਗਾਏ ਕਿ ਅਮਰੀਕਾ ਇਸ ਵਿੱਚ ਮਦਦ ਕਰ ਰਿਹਾ ਹੈ। ਇਰਾਨ ਦੇ ਸੁਪਰੀਮ ਲੀਡਰ ਦੇ ਸਲਾਹਕਾਰ ਅਲੀ ਲਾਰੀਜਾਨੀ ਨੇ ਕਿਹਾ ਕਿ ਨਸਰੁੱਲਾ ਦੀ ਹੱਤਿਆ ਬਾਰੇ ਸੰਭਾਵਨਾਵਾਂ ਦੇ ਵਿਚਕਾਰ, ਲਾਰੀਜਾਨੀ ਨੇ ਕਿਹਾ, ਹੱਤਿਆਵਾਂ ਨਾਲ ਇਜ਼ਰਾਈਲ ਦੀਆਂ ਸਮੱਸਿਆਵਾਂ ਹੱਲ ਨਹੀਂ ਹੋਣਗੀਆਂ। ਮਾਰੇ ਗਏ ਹਿਜਬੁਲਾ ਆਗੂਆਂ ਦੀ ਥਾਂ ਹੋਰ ਆਗੂ ਲੈ ਲੈਣਗੇ। ਲਾਰੀਜਾਨੀ ਨੇ ਕਿਹਾ ਕਿ ਹਿਜਬੁਲਾ ਦੇ ਕੋਲ ਮਜ਼ਬੂਤ ਕਮਾਂਡਰ ਅਤੇ ਕਾਡਰ ਹਨ।

### ਹਿਜ਼ਬੁੱਲਾ ਤੋਂ ਬਾਅਦ ਹੁਣ ਹੂਤੀ ਬਾਗ਼ੀਆਂ 'ਤੇ ਇਜ਼ਰਾਈਲ ਵੱਲੋਂ ਹਵਾਈ ਹਮਲੇ

ਹਿਜ਼ਬੁੱਲਾ ਖ਼ਿਲਾਫ਼ ਕਾਰਵਾਈ ਤੋਂ ਬਾਅਦ ਹੁਣ ਇਜ਼ਰਾਇਲ ਨੇ ਯਮਨ ਵਿੱਚ ਹੂਤੀ ਬਾਗੀਆਂ ਦੇ ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਇਜ਼ਰਾਇਲੀ ਫ਼ੌਜ ਅਨੁਸਾਰ ਬੀਤੇ ਦਿਨੀਂ ਇਜ਼ਰਾਇਲੀ ਹਵਾਈ ਫ਼ੌਜ ਦੇ ਲੜਾਕੂ ਜਹਾਜ਼ਾਂ ਨੇ ਯਮਨ ਦੇ ਬੰਦਰਗਾਹ ਸ਼ਹਿਰ ਹੋਦੀਦਾਹ ਵਿੱਚ ਹੂਤੀ ਬਾਗੀਆਂ ਦੇ ਟਿਕਾਣਿਆਂ 'ਤੇ ਦਰਜਨਾਂ ਹਮਲੇ ਕੀਤੇ। ਫ਼ੌਜੀ ਬਿਆਨ ਮੁਤਾਬਕ, ਆਈ.ਡੀ.ਐੱਫ਼. ਨੇ ਪਾਵਰ ਪਲਾਂਟਾਂ ਅਤੇ ਇੱਕ ਬੰਦਰਗਾਹ 'ਤੇ ਹਮਲਾ ਕੀਤਾ ਜੋ ਤੇਲ ਦਰਾਮਦ ਕਰਨ ਲਈ ਵਰਤਿਆ ਜਾਂਦਾ ਹੈ।

ਇਜ਼ਰਾਇਲ ਡੀਫ਼ੈਂਸ ਫ਼ੋਰਸ ਨੇ ਕਿਹਾ ਕਿ ਉਹ ਇਜ਼ਰਾਇਲੀ ਨਾਗਰਿਕਾਂ ਲਈ ਖਤਰਾ ਪੈਦਾ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਕਾਰਵਾਈ ਕਰੇਗਾ ਅਤੇ ਉਹਨਾਂ ਨੂੰ ਨੁਕਸਾਨ ਪਹੁੰਚਾਉਣ ਲਈ ਅਜਿਹਾ ਕਰਨਾ ਜਾਰੀ ਰੱਖੇਗਾ, ਭਾਵੇਂ ਇਸ ਨੂੰ ਕਿੰਨੀ ਵੀ ਦੂਰ ਜਾਣਾ ਪਵੇ।

### ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫ਼ੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੇਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


ਮਾਮਲਾ ਬੇਅੰਤ ਸਿੰਘ ਹੱਤਿਆਕਾਂਡ ਦਾ

# ਕੀ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਖ਼ਤਮ ਹੋ ਸਕਦੀ ਹੈ?



## ਸੁਪਰੀਮ ਕੋਰਟ ਮੁੜ ਵਿਚਾਰੇਗੀ ਇਹ ਕੇਸ

ਸੁਪਰੀਮ ਕੋਰਟ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆਕਾਂਡ ਵਿੱਚ ਸੋਧਾ ਲਗਾਉਣ ਵਾਲੇ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਸਬੰਧੀ ਮਾਮਲੇ 'ਤੇ ਮੁੜ ਸੁਣਵਾਈ ਲਈ ਤਿਆਰ ਹੋ ਗਈ ਹੈ। ਸੁਪਰੀਮ ਕੋਰਟ ਨੇ 16 ਮਹੀਨੇ ਪਹਿਲਾਂ ਉਸਦੀ ਸਜ਼ਾ ਨੂੰ ਘੱਟ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਰਾਜੋਆਣਾ ਦੀ ਨਵੀਂ ਪਟੀਸ਼ਨ 'ਤੇ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਰਾਜੋਆਣਾ ਨੇ 25 ਮਾਰਚ, 2012 ਨੂੰ ਰਹਿਮ ਦੀ ਅਪੀਲ ਦਾਖਲ ਕੀਤੀ ਸੀ ਤੇ ਹਾਲੇ ਤੱਕ ਕੇਂਦਰ ਉਸ 'ਤੇ ਫ਼ੈਸਲਾ ਨਹੀਂ ਲੈ ਸਕਿਆ।ਭਾਈ ਰਾਜੋਆਣਾ ਪਿਛਲੇ 28 ਸਾਲਾਂ ਤੋਂ ਜੇਲ੍ਹ ਵਿੱਚ



ਬੰਦ ਹੈ। ਜ਼ਿਕਰਯੋਗ ਹੈ ਕਿ 1995 'ਚ ਪੰਜਾਬ ਸਕੱਤਰੇਤ ਦੇ ਬਾਹਰ ਹੋਏ ਬੰਬ ਧਮਾਕੇ 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ 16 ਹੋਰ ਲੋਕਾਂ ਦੀ ਮੌਤ ਹੋ ਗਈ ਸੀ। ਇੱਕ ਵਿਸ਼ੇਸ਼ ਅਦਾਲਤ ਨੇ 2007 ਵਿੱਚ ਭਾਈ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਉਸਦੀ ਰਹਿਮ ਦੀ ਅਪੀਲ ਪਿਛਲੇ 12 ਸਾਲਾਂ ਤੋਂ ਲਟਕ ਰਹੀ ਹੈ।3 ਮਈ, 2023 ਨੂੰ ਸੁਪਰੀਮ ਕੋਰਟ ਨੇ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਕੇਂਦਰ ਨੂੰ ਉਸਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਕਰਨ ਲਈ ਕਿਹਾ ਸੀ। ਬੈਂਚ ਨੇ ਕਿਹਾ ਕਿ ਅਸੀਂ ਦੇਖਿਆ ਹੈ ਕਿ ਗ੍ਰਹਿ ਮੰਤਰਾਲੇ ਆਪਣੀਆਂ ਵੱਖ ਵੱਖ ਬ੍ਰਾਂਚਾਂ ਤੋਂ ਪ੍ਰਾਪਤ ਰਿਪੋਰਟਾਂ ਦੇ ਆਧਾਰ 'ਤੇ ਇਸ ਸੱਟੇ 'ਤੇ ਪਹੁੰਚਿਆ ਹੈ ਕਿ ਇਸ ਫ਼ੈਸਲੇ ਨੂੰ ਮੁਲਤਵੀ ਕੀਤਾ ਜਾ ਸਕਦਾ ਹੈ ਕਿ ਇਸਦਾ ਰਾਸ਼ਟਰੀ ਸੁਰੱਖਿਆ 'ਤੇ ਪ੍ਰਭਾਵ ਪਵੇਗਾ ਤੇ ਦੇਸ਼ ਤੇ ਕਾਨੂੰਨ ਦੀ ਸਥਿਤੀ ਪ੍ਰਭਾਵਿਤ ਹੋਵੇਗੀ।ਕੋਰਟ ਨੇ ਕਿਹਾ ਸੀ ਕਿ ਇਸ ਸਥਿਤੀ ਵਿੱਚ ਕੇਂਦਰ ਵੱਲੋਂ ਫ਼ੈਸਲੇ ਨੂੰ ਮੁਲਤਵੀ ਕਰਨ 'ਤੇ ਅਦਾਲਤ ਕੋਈ ਫ਼ੈਸਲਾ ਕਰਨ ਲਈ ਅਧਿਕਾਰ ਨਹੀਂ ਰੱਖਦੀ। ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਫ਼ੈਸਲਾ ਕਰਨਾ ਕਾਰਜਪਾਲਿਕਾ ਦੇ ਅਧਿਕਾਰ ਖੇਤਰ ਵਿਚ ਹੈ। ਅਜਿਹੇ ਵਿੱਚ ਅਦਾਲਤ ਅੱਗੇ ਕੋਈ ਆਦੇਸ਼ ਜਾਰੀ ਨਹੀਂ ਕਰ ਸਕਦੀ।ਆਪਣੀ ਨਵੀਂ ਪਟੀਸ਼ਨ ਵਿੱਚ ਰਾਜੋਆਣਾ ਨੇ ਕਿਹਾ ਕਿ ਪਟੀਸ਼ਨਰ ਦੀ ਪਹਿਲੀ ਪਟੀਸ਼ਨ ਦਾ ਨਿਪਟਾਰਾ ਹੋਏ ਲਗਪਗ ਇੱਕ ਸਾਲ ਤੇ ਚਾਰ ਮਹੀਨੇ ਬੀਤ ਚੁੱਕੇ ਹਨ ਤੇ ਉਸਦੀ ਕਿਸਮਤ 'ਤੇ ਫ਼ੈਸਲਾ ਹਾਲੇ ਵੀ ਅਨਿਸ਼ਚਿਤਤਾ ਦੇ ਬੱਦਲ ਵਿੱਚ ਲਟਕਿਆ ਹੋਇਆ ਹੈ ਜਿਸ ਨਾਲ ਪਟੀਸ਼ਨਰ ਨੂੰ ਡੂੰਘਾ ਮਾਨਸਿਕ ਧੱਕਾ ਲੱਗਾ ਹੈ ਤੇ ਉਸਨੂੰ ਚਿੰਤਾ ਹੋ ਰਹੀ ਹੈ। ਉਸਨੇ ਕਿਹਾ ਹੈ ਕਿ ਉਹ ਧਾਰਾ 32 ਤਹਿਤ ਅਦਾਲਤ ਨੂੰ ਮਿਲੀਆਂ ਸ਼ਕਤੀਆਂ ਦੇ ਤਹਿਤ ਹੀ ਰਾਹਤ ਦੀ ਮੰਗ ਕਰ ਰਿਹਾ ਹੈ।

ਇਹ ਦਲੀਲ ਦਿੰਦੇ ਹੋਏ ਰਾਜੋਆਣਾ 28 ਸਾਲ ਤੋਂ ਜ਼ਿਆਦਾ ਸਮੇਂ ਤੋਂ ਜੇਲ੍ਹ ਵਿੱਚ ਹੈ ਤੇ 17 ਸਾਲਾਂ ਤੋਂ ਮੌਤ ਦੀ ਸਜ਼ਾ 'ਤੇ ਹੈ। ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਦੋਸ਼ੀ ਵਲੋਂ ਦਲੀਲ ਦਿੱਤੀ ਕਿ ਉਸਨੂੰ ਰਾਸ਼ਟਰੀ ਸੁਰੱਖਿਆ ਦੇ ਆਧਾਰ 'ਤੇ ਅਣਮਿੱਥੇ ਸਮੇਂ ਤੱਕ ਇੰਤਜ਼ਾਰ ਨਹੀਂ ਕਰਾਇਆ ਜਾ ਸਕਦਾ।

### ਅਕਾਲ ਤਖ਼ਤ ਸਾਹਿਬ ਤੋਂ ਜ਼ਿੰਦਾ 'ਸ਼ਹੀਦ' ਦਾ ਦਰਜਾ

23 ਮਾਰਚ 2012: ਅਕਾਲ ਤਖ਼ਤ ਵਲੋਂ ਬਲਵੰਤ ਸਿੰਘ ਰਾਜੋਆਣਾ ਨੂੰ 'ਜ਼ਿੰਦਾ ਸ਼ਹੀਦ' ਦਾ ਸਨਮਾਨ ਦਿੱਤਾ ਗਿਆ, ਜਿਸ ਨੂੰ ਲੈਣ ਤੋਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਪਰ ਬਾਅਦ 'ਚ 27 ਮਾਰਚ ਨੂੰ ਉਨ੍ਹਾਂ ਨੇ ਇਹ ਦਰਜਾ ਸਵੀਕਾਰ ਕਰ ਲਿਆ। ਰਾਜੋਆਣਾ ਨੇ ਕਿਹਾ ਸੀ ਇਹ ਸਨਮਾਨ ਉਨ੍ਹਾਂ ਨੂੰ ਆਪਣੇ ਟੀਚੇ ਲਈ ਹੋਰ ਮਜ਼ਬੂਤ ਬਣਾਵੇਗਾ। ਰਾਜੋਆਣਾ ਦੇ ਨਾਲ ਹੀ ਦਿਲਾਵਰ ਸਿੰਘ ਨੂੰ ਵੀ 'ਜ਼ਿੰਦਾ ਸ਼ਹੀਦ' ਐਲਾਨਿਆ ਸੀ।

## ਬਲਵੰਤ ਸਿੰਘ ਰਾਜੋਆਣਾ ਦੀ ਬੇਅੰਤ ਸਿੰਘ ਕਤਲ ਕਾਂਡ 'ਚ ਭੂਮਿਕਾ ਤੇ ਰਿਹਾਈ ਦੀ ਪੰਥਕ ਮੰਗ

ਬਲਵੰਤ ਸਿੰਘ ਰਾਜੋਆਣਾ ਦਾ ਜਨਮ 23 ਅਗਸਤ 1967 ਨੂੰ ਪਿੰਡ ਰਾਜੋਆਣਾ ਕਲਾਂ, ਲੁਧਿਆਣਾ, ਪੰਜਾਬ ਵਿੱਚ ਹੋਇਆ ਸੀ। ਜੀ.ਐਚ.ਜੀ. ਖ਼ਾਲਸਾ ਕਾਲਜ, ਲੁਧਿਆਣਾ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ 1 ਅਕਤੂਬਰ 1987 ਨੂੰ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਿਆ। ਬਲਵੰਤ ਸਿੰਘ ਦੇ ਪਿਤਾ ਮਲਕੀਤ ਸਿੰਘ ਨੂੰ ਖਾੜਕੂਆਂ ਨੇ ਮਾਰ ਦਿੱਤਾ ਸੀ। ਇਸੇ ਦੌਰਾਨ ਇੱਕ ਮਾਮਲੇ ਵਿੱਚ ਬਲਵੰਤ ਸਿੰਘ ਦੇ ਦੋਸਤ ਹਰਪਿੰਦਰ ਸਿੰਘ ਉਰਫ਼ ਗੋਲਡੀ ਨੂੰ ਪੰਜਾਬ ਪੁਲਿਸ ਨੇ ਗੋਲੀ ਮਾਰ ਦਿੱਤੀ ਸੀ। ਇਸ ਤੋਂ ਬਾਅਦ 1993 ਵਿੱਚ ਬਲਵੰਤ ਸਿੰਘ ਰਾਜੋਆਣਾ ਨੂੰ ਗੋਲਡੀ ਦੇ ਮਾਤਾ-ਪਿਤਾ ਜਸਵੰਤ ਸਿੰਘ ਅਤੇ ਸੁਰਜੀਤ ਕੌਰ ਨੇ ਕਾਨੂੰਨੀ ਤੌਰ 'ਤੇ ਗੋਦ ਲਿਆ ਸੀ।

ਇਸ ਤਰ੍ਹਾਂ ਹੋਇਆ ਸੀ ਸਾਬਕਾ ਮੁੱਖ ਮੰਤਰੀ ਦਾ ਕਤਲ

31 ਅਗਸਤ 1995 ਨੂੰ ਦਿਲਾਵਰ ਸਿੰਘ ਨੇ 1.5 ਕਿਲੋਗ੍ਰਾਮ ਵਿਸਫ਼ੋਟਕ ਆਪਣੀ ਕਮਰ ਦੀ ਬੈਲਟ ਨਾਲ ਬੰਨ੍ਹਿਆ ਅਤੇ ਬਲਵੰਤ ਸਿੰਘ ਰਾਜੋਆਣਾ ਦੇ ਨਾਲ ਦਿੱਲੀ ਲਾਇਸੈਂਸ ਪਲੇਟ ਨਾਲ ਚਿੱਟੇ ਅੰਬੈਸਡਰ ਵਿੱਚ ਸਕੱਤਰੇਤ ਕੰਪਲੈਕਸ ਪਹੁੰਚਿਆ। ਦਿਲਾਵਰ ਅਤੇ ਬਲਵੰਤ ਨੇ ਕਥਿਤ ਤੌਰ 'ਤੇ ਇਹ ਫ਼ੈਸਲਾ ਕਰਨ ਲਈ ਸਿੱਕਾ ਸੁੱਟਿਆ ਸੀ ਕਿ ਆਤਮਘਾਤੀ ਹਮਲਾਵਰ ਕੌਣ ਬਣੇਗਾ। ਇਸ ਸਿੱਕੇ ਦੇ ਟਾਸ ਵਿੱਚ ਇਹ ਤੈਅ ਕੀਤਾ ਗਿਆ ਸੀ ਕਿ ਆਤਮਘਾਤੀ ਹਮਲਾਵਰ ਨੂੰ ਬਚਾਇਆ ਜਾਵੇਗਾ।

ਸ਼ਾਮ 5.10 ਵਜੇ ਤਿੰਨ ਗੋਰੇ ਅੰਬੈਸਡਰ ਬੇਅੰਤ ਸਿੰਘ ਨੂੰ ਚੁੱਕਣ ਲਈ ਸਕੱਤਰੇਤ ਕੰਪਲੈਕਸ ਦੇ ਵੀ.ਆਈ.ਪੀ. ਪੋਰਟੀਕੋ ਨੇੜੇ ਰੁਕੇ। ਜਿਵੇਂ ਹੀ ਬੇਅੰਤ ਸਿੰਘ ਕਾਰ ਵਿੱਚ ਚੜ੍ਹਨ ਹੀ ਵਾਲਾ ਸੀ, ਦਿਲਾਵਰ ਆਪਣੀ ਬੁਲੇਟ ਪਰੂਫ਼ ਕਾਰ ਵੱਲ ਵਧਿਆ ਅਤੇ ਬੰਬ ਦਾ ਬਟਨ ਦਬਾ ਦਿੱਤਾ। ਇਸ ਧਮਾਕੇ ਵਿੱਚ 3 ਭਾਰਤੀ ਕਮਾਂਡੋਆਂ ਸਮੇਤ 17 ਹੋਰ ਲੋਕ ਮਾਰੇ ਗਏ ਸਨ।

ਬਲਵੰਤ ਸਿੰਘ ਰਾਜੋਆਣਾ ਵੱਲੋਂ ਅਦਾਲਤ ਵਿੱਚ ਦਿੱਤੇ ਬਿਆਨਾਂ ਮੁਤਾਬਕ, ਉਹ 1984 ਦੇ ਘੱਲੂਘਾਰਾ ਅਤੇ ਫ਼ਿਰ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਕਾਰਨ



ਨਿਰਾਸ਼ ਹੋ ਕੇ ਖ਼ਾਲਿਸਤਾਨ ਲਹਿਰ ਵਿੱਚ ਸ਼ਾਮਲ ਹੋ ਗਏ ਸਨ।ਅਦਾਲਤ ਵਿੱਚ ਦਿੱਤੇ ਹਲਫ਼ੀਆ ਬਿਆਨ ਵਿੱਚ ਭਾਈ ਰਾਜੋਆਣਾ ਨੇ ਸਾਫ਼ ਕਿਹਾ ਸੀ ਕਿ ਉਹ ਬੇਅੰਤ ਸਿੰਘ ਕਤਲ ਕਾਂਡ ਵਿੱਚ ਸ਼ਾਮਲ ਸਨ। ਜਾਂਚ ਏਜੰਸੀਆਂ ਨੇ ਦਾਅਵਾ ਕੀਤਾ ਸੀ ਕਿ ਰਾਜੋਆਣਾ ਮਨੁੱਖੀ ਬੰਬ ਬਣੇ ਦਿਲਾਵਰ ਸਿੰਘ ਦੇ ਪਿੱਛੇ ਸਨ, ਜੇਕਰ ਉਹ ਅਸਫ਼ਲ ਹੋ ਜਾਂਦਾ ਤਾਂ ਰਾਜੋਆਣਾ ਨੇ ਮਨੁੱਖੀ ਬੰਬ ਵਜੋਂ ਹਮਲਾ ਕਰਨਾ ਸੀ।

ਭਾਵੇਂ ਕਿ ਜਾਂਚ ਏਜੰਸੀਆਂ ਦੇ ਇਸ ਦਾਅਵੇ ਨੂੰ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਰੱਦ ਕਰਦੀ ਰਹੀ ਹੈ। ਪਰ ਰਾਜੋਆਣਾ ਨੇ ਆਪਣਾ ਦੋਸ਼ ਕਬੂਲਦਿਆਂ ਕੇਸ ਦੀ ਪੈਰਵੀ ਤੋਂ ਇਨਕਾਰ ਕਰ ਦਿੱਤਾ ਸੀ।

ਰਾਜੋਆਣਾ ਦੀ ਫ਼ਾਂਸੀ ਨੂੰ ਰੁਕਵਾਉਣ ਲਈ ਸ਼੍ਰੋਮਣੀ ਕਮੇਟੀ ਨੇ ਕੇਸ ਦੀ ਪੈਰਵੀ ਕੀਤੀ ਸੀ।

ਰਾਜੋਆਣਾ ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਬੇਅੰਤ ਸਿੰਘ ਮਾਮਲੇ ਵਿੱਚ ਇੱਕ ਅਗਸਤ 2007 ਨੂੰ ਫ਼ਾਸੀ ਦੀ ਸਜ਼ਾ ਸੁਣਾਈ ਸੀ।

ਇਸ ਤੋਂ ਬਾਅਦ ਰਾਜੋਆਣਾ ਨੇ ਹਾਈਕੋਰਟ ਵਿੱਚ ਅਪੀਲ ਕਰਨ ਤੋਂ ਇਨਕਾਰ ਇਹ ਕਹਿ ਕੇ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਵਿੱਚ ਭਰੋਸਾ ਨਹੀਂ ਹੈ।

ਰਾਜੋਆਣਾ ਨੂੰ 31 ਮਾਰਚ 2012 ਨੂੰ ਫ਼ਾਂਸੀ ਦਿੱਤੀ ਜਾਣੀ ਸੀ ਪਰ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਸਿੱਖ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਉਨ੍ਹਾਂ ਦੀ ਫ਼ਾਂਸੀ ਦੀ ਸਜ਼ਾ ਮਾਫ਼ ਕਰਨ ਲਈ ਤਿੱਖੀ ਮੁਹਿੰਮ ਚਲਾਈ ਸੀ। ਭਾਵੇਂ ਅਕਾਲੀ ਦਲ ਨੂੰ ਇਸ ਮੁੱਦੇ ਉੱਤੇ ਭਾਜਪਾ ਦਾ ਇਸ ਮਾਮਲੇ ਵਿੱਚ ਸਾਥ ਨਹੀਂ ਮਿਲਿਆ ਸੀ ਪਰ ਤਤਕਾਲੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਗ੍ਰਹਿ ਮੰਤਰਾਲੇ ਦੀ ਸਿਫ਼ਾਰਿਸ਼ ਉੱਤੇ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ (28 ਮਾਰਚ 2012) ਨੂੰ ਅਣਮਿੱਥੇ ਸਮੇਂ ਲਈ ਟਾਲ ਦਿੱਤੀ ਸੀ।

### ਸਿੱਖ ਪੰਥ ਵਲੋਂ ਰਿਹਾਈ ਲਈ ਉੱਠਦੀ ਰਹੀ ਮੰਗ

2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਕੇਂਦਰ ਸਰਕਾਰ ਨੇ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ।

ਇਸ ਦੇ ਨਾਲ ਹੀ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਨੂੰ ਮਾਫ਼ ਕਰਕੇ ਉਮਰ ਕੈਦ ਵਿੱਚ ਬਦਲਣ ਦੇ ਹੁਕਮ ਦਿੱਤੇ ਸਨ।

ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਟਵੀਟ ਕਰਕੇ ਰਿਹਾਈ ਤੇ ਸਜ਼ਾ ਮਾਫ਼ੀ ਦਾ ਸਵਾਗਤ ਕੀਤਾ ਸੀ।

ਬੇਅੰਤ ਸਿੰਘ ਦੇ ਪੋਤਰੇ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਰਾਜੋਆਣਾ ਨੂੰ ਮਾਫ਼ੀ ਦੇਣ ਦਾ ਵਿਰੋਧ ਕੀਤਾ ਸੀ।

ਅਪ੍ਰੈਲ 2022 ਦੇ ਸ਼ੁਰੂਆਤੀ ਦਿਨਾਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਕੇ ਬਲਵੰਤ ਸਿੰਘ ਰਾਜੋਆਣਾ ਨੂੰ ਜੇਲ੍ਹ ਤੋਂ ਰਿਹਾਅ ਕਰਵਾਉਣ ਦੀ ਮੰਗ ਕੀਤੀ ਸੀ।

ਉਸ ਵੇਲੇ ਸੁਖਬੀਰ ਬਾਦਲ ਦੀ ਦਲੀਲ ਸੀ ਕਿ ਰਾਜੋਆਣਾ ਦੀ ਫ਼ਾਂਸੀ ਕੇਂਦਰ ਸਰਕਾਰ ਨੇ ਉਮਰ ਕੈਦ ਵਿੱਚ ਬਦਲ ਦਿੱਤੀ ਸੀ ਅਤੇ ਬਲਵੰਤ ਸਿੰਘ ਰਾਜੋਆਣਾ 26 ਸਾਲ ਜੇਲ੍ਹ ਵਿੱਚ ਗੁਜ਼ਾਰ ਚੁੱਕੇ ਹਨ, ਜੋ ਉਮਰ ਕੈਦ ਤੋਂ ਵੱਧ ਹੈ। ਇਸ ਲਈ ਉਨ੍ਹਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

## ਸੁਪਰੀਮ ਕੋਰਟ ਨੇ ਜਗਤਾਰ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ ਤੋਂ ਜਵਾਬ ਮੰਗਿਆ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਬੱਬਰ ਖਾਲਸਾ ਦੇ ਆਗੂ ਜਗਤਾਰ ਸਿੰਘ ਹਵਾਰਾ ਦੀ ਦਿੱਲੀ ਦੀ ਤਿਹਾੜ ਜੇਲ੍ਹ 'ਚੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਕਰਦੀ ਪਟੀਸ਼ਨ 'ਤੇ ਕੇਂਦਰ ਤੇ ਹੋਰਨਾਂ ਤੋਂ ਜਵਾਬ ਮੰਗ ਲਿਆ ਹੈ। ਜਸਟਿਸ ਬੀ.ਆਰ. ਗਵਈ ਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ ਅਤੇ ਦਿੱਲੀ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਹਵਾਰਾ, 31 ਅਗਸਤ 1995 ਨੂੰ ਚੰਡੀਗੜ੍ਹ ਵਿੱਚ ਸਿਵਲ ਸਕੱਤਰੇਤ ਦੇ ਮੁੱਖ ਦਾਖਲਾ ਗੇਟ 'ਤੇ ਹੋਏ ਧਮਾਕੇ ਵਿੱਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਤੇ 16 ਹੋਰਨਾਂ ਦੀ ਹੱਤਿਆ ਦੇ ਦੋਸ਼ ਵਿੱਚ ਬਾਕੀ ਰਹਿੰਦੀ ਜ਼ਿੰਦਗੀ ਤੱਕ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 22 ਜਨਵਰੀ 2004 ਨੂੰ ਚੰਡੀਗੜ੍ਹ ਦੀ ਬੁੜੈਲ



ਜੇਲ੍ਹ 'ਚੋਂ ਸੁਰੰਗ ਪੁੱਟ ਕੇ ਭੱਜਣ (ਹਾਲਾਂਕਿ ਮਗਰੋਂ ਹਵਾਰਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ) ਦੀ ਘਟਨਾ ਨੂੰ ਛੱਡ ਦੇਈਏ ਤਾਂ ਜੇਲ੍ਹ ਵਿੱਚ ਹਵਾਰਾ ਦਾ ਰਵੱਈਆ ਠੀਕ ਰਿਹਾ ਹੈ। ਬੈਂਚ ਨੇ ਹਵਾਰਾ ਵੱਲੋਂ ਪੇਸ਼ ਸੀਨੀਅਰ ਵਕੀਲ ਕੋਲਿਨ ਗੌਂਸਾਲਵੇਸ ਨੂੰ ਸਵਾਲ ਕੀਤਾ, 'ਤੁਸੀਂ (ਹਵਾਰਾ) ਸੁਰੰਗ ਪੁੱਟਣ ਵਿੱਚ ਸਫ਼ਲ ਕਿਵੇਂ ਰਹੇ।' ਇਸ 'ਤੇ ਗੌਂਸਾਲਵੇਸ ਨੇ ਕਿਹਾ, 'ਅੱਜ ਉਸ ਘਟਨਾ (ਧਮਾਕੇ) ਨੂੰ 30 ਸਾਲ ਹੋ ਗਏ ਹਨ ਤੇ ਜੇਲ੍ਹ ਤੋੜ ਕੇ ਭੱਜਣ ਦੀ ਘਟਨਾ ਨੂੰ 20 ਸਾਲ।' ਬੈਂਚ ਨੇ ਸਾਰੀਆਂ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਦੇ ਹੋਏ, ਕੇਸ ਦੀ ਅਗਲੀ ਸੁਣਵਾਈ 4 ਹਫ਼ਤਿਆਂ ਬਾਅਦ ਨਿਰਧਾਰਿਤ ਕਰ ਦਿੱਤੀ। ਵਕੀਲ ਸੱਤਿਆ ਮਿੱਤਰਾ ਰਾਹੀਂ ਦਾਇਰ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਹਵਾਰਾ ਖ਼ਿਲਾਫ਼ ਕੋਈ ਵੀ ਬਕਾਇਆ ਕੇਸ ਨਹੀਂ ਹੈ, ਜੋ ਕੌਮੀ ਰਾਜਧਾਨੀ ਵਿੱਚ ਦਰਜ ਹੋਵੇ, ਲਿਹਾਜ਼ਾ ਹਵਾਰਾ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੇ ਕਿਸੇ ਵੀ ਜੇਲ੍ਹ 'ਚ ਤਬਦੀਲ ਕੀਤਾ ਜਾਵੇ।

## ਦਰਪਣ ਝੂਠ ਨਹੀਂ ਬੋਲਦਾ

# ਕੀ ਪੰਜਾਬ ਦੀ 'ਆਪ' ਸਿਆਸਤ 'ਚ ਵੱਡਾ ਬਦਲਾਅ ਹੋਵੇਗਾ ?

## ਕੇਜਰੀਵਾਲ ਭਗਵੰਤ ਮਾਨ ਤੋਂ ਕਿਉਂ ਹਨ ਨਰਾਜ਼ ?

## ਸੰਧਵਾ ਕਿਉਂ ਬਣ ਰਹੇ ਹਨ ਕੇਜਰੀਵਾਲ ਦੇ ਦਰਬਾਰ ਵਿੱਚ ਅਹਿਮ ਪਾਤਰ ?

ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਸੱਤਾ ਵਿੱਚ ਆਏ ਢਾਈ ਸਾਲ ਹੋ ਚੁੱਕੇ ਹਨ, ਪਰ ਢਾਈ ਸਾਲ ਦੌਰਾਨ ਮੌਜੂਦਾ ਸਰਕਾਰ ਕਿਸੇ ਪਾਸਿਓਂ ਸਥਿਰ ਨਜ਼ਰ ਨਹੀਂ ਆ ਰਹੀ ।ਵਾਰ-ਵਾਰ ਮੰਤਰੀ ਅਤੇ ਉੱਚ ਅਧਿਕਾਰੀ ਬਦਲੇ ਜਾ ਰਹੇ ਹਨ, ਪਰ ਗੱਲ ਨਹੀਂ ਬਣ ਰਹੀ।ਹਾਲ ਹੀ ਵਿੱਚ ਆਮ ਆਦਮੀ ਪਾਰਟੀ ਦੀ ਹਾਈਕਮਾਨ ਵਲੋਂ ਪੰਜਾਬ ਵਿੱਚ 5 ਨਵੇਂ ਮੰਤਰੀ ਬਣਾਏ ਗਏ ਹਨ ਅਤੇ ਕੁਝ ਦੀ ਛੁੱਟੀ ਕਰ ਦਿੱਤੀ ਗਈ।ਉਸ ਦੇ ਤੁਰੰਤ ਬਾਅਦ ਵੱਡਾ ਪ੍ਰਸ਼ਾਸਨਿਕ ਫ਼ੇਰਬਦਲ ਵੀ ਕੀਤਾ ਗਿਆ, ਪਰ ਹੁਣ ਜਿਨ੍ਹਾਂ ਚਰਚਾਵਾਂ ਨੇ ਜ਼ੋਰ ਫ਼ੜਿਆ ਹੋਇਆ ਹੈ, ਉਨ੍ਹਾਂ ਅਨੁਸਾਰ ਪੰਜਾਬ ਵੱਡੇ ਸਿਆਸੀ ਬਦਲਾਅ ਵੱਲ ਵਧ ਰਿਹਾ ਹੈ।ਇਸ ਗੱਲ ਦੇ ਚਰਚੇ ਅੱਜ ਜ਼ੋਰ-ਸ਼ੋਰ ਨਾਲ ਹੁੰਦੇ ਰਹੇ ਕਿ ਪੰਜਾਬ ਵਿੱਚ ਕਿਸੇ ਵੀ ਵੇਲੇ ਵੱਡਾ ਸਿਆਸੀ ਧਮਾਕਾ ਹੋ ਸਕਦਾ ਹੈ।ਜੋ ਚਰਚੇ ਸਿਆਸੀ ਗਲਿਆਰਿਆਂ ਵਿੱਚ ਕੁਝ ਦਿਨਾਂ ਤੋਂ ਚੱਲ ਰਹੇ ਹਨ, ਹੁਣ ਸਿਆਸੀ ਭੁਚਾਲ ਆਉਣ ਦੀਆਂ ਅਟਕਲਾਂ ਵੀ ਤੇਜ਼ ਹੋਣ ਲੱਗੀਆਂ ਹਨ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਕਿਸੇ ਬਿਮਾਰੀ ਕਾਰਨ ਮੋਹਾਲੀ ਦੇ ਇਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ, ਪਰ ਉਸ ਨੂੰ ਲੈ ਕੇ ਵੀ ਵੱਖਰੀ ਚਰਚਾ ਛਿੜ ਗਈ ਸੀ ਕਿ ਇੰਨੇ ਦਿਨਾਂ ਤੋਂ ਪੰਜਾਬ ਦੇ ਮੁੱਖ ਮੰਤਰੀ ਹਸਪਤਾਲ ਵਿੱਚ ਦਾਖਲ ਸਨ, ਪਰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਸਮੇਤ ਹੋਰ ਮੰਤਰੀਆਂ ਅਤੇ ਉਨ੍ਹਾਂ ਦੇ ਕਰੀਬੀ ਸਾਥੀਆਂ ਵਲੋਂ ਉਨ੍ਹਾਂ ਨੂੰ ਜਾ ਕੇ ਮਿਲਣ ਲਈ ਸਮਾਂ ਨਾ ਕੱਢ ਸਕਣ ਨੇ ਉਕਤ ਘਟਨਾਕ੍ਰਮ ਨਾਲ ਸੰਬੰਧਿਤ ਅਟਕਲਾਂ ਨੂੰ ਹੋਰ ਭਖਾ ਦਿੱਤਾ ਸੀ।



ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਵਲੋਂ ਭਗਵੰਤ ਮਾਨ ਨੂੰ ਹਸਪਤਾਲ ਵਿੱਚ ਹਾਲ ਚਾਲ ਪੁਛਣ ਬਾਅਦ ਆਮ ਆਦਮੀ ਪਾਰਟੀ ਦੇ ਕੌਮੀ ਸਕੱਤਰ ਸੰਦੀਪ ਪਾਠਕ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਵੀ ਮੁੱਖ ਮੰਤਰੀ ਨਾਲ ਹਸਪਤਾਲ 'ਚ ਮੁਲਾਕਾਤ ਕੀਤੀ ਸੀ।ਇਸ ਚਰਚਾ ਨੇ ਵੀ ਜ਼ੋਰ ਫੜਿਆ ਸੀ ਕਿ ਮੁੱਖ ਮੰਤਰੀ ਦੀ ਪਤਨੀ ਦੀ ਸੁਰੱਖਿਆ ਵਿਚ ਕਟੌਤੀ ਕੀਤੀ ਗਈ ਹੈ, ਜਦਕਿ ਸਪੀਕਰ ਕੁਲਤਾਰ ਸਿੰਘ ਸੰਧਵਾ ਦੀ ਸੁਰੱਖਿਆ ਵਿਚ ਵਾਧਾ ਕਰ ਦਿੱਤਾ ਗਿਆ ਹੈ, ਇਸ ਦੇ ਪਿੱਛੇ ਕਾਰਨ ਸਪੱਸ਼ਟ ਨਹੀਂ ਹੋ ਸਕਿਆ। ਕਿਹਾ ਇਹ ਜਾ ਰਿਹਾ ਸਪੀਕਰ ਸੰਧਵਾ ਕੇਜਰੀਵਾਲ ਦੇ ਅਤਿਅੰਤ ਨੇੜੇ ਹਨ ਅਤੇ ਕੇਜਰੀਵਾਲ ਵਲੋਂ ਉਨ੍ਹਾਂ ਨੂੰ ਪੰਜਾਬ ਦਾ ਮੁਖ ਮੰਤਰੀ ਬਣਾਉਣ ਦੀ ਸੰਭਾਵਨਾ ਹੈ।ਬੀਤੀ ਦਿਨੀਂ ਉਹ ਪੰਜਾਹ ਵਿਧਾਇਕਾਂ ਨਾਲ ਕੇਜਰੀਵਾਲ ਨੂੰ ਮਿਲੇ ਸਨ ਤੇ ਕੇਜਰੀਵਾਲ ਦੀ ਲੀਡਰਸ਼ਿਪ ਵਿਚ ਭਰੋਸਾ ਪ੍ਰਗਟਾਇਆ ਗਿਆ।ਸੂਤਰਾਂ ਤੋਂ ਪਤਾ ਲਗਾ ਕਿ ਭਗਵੰਤ ਮਾਨ ਦੀ ਕੇਂਦਰ ਸਰਕਾਰ ਦੀ ਹਾਈਕਮਾਂਡ ਨਾਲ ਨੇੜਤਾ ਤੋਂ ਕੇਜਰੀਵਾਲ ਔਖੇ ਹਨ।

ਦੂਜੇ ਪਾਸੇ, ਪਾਰਟੀ ਸੂਤਰ ਦੱਸਦੇ ਹਨ ਕਿ ਉਨ੍ਹਾਂ ਦੀ ਪਾਰਟੀ ਅੰਦਰ ਕੁਝ ਤਾਂ ਚੱਲ ਰਿਹਾ ਹੈ, ਜੋ ਕਈ ਤਰ੍ਹਾਂ ਦੀਆਂ ਚਰਚਾਵਾਂ ਅਤੇ ਕਿਸੇ ਵੱਡੇ ਬਦਲਾਅ ਦੇ ਸੰਕੇਤ ਵੀ ਦੇ ਰਿਹਾ ਹੈ ।ਹਾਲਾਂਕਿ, ਇਸ ਸੰਬੰਧੀ ਕੋਈ ਮੰਤਰੀ ਜਾਂ ਅਹੁਦੇਦਾਰ ਕੁਝ ਵੀ ਕਹਿਣ ਤੋਂ ਗੁਰੇਜ਼ ਕਰ ਰਿਹਾ ਹੈ, ਪਰ ਬਦਲਾਅ ਵਾਲੀ ਸਰਕਾਰ ਵਿਚ ਇਕ ਵਾਰ ਫਿਰ ਵੱਡੇ ਬਦਲਾਅ ਦੀਆਂ ਕਿਆਸਅਰਾਂਈਆਂ ਲਗਾਈਆਂ ਜਾ ਰਹੀਆਂ ਹਨ । ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜੇਲ੍ਹ ਤੋਂ ਬਾਹਰ ਆਉਂਦੇ ਹੀ ਵੱਡਾ ਫ਼ੈਸਲਾ ਲਿਆ ਅਤੇ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਆਪਣੀ ਇਕ ਮਹਿਲਾ ਮੰਤਰੀ ਆਤਿਸ਼ੀ ਨੂੰ ਦਿੱਲੀ ਦੀ ਮੁੱਖ ਮੰਤਰੀ ਬਣਾ ਦਿੱਤਾ ਸੀ । ਉਸ ਮਗਰੋਂ ਪੰਜਾਬ @ਚ ਅਚਾਨਕ ਮੰਤਰੀ ਮੰਡਲ ਵਿਚ ਫੇਰਬਦਲ ਕੀਤਾ ਗਿਆ, ਕੁਝ ਮੰਤਰੀਆਂ ਦੀ ਛੁੱਟੀ ਕੀਤੀ ਗਈ ਅਤੇ ਪੰਜ ਨਵੇਂ ਮੰਤਰੀ ਮੰਤਰੀ ਮੰਡਲ @ਚ ਸ਼ਾਮਿਲ ਕੀਤੇ ਗਏ, ਜਦਕਿ ਇਸ ਫੇਰ ਬਦਲ ਦੇ ਕੁਝ ਦਿਨ ਪਹਿਲਾਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਟੀ.ਵੀ. @ਤੇ ਇਕ ਇੰਟਰਵਿਊ ਦੌਰਾਨ ਕਿਹਾ ਸੀ ਕਿ ਸਭ ਕੁਝ ਠੀਕ ਚੱਲ ਰਿਹਾ ਹੈ, ਮੰਤਰੀ ਮੰਡਲ @ਚ ਕੋਈ ਫੇਰਬਦਲ ਨਹੀਂ ਹੋ ਰਿਹਾ ।ਇਸ ਫੇਰ ਬਦਲ ਦੌਰਾਨ ਮੁੱਖ ਮੰਤਰੀ ਮਾਨ ਦੇ ਕੁਝ ਕਰੀਬੀ ਮੰਤਰੀਆਂ ਦੀ ਵੀ ਛੁੱਟੀ ਹੋ ਗਈ ਸੀ। ਇਸ ਮਗਰੋਂ ਅਚਾਨਕ ਮੁੱਖ ਮੰਤਰੀ ਦੀ ਸਿਹਤ ਵਿਗੜ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਵਿਚ ਭਰਤੀ ਹੋਣਾ ਪਿਆ, ਪਰ ਉਦੋਂ ਤੋਂ ਹੀ ਅਨੇਕਾਂ ਚਰਚਿਆਂ ਨੇ ਪੰਜਾਬ ਦੇ ਸਿਆਸੀ ਮਾਹੌਲ ਨੂੰ ਪੂਰੀ ਤਰ੍ਹਾਂ ਨਾਲ ਗਰਮ ਕਰ ਦਿੱਤਾ ਹੈ।

## ਜੇਕਰ ਡੋਵਾਲ ਅਮਰੀਕਾ ਜਾਂਦੇ ਤਾਂ ਗ੍ਰਿਫ਼ਤਾਰ ਕੀਤੇ ਜਾਣ ਦੀ ਸੰਭਾਵਨਾ ਸੀ



ਗੋਦੀ ਮੀਡੀਆ ਜਿਸ ਸ਼ਖ਼ਸ ਨੂੰ 'ਇੰਡੀਆ ਦਾ ਜੇਮਸ ਬਾਂਡ' ਦੱਸਦਾ ਹੈ, ਉਹ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਅਮਰੀਕਾ ਫ਼ੇਰੀ 'ਤੇ ਨਹੀਂ ਜਾ ਸਕਿਆ। ਜੇਮਸ ਬਾਂਡ ਭਾਵ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਨਾ ਜਾ ਸਕਣ ਦਾ ਜੋ ਅਧਿਕਾਰਤ ਕਾਰਨ ਦੱਸਿਆ ਗਿਆ, ਉਹ ਦਿਲਚਸਪ ਹੈ।ਸਰਕਾਰ ਦੇ ਇਕ ਉੱਚ ਅਹੁਦੇ 'ਤੇ ਤਾਇਨਾਤ ਸੂਤਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਜੇਮਸ ਬਾਂਡ, ਜੰਮੂ ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ ਕਾਰਨ ਅਮਰੀਕਾ ਨਹੀਂ ਗਏ।

ਪਰ ਸੱਚ ਇਹ ਹੈ ਕਿ ਕੈਨੇਡੀਆਈ-ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂੰ ਨੇ 17 ਸਤੰਬਰ ਨੂੰ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਦੇ ਯੂ.ਐੱਸ. ਡਿਸਟ੍ਰਿਕਟ ਕੋਰਟ ਵਿੱਚ ਇੱਕ ਦੀਵਾਨੀ ਮੁਕੱਦਮਾ ਦਾਇਰ ਕੀਤਾ ਹੈ, ਜਿਸ 'ਚ ਭਾਰਤ ਸਰਕਾਰ ਦੇ ਕੁਝ ਅਧਿਕਾਰੀਆਂ ਦੁਆਰਾ ਉਸ ਦੀ ਹੱਤਿਆ ਲਈ ਕਥਿਤ ਤੌਰ 'ਤੇ ਰਚੀ ਗਈ ਸਾਜਿਸ਼ ਲਈ ਹਰਜਾਨੇ ਦੀ ਮੰਗ ਕੀਤੀ ਗਈ ਹੈ।

ਅਦਾਲਤ ਨੇ ਭਾਰਤ ਸਰਕਾਰ, ਕੌਮੀ ਸੁਰੱਖਿਆ ਸਲਾਹਾਕਾਰ ਅਜੀਤ ਡੋਵਾਲ, ਰਾਅ ਦੇ ਸਾਬਕਾ ਮੁਖੀ ਸਾਮੰਤ ਗੋਇਲ, ਵਿਕਰਮ ਯਾਦਵ (ਜਿਨ੍ਹਾਂ ਨੂੰ ਖ਼ੁਫ਼ੀਆ ਏਜੰਸੀ ਦੇ ਏਜੰਟ ਦੇ ਰੂਪ ਵਿੱਚ ਪਛਾਣਿਆ ਗਿਆ ਹੈ) ਅਤੇ ਇਕ ਕਾਰੋਬਾਰੀ ਨਿਖਿਲ ਗੁਪਤਾ ਨੂੰ ਤਲਬ ਕੀਤਾ ਹੈ।ਖ਼ਾਲਿਸਤਾਨੀ ਸੰਗਠਨ ਸਿੱਖ ਫ਼ਾਰ ਜਸਟਿਸ ਦੇ ਨੇਤਾ ਗੁਰਪਤਵੰਤ ਸਿੰਘ ਪੰਨੂੰ ਨੇ ਇਸ ਨੂੰ ਵੱਡਾ ਮੁੱਦਾ ਬਣਾਈ ਰੱਖਿਆ ਹੈ। ਇਸ ਕਾਰਨ ਅਮਰੀਕੀ ਪ੍ਰਸ਼ਾਸਨ ਵੀ ਉਸ ਦੀ ਪਿੱਠ ਠੋਕਦਾ ਰਿਹਾ ਹੈ। ਹਾਲਾਂਕਿ ਭਾਰਤ ਸਰਕਾਰ ਨੇ ਮੁਕੱਦਮੇ ਨੂੰ ਪੂਰੀ ਤਰ੍ਹਾਂ ਨਾਲ ਗ਼ੈਰ-ਜ਼ਰੂਰੀ ਅਤੇ ਬੇਬੁਨਿਆਦ ਦੱਸਿਆ ਹੈ, ਪਰ ਅਮਰੀਕੀ ਅਦਾਲਤਾਂ ਦਾ ਕੋਈ ਭਰੋਸਾ ਨਹੀਂ, ਕਿਉਂਕਿ ਉਹ ਭਾਰਤ ਦੀਆਂ ਅਦਾਲਤਾਂ ਵਾਂਗ ਨਹੀਂ ਹਨ ਅਤੇ ਪੂਰੀ ਤਰ੍ਹਾਂ ਦਬਾਅ ਮੁਕਤ ਹੋ ਕੇ ਕੰਮ ਕਰਦੀਆਂ ਹਨ।ਜੇਕਰ ਡੋਵਾਲ ਉਥੇ ਜਾਂਦੇ ਤਾਂ ਗ੍ਰਿਫ਼ਤਾਰ ਕੀਤੇ ਜਾਣ ਦੀ ਸੰਭਾਵਨਾ ਸੀ।

# ਸ਼ੇਰ-ਏ-ਪੰਜਾਬ ਦੀ ਵਿਰਾਸਤ ਦੀ ਸੰਭਾਲ ਕਰੇ 'ਆਪ' ਸਰਕਾਰ

## ਇਤਿਹਾਸਕ ਰਾਮ ਬਾਗ ਹੁਣ 6-7 ਫ਼ੁੱਟ ਉੱਚੀਆਂ ਜੰਗਲੀ ਝਾੜੀਆਂ ਵਿੱਚ ਘਿਰਿਆ

ਆਪ ਸਰਕਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਗੁਰੂ ਰਾਮਦਾਸ ਜੀ ਦੇ ਨਾਂਅ 'ਤੇ ਲਗਾਏ 'ਰਾਮ ਬਾਗ' ਅਤੇ ਉਸ ਦੇ ਇਤਿਹਾਸਕ ਸਮਾਰਕਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਜਾ ਰਿਹਾ ਹੈ।ਇਸ ਵਿਰਾਸਤੀ ਸਮਾਰਕ ਦੀ ਸੰਭਾਲ ਕਰਨ ਵਿੱਚ ਨਾਕਾਮ ਰਹੀ ਪੰਜਾਬ ਸਰਕਾਰ ਦੇ ਸੈਰ-ਸਪਾਟਾ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਸਿੱਖ ਰਾਜ ਵੇਲੇ ਪੰਜਾਬ ਦੇ ਸਭ ਬਾਗਾਂ ਤੋਂ ਖ਼ੂਬਸੂਰਤ ਤੇ ਆਲੀਸ਼ਾਨ ਰਿਹਾ ਇਤਿਹਾਸਕ ਰਾਮ ਬਾਗ ਹੁਣ 6-7 ਫ਼ੁੱਟ ਉੱਚੀਆਂ ਜੰਗਲੀ ਝਾੜੀਆਂ ਵਿੱਚ ਘਿਰ ਚੁੱਕਿਆ ਹੈ ।

ਬਾਗ ਦੀ ਖ਼ੂਬਸੂਰਤੀ ਬਰਕਰਾਰ ਰੱਖਣ ਲਈ ਨਗਰ ਨਿਗਮ ਦੇ ਹਾਰਟੀਕਲਚਰ ਵਿਭਾਗ ਵਲੋਂ ਕਈ ਮਾਲੀ ਨਿਯੁਕਤ ਕੀਤੇ ਗਏ ਹੋਣ ਦੇ ਬਾਵਜੂਦ ਪੂਰੇ ਬਾਗ ਵਿੱਚ ਹਰ ਪਾਸੇ ਜੰਗਲੀ ਝਾੜੀਆਂ ਉੱਗਣਾ ਸੰਬੰਧਿਤ ਵਿਭਾਗ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਗਾ ਰਿਹਾ ਹੈ ।ਇਨ੍ਹਾਂ ਝਾੜੀਆਂ ਕਰਕੇ ਇਥੇ ਪਹੁੰਚਣ ਵਾਲੇ ਸਥਾਨਕ ਨਾਗਰਿਕਾਂ ਜਾਂ ਸੈਲਾਨੀਆਂ ਲਈ ਬਾਗ ਵਿਚਲੇ ਜਨਰਲ ਵੈਂਤੁਰਾ ਦੁਆਰਾ ਬਣਾਏ ਰਾਇਲ ਸਵਿਮਿੰਗ ਪੂਲ (ਸ਼ਾਹੀ ਇਸ਼ਨਾਨ ਘਰ), ਵੀਰ ਚੱਕਰ ਵਿਜੇਤਾ ਸ਼ਹੀਦ ਮੇਜਰ ਲਲਿਤ ਮੋਹਨ ਭਾਟੀਆ ਦੇ ਬੁੱਤ ਅਤੇ ਹੋਰ ਸਮਾਰਕਾਂ ਤੱਕ ਪਹੁੰਚਣਾ ਵੀ ਅਸੰਭਵ ਹੈ ।

ਦੱਸਣਯੋਗ ਹੈ ਕਿ ਇਸ ਇਤਿਹਾਸਕ ਬਾਗ ਦੇ ਅੱਧ ਵਿਚਕਾਰ ਮਹਾਰਾਜਾ ਦੁਆਰਾ ਆਪਣੀ ਰਿਹਾਇਸ਼ ਲਈ ਸੰਨ 1819 ਵਿੱਚ ਉਸਾਰੇ ਆਲੀਸ਼ਾਨ ਸਮਰ ਪੈਲੇਸ (ਗਰਮੀਆਂ ਦੇ ਮਹਿਲ) ਦੇ ਚੁਫ਼ੇਰੇ ਲੱਖਾਂ ਰੁਪਈਆਂ ਦੀ ਲਾਗਤ ਨਾਲ ਚਾਰ-ਬਾਗ ਦੀ ਤਰਜ਼ 'ਤੇ ਕੁਝ ਸਮਾਂ ਪਹਿਲਾਂ ਹੀ ਲਗਵਾਏ ਗਏ ਬਾਗਾਂ ਵਿੱਚ ਉੱਚੀਆਂ ਝਾੜੀਆਂ



ਅਤੇ ਕਾਂਗਰਸ ਘਾਹ ਦੇ ਉੱਗ ਜਾਣ ਕਾਰਨ ਵਿਰਾਸਤੀ ਸਮਾਰਕ ਦੀ ਦਿਖ ਪੂਰੀ ਤਰ੍ਹਾਂ ਖ਼ਰਾਬ ਹੋ ਚੁੱਕੀ ਹੈ।

ਭਾਵੇਂ ਸਰਕਾਰ-ਏ-ਖਾਲਸਾ ਦੀ ਰਾਜਧਾਨੀ ਲਾਹੌਰ ਸੀ, ਪਰ ਸਿੱਖ ਮਾਨਸਿਕਤਾ ਵਿੱਚ ਹਮੇਸ਼ਾ ਅੰਮ੍ਰਿਤਸਰ ਸਿਰਮੌਰ ਸਥਾਨ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ ਉੱਤੇ ਸੰਨ 1819 ਵਿੱਚ ਸਰਕਾਰ-ਏ-ਖਾਲਸਾ ਨੇ ਇਸ ਸ਼ਹਿਰ ਦੀ ਉੱਤਰੀ ਬਾਹੀ ਉੱਤੇ ਹਰਿਮੰਦਰ ਸਾਹਿਬ ਤੋਂ ਕਰੀਬ ਇੱਕ ਕਿਲੋਮੀਟਰ ਦੂਰ ਖੂਬਸੂਰਤ ਬਾਗ ਬਣਾਉਣਾ ਸ਼ੁਰੂ ਕੀਤਾ ਸੀ। ਸ਼ੇਰ-ਏ-ਪੰਜਾਬ ਨੇ ਇਸ ਬਾਗ ਨੂੰ ਬਣਾਉਣ ਦੀ ਜ਼ਿੰਮੇਵਾਰੀ ਮਸ਼ਹੂਰ ਮੁਸਲਿਮ ਆਰਕੀਟੈਕਟ ਮੁਹੰਮਦ ਯਾਰ ਨੂੰ ਦਿੱਤੀ ਸੀ। ਸੰਨ 1831 ਵਿੱਚ ਇਹ ਬਾਗ ਬਣ ਕੇ ਮੁਕੰਮਲ ਹੋ ਗਿਆ ਅਤੇ ਇਸ ਉਪਰ ਉਸ ਸਮੇਂ 1,45,000 ਰੁਪਏ ਖਰਚਾ ਆਇਆ। ਬਾਗ ਵਿੱਚ ਬਹੁਤ ਸੁੰਦਰ ਬਗੀਚੇ, ਫਲ-ਫੁੱਲ ਅਤੇ ਛਾਂਦਾਰ ਪੌਦੇ ਲਾਏ ਗਏ। ਫੁੱਲ ਬੂਟਿਆਂ ਨੂੰ ਪਾਣੀ ਦੇਣ ਅਤੇ ਬਾਗ ਦੀ ਸੁੰਦਰਤਾ ਵਧਾਉਣ ਲਈ ਫੁਹਾਰੇ ਲਾਏ ਗਏ। ਮਹਾਰਾਜੇ ਦੀ ਰਿਹਾਇਸ਼ ਲਈ ਬਾਗ ਦੇ ਵਿਚਾਲੇ ਬਾਰਾਂਦਰੀ ਵਰਗੀ ਇੱਕ ਬੜੀ ਖ਼ੂਬਸੂਰਤ ਇਮਾਰਤ ਬਣਾਈ ਗਈ, ਜਿਸ ਨੂੰ ਸ਼ੀਸ਼ ਮਹਿਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**(ਬਾਕੀ ਸਫ਼ਾ 31 'ਤੇ)**

## ਪੰਜਾਬ ਸਰਕਾਰ ਦੀ ਸਿਹਤ ਸੰਭਾਲ ਵੱਲ ਅਣਗਹਿਲੀ, ਹਾਈਕੋਰਟ ਵੱਲੋਂ ਪਾਈਆਂ ਝਾੜਾਂ

ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੀ ਝਾੜ-ਝੰਬ ਨੇ ਵਿੱਤੀ ਤਰਜੀਹਾਂ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦੀ ਬਦਇੰਤਜ਼ਾਮੀ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ, ਖ਼ਾਸ ਤੌਰ 'ਤੇ ਬੇਲੋੜਾ ਖਰਚ ਕਰਨ ਅਤੇ ਸਿਹਤ ਸੰਭਾਲ ਦੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜਨ ਦੇ ਪੱਖ ਤੋਂ।ਆਯੂਸ਼ਮਾਨ ਭਾਰਤ ਸਕੀਮ ਤਹਿਤ ਕੇਂਦਰ ਸਰਕਾਰ ਤੋਂ 350 ਕਰੋੜ ਰੁਪਏ ਮਿਲਣ ਦੇ ਬਾਵਜੂਦ ਰਾਜ ਸਰਕਾਰ ਹਸਪਤਾਲਾਂ ਨੂੰ ਇਹ ਫ਼ੰਡ ਰਿਲੀਜ਼ ਕਰਨ ਵਿੱਚ ਨਾਕਾਮ ਰਹੀ ਹੈ।ਨਤੀਜੇ ਵਜੋਂ ਸਰਕਾਰ ਵੱਲ ਮੈਡੀਕਲ ਸੰਸਥਾਵਾਂ ਦਾ 500 ਕਰੋੜ ਰੁਪਏ



ਬਕਾਇਆ ਫ਼ਸ ਗਿਆ ਹੈ। ਇਹ ਲਾਪਰਵਾਹੀ ਉਸ ਵੇਲੇ ਕੀਤੀ ਗਈ ਹੈ ਜਦੋਂ ਪੂਰੇ ਰਾਜ ਦੇ ਹਸਪਤਾਲ ਵਿੱਤੀ ਸੰਕਟ ਕਾਰਨ ਢੁੱਕਵਾਂ ਇਲਾਜ਼ ਦੇਣ ਲਈ ਸੰਘਰਸ਼ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਸਕੀਮਾਂ ਤਹਿਤ ਫ਼ੰਡ ਨਾ ਰਿਲੀਜ਼ ਹੋਣ ਕਰ ਕੇ ਹਸਪਤਾਲਾਂ ਨੇ ਇਲਾਜ਼ ਤੋਂ ਮਨ੍ਹਾ ਕੀਤਾ ਹੈ।

ਅਦਾਲਤ ਨੇ ਰਾਜ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀਆਂ ਤਨਖਾਹਾਂ ਰੋਕ ਕੇ ਜਵਾਬਦੇਹੀ ਯਕੀਨੀ ਬਣਾਉਣ ਵੱਲ ਅਹਿਮ ਕਦਮ ਚੁੱਕਿਆ ਹੈ। ਹਾਲਾਂਕਿ ਗੰਭੀਰ ਮੁੱਦਾ ਸਿਹਤ ਸੰਭਾਲ ਵਰਗੀਆਂ ਜ਼ਰੂਰੀ ਸੇਵਾਵਾਂ ਪ੍ਰਤੀ ਸੂਬੇ ਵੱਲੋਂ ਧਿਆਨ ਨਾ ਦਿੱਤਾ ਜਾਣਾ ਹੈ। ਸਰਕਾਰ ਦਾ ਸਿਆਸਤਦਾਨਾਂ ਲਈ ਨਵੀਆਂ ਕਾਰਾਂ, ਦਫ਼ਤਰਾਂ ਦੀ ਗ਼ੈਰ-ਜ਼ਰੂਰੀ ਮੁਰੰਮਤ ਅਤੇ ਮਹਿੰਗੀ ਮੀਡੀਆ ਇਸ਼ਤਿਹਾਰਬਾਜ਼ੀ ਵਰਗੇ ਬੇਲੋੜੇ ਖ਼ਰਚਿਆਂ ਲਈ ਫ਼ੰਡ ਅਲਾਟ ਕਰਨਾ ਇਸ ਮਸਲੇ ਨੂੰ ਹੋਰ ਗੰਭੀਰ ਬਣਾਉਂਦਾ ਹੈ।

### ਮਾਮਲਾ ਬੀਬੀ ਜਗੀਰ ਕੌਰ ਨੂੰ ਅਕਾਲ ਤਖ਼ਤ ਸਾਹਿਬ ਉੱਪਰ ਤਲਬ ਕਰਨ ਦਾ

# ਅਕਾਲ ਤਖ਼ਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਨੂੰ ਢਾਹ ਲਗਾਉਣ ਦੀਆਂ ਕੋਸ਼ਿਸ਼ਾਂ ਕਿਉਂ ਜਾਰੀ ਨੇ ?

## ਗੁਨਾਹਗਾਰ ਲੀਡਰਸ਼ਿਪ ਨੂੰ ਬਚਾਉਣ ਦੀਆਂ ਚਾਲਾਂ ਮੁੜ ਰਚੀਆਂ ਜਾਣ ਲਗੀਆਂ-ਬੁੱਧੀਜੀਵੀਆਂ ਦਾ ਇਤਰਾਜ਼

## ਕਿਉਂ ਦੁਹਰਾਇਆ ਜਾ ਰਿਹਾ ਹੈ ਗਿਆਨੀ ਗੁਰਬਚਨ ਸਿੰਘ ਵਾਲਾ ਇਤਿਹਾਸ ?

ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਕਾਲੀ ਦਲ ਨੂੰ ਤਬਾਹ ਕਰਨ ਵਾਲੀ ਗੁਨਾਹਗਾਰ ਅਕਾਲੀ ਲੀਡਰਸ਼ਿਪ ਤੇ ਬਾਦਲ ਪਰਿਵਾਰ ਉੱਪਰ ਸਖ਼ਤ ਕਾਰਵਾਈ ਕਰਨ ਦੀ ਥਾਂ 'ਤੇ ਅਕਾਲੀ ਦਲ ਅਕਾਲ ਤਖ਼ਤ ਤੋਂ ਪੁਨਰ ਸਿਰਜਣਾ ਕਰਨ ਲਈ ਪੰਥਕ ਇਕੱਠ ਬੁਲਾਉਣ ਦੀ ਥਾਂ ਇਸ ਸਾਰੇ ਮਸਲੇ ਨੂੰ ਤਾਰਪੀਡੋ ਕਰਨ ਲਈ ਗੈਰਸਿਧਾਂਤਕ, ਗੈਰ ਸਿੱਖ ਮਰਿਯਾਦਾ ਵਾਲੇ ਕੇਸ ਦੀ ਸੁਣਵਾਈ ਕਰਕੇ ਅਕਾਲ ਤਖ਼ਤ ਸਾਹਿਬ ਦੀ ਮਹਾਨ ਪਰੰਪਰਾਵਾਂ ਨੂੰ ਗਿਆਨੀ ਗੁਰਬਚਨ ਸਿੰਘ ਵਾਂਗ ਢਾਹ ਲਗਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਪੰਥਕ ਹਲਕਿਆਂ ਨੂੰ ਸ਼ੱਕ ਹੈ ਕਿ ਇਹ ਸਭ ਕੁਝ ਬਾਦਲ ਪਰਿਵਾਰ ਦਾ ਵਰਤਾਰਾ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਆਪਣੀ ਸਿਆਸਤ ਅਨੁਸਾਰ ਮੁੜ ਚਲਾਇਆ ਜਾਵੇ। ਇਸ ਦੇ ਰੁਝਾਨ ਸ਼ੁਰੂ ਹੋ ਚੁੱਕੇ ਹਨ।ਸ੍ਰ. ਗੁਰਤੇਜ ਸਿੰਘ ਆਈ.ਏ.ਐਸ. ਅਨੁਸਾਰ ਗਿਆਨੀ ਗੁਰਬਚਨ ਸਿੰਘ ਵਾਲਾ ਸਿੱਖ ਪਰੰਪਰਾਵਾਂ ਨੂੰ ਢਾਹ ਲਗਾਉਣ ਵਾਲਾ ਇਤਿਹਾਸ ਮੁੜ ਦੁਹਰਾਇਆ ਜਾ ਸਕਦਾ ਹੈ।

ਹੁਣੇ ਜਿਹੇ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਬੀਬੀ ਜਗੀਰ ਕੌਰ ਨੂੰ ਆਪਣੀ ਧੀ ਦੀ



ਮੌਤ ਦੇ ਮਾਮਲੇ ਵਿੱਚ 2000 ਦੌਰਾਨ ਦਰਜ ਹੋਏ ਕੇਸ ਵਿਚੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਬਰੀ ਕੀਤੇ ਜਾਣ ਤੋਂ ਛੇ ਸਾਲ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਨੂੰ ਨੋਟਿਸ ਜਾਰੀ ਕਰਕੇ ਕੁਝ ਬਾਦਲ ਬਾਅਦ, ਉਸਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਖਡੂਰ ਸਾਹਿਬ ਤੋਂ 2019 ਦੀ ਲੋਕ ਸਭਾ ਚੋਣ ਲੜੀ ਅਤੇ ਅਗਲੇ ਸਾਲ ਉਸਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਸੀ। ਸੁਆਲ ਇਹ ਪੈਦਾ ਹੁੰਦਾ ਹੈ ਕੀ ਉਸ ਸਮੇਂ ਅਕਾਲੀ ਦਲ ਦੇ ਮਹਾਰਥੀਆਂ, ਸਿੰਘ ਸਾਹਿਬਾਨਾਂ ਨੂੰ ਇਹ ਚੇਤੇ ਕਿਉਂ ਨਹੀਂ ਸੀ ਕਿ ਬੀਬੀ ਜਾਗੀਰ ਕੌਰ ਉਪਰ ਕੁੜੀ ਮਾਰ ਦੇ ਦੋਸ਼ ਹਨ ਜਾਂ ਉਸਨੇ ਕੇਸਾਂ ਦੀ ਬੇਅਦਬੀ ਕੀਤੀ ਹੈ। ਉਸਨੂੰ ਇਹ ਪੰਥ ਦੀਆਂ ਅਹਿਮ ਜ਼ਿੰਮੇਵਾਰੀਆਂ ਕਿਉਂ ਦਿੱਤੀਆਂ ਗਈਆਂ।

ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਦਾ ਕਹਿਣਾ ਹੈ ਕਿ ਜਦੋਂ ਅਕਾਲ ਤਖ਼ਤ ਸਾਹਿਬ ਉਪਰ ਸਿੱਖ ਪੰਥ ਦੀ ਹਸਤੀ,ਗੁਨਾਹਗਾਰ ਲੀਡਰਸ਼ਿਪ ਤੇ ਪੰਥਕ ਸੰਕਟ ਦਾ ਅਹਿਮ ਕੇਸ ਚਲ ਰਿਹਾ ਹੈ ਤਾਂ ਇਹੋ ਜਿਹੀ ਬੇਬੁਨਿਆਦ ਅਰਜ਼ੀ ਸਵੀਕਾਰ ਨਹੀਂ ਕਰਨੀ ਚਾਹੀਦੀ ਸੀ।ਦੂਸਰਾ ਉਨ੍ਹਾਂ ਨੂੰ ਰਹਿਤਨਾਮਿਆਂ ਤੇ ਅਕਾਲ ਤਖ਼ਤ ਸਾਹਿਬ ਦੀ ਪੰਥਕ ਮਰਿਯਾਦਾ ਅਨੁਸਾਰ ਬੀਬੀ ਜਗੀਰ ਕੌਰ ਉਪਰ ਕੁੜੀ ਮਾਰ ਦੋਸ਼ ਨਹੀਂ



ਬਣਦਾ ਸੀ। ਜਦ ਇਹ ਮਸਲਾ ਅਦਾਲਤ ਵਿੱਚ ਬੀਬੀ ਜਿੱਤ ਚੁੱਕੀ ਹੈ ਤਾਂ ਅਕਾਲ ਤਖ਼ਤ ਸਾਹਿਬ ਉਪਰ ਵਿਚਾਰਕੇ ਅਦਾਲਤੀ ਸਿਸਟਮ ਵਿੱਚ ਦਖ਼ਲ-ਅੰਦਾਜ਼ੀ ਨਹੀਂ ਕਰਨੀ ਚਾਹੀਦੀ ਸੀ।ਜੇਕਰ ਕੋਈ ਹਾਈਕੋਰਟ ਤੇ ਸੁਪ੍ਰੀਮ ਕੋਰਟ ਵਿੱਚ ਇਸ ਬਾਰੇ ਸ਼ਿਕਾਇਤ ਕਰ ਦੇਵੇ ਤਾਂ ਜਥੇਦਾਰ ਜੀ ਕੀ ਜਵਾਬ ਦੇਣਗੇ? ਬੀਬੀ ਜਾਗੀਰ ਕੌਰ ਨੇ ਇਸ ਮਸਲੇ ਨੂੰ ਆਪਣੇ ਵਿਰੋਧੀਆਂ ਦੀ ਸਾਜ਼ਿਸ਼ ਕਰਾਰ ਦਿੱਤਾ ਜੋ ਮੈਨੂੰ ਸਿਆਸੀ ਅਤੇ ਸਮਾਜਿਕ ਤੌਰ 'ਤੇ ਮਾਰਨਾ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਮੇਰੇ ਅਤੇ ਬਾਗੀ ਕੈਂਪ ਦੇ ਹੋਰ ਅਕਾਲੀ ਆਗੂਆਂ ਵਿਰੁੱਧ ਸ਼ਿਕਾਇਤਾਂ ਪਿੱਛੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਹੱਥ ਹੈ। ਬੀਬੀ ਜਗੀਰ ਕੌਰ ਨੇ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਦੇ ਉਲਟ ਇਸ ਪੱਤਰ ਨੂੰ ਜਾਰੀ ਕੀਤਾ ਗਿਆ ਹੈ ਮੈਂ ਇਸ ਦਾ ਜਵਾਬ ਆਪ ਨਿੱਜੀ ਤੌਰ 'ਤੇ ਪੇਸ਼ ਹੋ ਕੇ ਦੇਵਾਂਗੀ। ਉਨ੍ਹਾਂ ਇਲਜ਼ਾਮ ਲਗਾਇਆ ਕਿ ਗੁਰਚਰਨ ਸਿੰਘ ਟੌਹੜਾ ਦੀ ਜਨਮ ਸ਼ਤਾਬਦੀ ਦੇ ਇਕੱਠ ਨੂੰ ਵੇਖ ਕੇ ਸੁਖਬੀਰ ਸਿੰਘ ਬਾਦਲ, ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਉਨ੍ਹਾਂ ਦੇ ਹਮਾਇਤੀ ਘਬਰਾ ਗਏ ਤੇ ਅਕਾਲ ਤਖਤ ਸਾਹਿਬ ਨੂੰ ਗਲਤ ਤੇ ਝੂਠੀਆਂ ਸ਼ਿਕਾਇਤਾਂ ਕਰਵਾਈਆਂ।

(ਬਾਕੀ ਸਫ਼ਾ 31 'ਤੇ)

## ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਬੀਬੀ ਜਗੀਰ ਕੌਰ ਦੇ ਹੱਕ ਵਿੱਚ ਡਟੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਸਾਬਕਾ ਕੈਬਨਿਟ ਮੰਤਰੀ ਬੀਬੀ ਜਗੀਰ ਕੌਰ ਨੂੰ ਨੋਟਿਸ ਜਾਰੀ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਕਿਹਾ ਸੀ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕਿਰਨਜੋਤ ਕੌਰ ਨੇ ਬੀਬੀ ਜਗੀਰ ਕੌਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤੇ ਜਾਣ 'ਤੇ ਸਵਾਲ ਖੜੇ ਕੀਤੇ ਹਨ।ਉਨ੍ਹਾਂ ਨੇ ਕਿਹਾ ਕਿ ਸਿੱਖ ਨਿੱਜੀ ਕੰਮ ਜਾਂ ਕੁਰਹਿਤਾਂ ਲਈ ਆਪਣੇ ਗੁਰੂ ਪ੍ਰਤੀ ਜ਼ਿੰਮੇਵਾਰ ਹਨ, ਕਿਸੇ ਵਿਅਕਤੀ ਨੂੰ ਨਹੀਂ, ਭਾਵੇਂ ਉਹ ਅਕਾਲ ਤਖ਼ਤ ਦਾ ਜਥੇਦਾਰ ਹੀ ਕਿਉਂ ਨਾ ਹੋਵੇ। ਇਤਿਹਾਸ ਵਿੱਚ ਕਦੇ ਵੀ



ਕਿਸੇ ਔਰਤ ਨੂੰ ਰੋਮ ਦੀ ਬੇਅਦਬੀ ਜਾਂ ਦਾੜ੍ਹੀ ਦੇ ਕੇਸਾਂ ਦੀ ਬੇਅਦਬੀ ਲਈ ਕਿਸੇ ਮਰਦ ਨੂੰ ਤੁਰੰਤ ਸਪੱਸ਼ਟੀਕਰਨ ਦੇਣ ਲਈ ਤਲਬ ਨਹੀਂ ਕੀਤਾ ਗਿਆ। ਇਸ ਨਵੀਂ ਘੜੀ ਪੈੜ ਦਾ ਵਿਰੋਧ ਕਰਨਾ ਜ਼ਰੂਰੀ ਹੈ ਕਿਉਂਕਿ ਇਹ ਜਥੇਦਾਰਾਂ ਦੇ ਦਾਇਰੇ ਵਿੱਚ ਨਹੀਂ ਹੈ। ਅਕਾਲ ਤਖ਼ਤ 'ਤੇ ਸਿਰਫ਼ ਸੰਪਰਦਾਇਕ ਕੌਮੀ ਮੁੱਦੇ ਹੀ ਵਿਚਾਰੇ ਜਾ ਸਕਦੇ ਹਨ, ਨਿੱਜੀ ਨਹੀਂ।ਉਨ੍ਹਾਂ ਨੇ ਕਿਹਾ ਕਿ ਵੈਸੇ ਤਾਂ ਗੁਰਸਿੱਖਾਂ ਅਤੇ ਉਨ੍ਹਾਂ ਦੀਆਂ ਧੀਆਂ,

(ਬਾਕੀ ਸਫ਼ਾ 31 'ਤੇ)

## ਜਥੇਦਾਰ ਵਡਾਲਾ ਨੇ ਕਿਹਾ ਕਿ ਸਿਆਸੀ ਦਬਾਅ ਅਧੀਨ ਅਕਾਲ ਤਖ਼ਤ ਸਾਹਿਬ ਤੋਂ ਪੱਖਪਾਤ ਨਾ ਹੋਵੇ

ਇਸ ਨੋਟਿਸ ਬਾਰੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਜਲੰਧਰ ਵਿਖੇ ਇੱਕ ਪ੍ਰੈੱਸ ਕਾਨਫ਼ਰੰਸ ਕੀਤੀ, ਜਿਸ ਵਿੱਚ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਇਸ ਲਈ ਉੱਥੇ ਤੇ ਉੱਥੋਂ ਦੇ ਫ਼ੈਸਲਿਆਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਕਿਸੇ ਤਰ੍ਹਾਂ ਦੇ ਸਿਆਸੀ ਦਬਾਅ ਹੇਠ ਆ ਕੇ ਅਕਾਲ ਤਖ਼ਤ ਦੇ ਫ਼ੈਸਲਿਆਂ ਵਿੱਚ ਕੋਈ ਵੀ ਪੱਖਪਾਤ ਨਹੀਂ ਹੋਣਾ ਚਾਹੀਦਾ।

ਉਨ੍ਹਾਂ ਬੀਬੀ ਜਗੀਰ ਕੌਰ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੇ ਸਿੱਖਾਂ ਲਈ ਬਹੁਤ ਕੁਰਬਾਨੀਆਂ ਦਿੱਤੀਆਂ ਹਨ ਤੇ ਉਹ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਵੀ ਰਹਿ ਚੁੱਕੇ



ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਬੀਬੀ ਜਗੀਰ ਕੌਰ ਤੋਂ ਉਸ ਮਾਮਲੇ 'ਚ ਸਪੱਸ਼ਟੀਕਰਨ ਮੰਗਿਆ ਗਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਸਾਲ 2018 'ਚ ਹੀ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਬਰੀ ਕਰ ਦਿੱਤਾ ਗਿਆ ਸੀ, ਪਰ ਹੁਣ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਐਨ ਪਹਿਲਾਂ ਅਜਿਹਾ ਨੋਟਿਸ ਜਾਰੀ ਕਰਨਾ ਕਿਸੇ ਸਾਜ਼ਿਸ਼ ਦਾ ਹਿੱਸਾ ਲੱਗ ਰਿਹਾ ਹੈ। ਜਿਸ ਕੇਸ ਵਿੱਚ ਉਹ ਪਹਿਲਾਂ ਹੀ ਬਰੀ ਹੋ ਚੁੱਕੇ ਹਨ, ਉਸ ਮਾਮਲੇ 'ਚ ਉਨ੍ਹਾਂ ਨੂੰ ਕਾਤਲ ਨਹੀਂ ਕਿਹਾ ਜਾ ਸਕਦਾ।

## ਅੰਮ੍ਰਿਤਪਾਲ ਦੇ ਪਿਤਾ ਵੱਲੋਂ ਸਿਆਸੀ ਪਾਰਟੀ ਬਣਾਉਣ ਦਾ ਐਲਾਨ

ਅੰਮ੍ਰਿਤਸਰ/ਏ.ਟੀ.ਨਿਊਜ਼ :-ਸੰਸਦ ਮੈਂਬਰ ਅਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇੱਥੇ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਮਗਰੋਂ ਇੱਕ ਨਵੀਂ ਖੇਤਰੀ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ ਜਿਸ ਦਾ ਨਾਂ, ਵਿਧਾਨ ਅਤੇ ਢਾਂਚਾ ਬਾਅਦ ਵਿੱਚ ਕਿਸੇ ਵੱਡੇ ਇਕੱਠ ਵਿੱਚ ਐਲਾਨਿਆ ਜਾਵੇਗਾ। ਇਸ ਸਬੰਧੀ ਤਰਸੇਮ ਸਿੰਘ ਅਤੇ ਜਥੇਬੰਦੀ ਵਾਰਿਸ ਪੰਜਾਬ ਦੇ ਹੋਰ ਸਮਰਥਕ ਇੱਥੇ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇ ਜਿੱਥੇ ਉਨ੍ਹਾਂ ਜਥੇਬੰਦੀ ਦੀ ਚੌਥੀ ਵਰ੍ਹੇਗੰਢ ਸਬੰਧੀ ਅਤੇ ਨਵੀਂ ਸਿਆਸੀ ਪਾਰਟੀ ਦੇ ਗਠਨ ਸਬੰਧੀ ਅਰਦਾਸ ਕੀਤੀ।



ਜ਼ਿਕਰਯੋਗ ਹੈ ਕਿ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਇਸ ਵੇਲੇ ਵੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਮੀਡੀਆ ਨਾਲ ਗੱਲ ਕਰਦਿਆਂ ਤਰਸੇਮ ਸਿੰਘ ਨੇ ਕਿਹਾ ਕਿ ਨਵੀਂ ਪਾਰਟੀ ਦੇ ਨਾਂ ਬਾਰੇ ਸੰਗਤ ਦੀ ਸਲਾਹ ਲੈ ਕੇ ਬਾਅਦ ਵਿੱਚ ਕਿਸੇ ਵੱਡੇ ਇਕੱਠ ਦੌਰਾਨ ਐਲਾਨ ਕੀਤਾ ਜਾਵੇਗਾ। ਇਹ ਪਾਰਟੀ ਸਮੂਹ ਪੰਜਾਬੀਆਂ ਦੀ ਹੋਵੇਗੀ ਜਿਸ ਵਿੱਚ ਹਰ ਧਰਮ, ਜਾਤ ਅਤੇ ਬਿਨਾਂ ਕਿਸੇ ਭੇਦ-ਭਾਵ ਦੇ ਹਰ ਇੱਕ ਪੰਜਾਬੀ ਸ਼ਾਮਲ ਹੋ ਸਕੇਗਾ। ਇਹ ਸਿਆਸੀ ਖੇਤਰੀ ਪਾਰਟੀ ਪੰਜਾਬ ਦੇ ਮੁੱਦਿਆਂ 'ਤੇ ਕੰਮ ਕਰੇਗੀ।ਉਨ੍ਹਾਂ ਕਿਹਾ ਕਿ ਪੰਜਾਬ ਦੀ ਕੋਈ ਵੀ ਰਾਜਸੀ ਧਿਰ ਚਾਹੇ ਉਹ ਅਕਾਲੀ ਹੀ ਹੋਣ, ਉਨ੍ਹਾਂ ਨੇ ਕਦੇ ਵੀ ਗੁਰੂ ਸਾਹਿਬ ਵੱਲੋਂ ਬਖਸ਼ੇ ਮੀਰੀ ਪੀਰੀ ਦੇ ਸਿਧਾਂਤ ਤਹਿਤ ਰਾਜ ਨਿਯਮ ਲਾਗੂ ਨਹੀਂ ਕੀਤੇ।ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਨਾਲ ਆਰਥਿਕ, ਧਾਰਮਿਕ ਅਤੇ ਸਮਾਜਿਕ ਪੱਧਰ ਉੱਤੇ ਲਗਾਤਾਰ ਧੱਕਾ ਹੋ ਰਿਹਾ ਹੈ, ਸੂਬੇ ਦੀ ਸਥਿਤੀ ਲਗਾਤਾਰ ਬਦਤਰ ਹੁੰਦੀ ਜਾ ਰਹੀ ਹੈ।ਪੰਜਾਬ ਸਬੰਧੀ ਫ਼ੈਸਲੇ ਦਿੱਲੀ ਤੋਂ ਹੋ ਰਹੇ ਹਨ।ਪੰਜਾਬ ਵਿੱਚ ਕਿਸੇ ਵੀ ਖੇਤਰੀ ਸਿਆਸੀ ਪਾਰਟੀ ਦਾ ਵਜੂਦ ਨਹੀਂ ਰਿਹਾ, ਇਸ ਲਈ ਪੰਜਾਬ ਨੂੰ ਨਵੀਂ ਸਿਆਸੀ ਧਿਰ ਦੀ ਲੋੜ ਹੈ।

## ਖਾਲੜਾ 'ਤੇ ਬਣੀ ਫ਼ਿਲਮ ਵਿੱਚ 120 ਕੱਟ ਲਗਾਉਣਾ ਬੇਇਨਸਾਫ਼ੀ ਕਰਾਰ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਭਾਰਤ ਦੇ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ (ਸੈਂਸਰ ਬੋਰਡ) ਵੱਲੋਂ ਮਰਹੂਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਫ਼ਿਲਮ ਵਿੱਚ 120 ਕੱਟ ਲਗਾਉਣਾ, ਫ਼ਿਲਮ ਦਾ ਨਾਂ ਬਦਲਣਾ ਅਤੇ ਖਾਲੜਾ ਦਾ ਨਾਂ ਕਟਵਾਉਣਾ ਸਿੱਖਾਂ ਨਾਲ ਵੱਡੀ ਬੇਇਨਸਾਫ਼ੀ ਹੈ।ਉਨ੍ਹਾਂ ਸੈਂਸਰ ਬੋਰਡ ਨੂੰ ਅਪੀਲ ਕੀਤੀ ਕਿ ਉਹ ਆਪਣਾ ਫ਼ੈਸਲਾ ਤੁਰੰਤ ਵਾਪਸ ਲਵੇ।ਕਾਲਕਾ ਨੇ ਬਿਆਨ ਵਿੱਚ ਕਿਹਾ ਕਿ 1984 ਤੋਂ 1994 ਤੱਕ ਪੰਜਾਬ ਵਿੱਚ ਹਜ਼ਾਰਾਂ ਲਾਪਤਾ ਹੋਏ ਸਿੱਖ ਨੌਜਵਾਨਾਂ ਦੀ ਸ਼ਨਾਖ਼ਤ ਕਰਨ ਵਾਲੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦਾ ਸਿੱਖ ਕੌਮ ਵਿੱਚ ਵੱਡਾ ਸਤਿਕਾਰ ਹੈ।ਹੁਣ ਸਾਹਮਣੇ ਆਇਆ ਹੈ ਕਿ ਸੈਂਸਰ ਬੋਰਡ ਨੇ ਫ਼ਿਲਮ ਵਿੱਚ 120 ਕੱਟ ਹੀ ਨਹੀਂ ਲਗਾਏ, ਸਗੋਂ ਫ਼ਿਲਮ ਦਾ ਨਾਂ ਬਦਲ ਕੇ 'ਸਤਲੁਜ' ਕਰ ਦਿੱਤਾ ਹੈ ਅਤੇ ਮੁੱਖ ਕਿਰਦਾਰ ਦਾ ਨਾਂ ਵੀ ਜਸਵੰਤ ਸਿੰਘ ਤੋਂ ਬਦਲਣ ਦੇ ਹੁਕਮ ਦਿੱਤੇ ਹਨ।



ਕਾਲਕਾ ਨੇ ਕਿਹਾ ਕਿ ਫ਼ਿਲਮ 'ਪੰਜਾਬ 95' ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੀ ਹੋਈ ਹੈ, ਇਸ ਲਈ ਇਸ ਨੂੰ ਖਾਲੜਾ ਦੇ ਅਸਲ ਜੀਵਨ ਅਨੁਸਾਰ ਪੇਸ਼ ਕੀਤਾ ਜਾਣਾ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਇਸ ਮਾਮਲੇ ਸਬੰਧੀ ਸੈਂਸਰ ਬੋਰਡ ਤੱਕ ਪਹੁੰਚ ਕਰਕੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਅਪੀਲ ਕਰੇਗੀ।

# ਸ਼੍ਰੋਮਣੀ ਕਮੇਟੀ ਵੱਲੋਂ 'ਐਮਰਜੈਂਸੀ' ਦੇ ਵਿਰੋਧ ਦਾ ਐਲਾਨ

## ਫ਼ਿਲਮ 'ਚ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਦਾ ਲਾਇਆ ਦੋਸ਼

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੱਥੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਵੱਲੋਂ ਬਣਾਈ ਫ਼ਿਲਮ 'ਐਮਰਜੈਂਸੀ' ਨੂੰ ਮੂਲੋਂ ਰੱਦ ਕਰਨ ਦਾ ਮਤਾ ਪਾਸ ਕਰਦਿਆਂ ਸਰਕਾਰ ਨੂੰ ਇਸ 'ਤੇ ਪੂਰਨ ਰੋਕ ਲਗਾਉਣ ਦੀ ਮੰਗ ਕੀਤੀ ਹੈ। ਕਮੇਟੀ ਨੇ ਕਿਹਾ ਕਿ ਇਸ ਫ਼ਿਲਮ 'ਚ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ। ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਮੇਘਾਲਿਆ ਸਰਕਾਰ ਵੱਲੋਂ ਸ਼ਿਲਾਂਗ 'ਚ ਪੰਜਾਬੀ ਕਲੋਨੀ ਸਥਿਤ 200 ਸਾਲ ਪੁਰਾਣੇ ਗੁਰੂਘਰ ਨੂੰ ਢਾਹੁਣ ਤੋਂ ਰੋਕਣ ਵਾਸਤੇ ਉਹ ਇਸ ਮਾਮਲੇ 'ਚ ਤੁਰੰਤ ਦਖ਼ਲ ਦੇਣ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਮੀਟਿੰਗ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਦੀ 350 ਸਾਲਾ ਸ਼ਤਾਬਦੀ ਸਮਾਗਮਾਂ ਨੂੰ ਵੱਡੇ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਦੇ ਗੁਰਿਆਈ ਦਿਵਸ ਤੇ ਭਾਈ ਦਿਆਲਾ, ਭਾਈ ਸਤੀ ਦਾਸ ਤੇ ਭਾਈ ਮਤੀ ਦਾਸ ਦੇ ਸ਼ਹੀਦੀ ਦਿਹਾੜੇ ਦੀ 350 ਸਾਲਾ ਸ਼ਤਾਬਦੀ ਸਮਾਗਮਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮੀ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਮੇਘਾਲਿਆ ਸਰਕਾਰ ਵੱਲੋਂ ਸ਼ਿਲਾਂਗ 'ਚ ਪੰਜਾਬੀ ਕਲੋਨੀ ਸਥਿਤ 200 ਸਾਲ ਪੁਰਾਣੇ ਗੁਰੂਘਰ ਨੂੰ ਢਾਹੁਣ ਦੀ ਯੋਜਨਾ ਦਾ ਵੀ ਸਖ਼ਤ ਨੋਟਿਸ ਲਿਆ ਗਿਆ। ਇਸ ਸਬੰਧ ਵਿਚ ਸਿੱਖ ਵਫ਼ਦ ਨੇ ਰਾਜਪਾਲ ਅਤੇ ਮੁੱਖ ਸਕੱਤਰ ਨੂੰ ਮੰਗ ਪੱਤਰ ਵੀ ਦਿੱਤੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਫ਼ਿਲਮ 'ਐਮਰਜੈਂਸੀ' ਵਿੱਚ ਸਿੱਖਾਂ ਨੂੰ ਬਦਨਾਮ ਕਰਨ ਦੇ ਨਾਲ-ਨਾਲ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਕਿਰਦਾਰਕੁਸ਼ੀ



ਕੀਤੀ ਗਈ ਹੈ, ਜਿਸ ਨੂੰ ਸਿੱਖ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਦੋਸ਼ ਲਾਇਆ ਕਿ ਇਹ ਫ਼ਿਲਮ ਸਿੱਖ ਵਿਰੋਧੀ ਏਜੰਡੇ ਤਹਿਤ ਨਫ਼ਰਤ ਫ਼ੈਲਾਉਣ ਦੀ ਭਾਵਨਾ ਤਹਿਤ ਬਣਾਈ ਗਈ ਹੈ ਜਿਸ ਨੂੰ ਪੰਜਾਬ ਅੰਦਰ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦਿੱਤਾ ਜਾਵੇਗਾ। ਉਨ੍ਹਾਂ ਲੋਕ ਸਭਾ ਸਪੀਕਰ ਨੂੰ ਕੰਗਨਾ ਵੱਲੋਂ ਕੀਤੀ ਜਾਂਦੀ ਫ਼ਿਰਕੂ ਬਿਆਨਬਾਜ਼ੀ ਦਾ ਨੋਟਿਸ ਲੈਣ ਅਤੇ ਉਸ ਦੀ ਮੈਂਬਰਸ਼ਿਪ ਰੱਦ ਕਰਨ ਲਈ ਵੀ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਉੱਘੇ ਸਿੱਖ ਆਗੂ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ 'ਪੰਜਾਬ 95' ਫ਼ਿਲਮ ਦਾ ਮਾਮਲਾ ਵੀ ਉਠਾਇਆ ਤੇ ਸਰਕਾਰ 'ਤੇ ਪੱਖਪਾਤੀ ਰਵੱਈਆ ਅਪਨਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਦੱਸਿਆ ਕਿ ਬਲਵੰਤ ਸਿੰਘ ਰਾਜੋਆਨਾ ਦੇ ਮਾਮਲੇ ਵਿੱਚ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਵੀ ਉਨ੍ਹਾਂ ਦੀ ਫ਼ਾਂਸੀ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਅਤੇ ਰਿਹਾਈ ਸਬੰਧੀ ਕੋਈ ਫ਼ੈਸਲਾ ਨਹੀਂ ਕੀਤਾ, ਜਿਸ ਕਾਰਨ ਹੁਣ ਭਾਈ ਰਾਜੋਆਨਾ ਵੱਲੋਂ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਦੁਬਾਰਾ ਪਟੀਸ਼ਨ ਪਾਈ ਗਈ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਦਿੱਲੀ 'ਚ ਅਤਿ ਆਧੁਨਿਕ ਇਮਾਰਤ ਤਿਆਰ ਕਰਕੇ ਦਿੱਲੀ ਸਿੱਖ ਮਿਸ਼ਨ ਨੂੰ ਆਜ਼ਾਦਾਨਾ ਤੌਰ 'ਤੇ ਸਰਗਰਮ ਕਰਨ ਦਾ ਫ਼ੈਸਲਾ ਕੀਤਾ ਹੈ। ਅੰਤ੍ਰਿੰਗ ਕਮੇਟੀ ਨੇ ਸ੍ਰੀ ਫ਼ਤਹਿਗੜ੍ਹ ਸਾਹਿਬ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਦੇ ਸੈਂਟਰ ਦੇ ਦੋ ਵਿਦਿਆਰਥੀਆਂ ਸਕਸ਼ਮ ਘਈ ਤੇ ਗੁਰਵੀਰ ਸਿੰਘ ਨੂੰ ਨੈਸ਼ਨਲ ਡਿਫ਼ੈਂਸ ਅਕੈਡਮੀ (ਐਨਡੀਏ) ਦਾ ਪੇਪਰ ਪਾਸ ਕਰਨ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ। ਇਸ ਤੋਂ ਇਲਾਵਾ ਕਮੇਟੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦੇ 450 ਸਾਲਾ ਸ਼ਤਾਬਦੀ ਸਮਾਗਮਾਂ ਵਿੱਚ ਪੰਜਾਬ ਦੀ 'ਆਪ' ਸਰਕਾਰ ਵੱਲੋਂ ਅਪਣਾਏ ਗਏ ਨਕਾਰਾਤਮਕ ਰਵੱਈਏ ਦੀ ਆਲੋਚਨਾ ਕੀਤੀ ਹੈ।

### ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਬਾਰੇ ਮਤਾ

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਸਬੰਧਿਤ ਸ਼੍ਰੋਮਣੀ ਕਮੇਟੀ ਦੀ ਅੰਤਰਿਗ ਕਮੇਟੀ ਦੇ ਮੈਂਬਰ ਜਸਵੰਤ ਸਿੰਘ ਪੂੜੈਨ ਨੇ ਮੀਟਿੰਗ ਦੌਰਾਨ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਦਾ ਮਾਮਲਾ ਉਭਾਰਿਆ ਹੈ। ਉਨ੍ਹਾਂ ਇਹ ਮਾਮਲਾ ਫ਼ੁਟਕਲ ਮਤੇ ਦੇ ਰੂਪ ਵਿੱਚ ਪੇਸ਼ ਕੀਤਾ ਪਰ ਪ੍ਰਧਾਨ ਵੱਲੋਂ ਇਸ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ। ਉਨ੍ਹਾਂ ਮਤੇ ਦੇ ਰੂਪ ਵਿੱਚ ਸੁਝਾਅ ਰੱਖਿਆ ਕਿ ਜਥੇਦਾਰਾਂ ਦੀ ਨਿਯੁਕਤੀ ਪੁਰਾਤਨ ਰਹੁ-ਰੀਤਾਂ ਅਨੁਸਾਰ ਹੋਣੀ ਚਾਹੀਦੀ ਹੈ। ਜਥੇਦਾਰ ਨੂੰ ਅਹੁਦੇ ਤੋਂ ਹਟਾਉਣ ਦਾ ਫ਼ੈਸਲਾ ਅੰਤਰਿਗ ਕਮੇਟੀ ਦੀ ਥਾਂ ਜਨਰਲ ਹਾਊਸ ਵਿੱਚ ਦੋ-ਤਿਹਾਈ ਬਹੁਮਤ ਨਾਲ ਕੀਤਾ ਜਾਵੇ। ਤਖਤਾਂ ਦੇ ਜਥੇਦਾਰਾਂ ਦਾ ਵੱਖਰਾ ਬਜਟ ਹੋਵੇ ਤੇ ਜਥੇਦਾਰਾਂ ਦੀ ਮਰਜ਼ੀ ਨਾਲ ਉਸ ਨੂੰ ਖਰਚ ਕੀਤਾ ਜਾਵੇ। ਜਥੇਦਾਰ 70 ਸਾਲ ਦੀ ਉਮਰ ਤੱਕ ਸੇਵਾ ਨਿਭਾ ਸਕਣ।

## ਸਿੱਖ ਵਿਦਿਆਰਥੀ ਦੀ ਦਸਤਾਰ ਖ਼ਾਲਸਾ ਕਾਲਜ 'ਚ ਵੀ ਸੁਰੱਖਿਅਤ ਨਹੀਂ : ਜਥੇਦਾਰ ਹਰਪ੍ਰੀਤ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਵਿਦਿਆਰਥੀ ਦੀ ਦਸਤਾਰ ਖ਼ਾਲਸਾ ਕਾਲਜ 'ਚ ਵੀ ਸੁਰੱਖਿਅਤ ਨਹੀਂ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਦਾ ਸਿੱਖਾਂ ਦੇ ਕਕਾਰਾਂ ਸਬੰਧੀ ਦਿੱਤਾ ਬਿਆਨ ਸਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਦਿੱਲੀ ਦੀਆਂ ਸਿੱਖ ਸੰਸਥਾਵਾਂ ਦੇ ਆਗੂ ਇਸ ਮਾਮਲੇ 'ਤੇ ਚੁੱਪ ਹਨ। ਗੁਰਦੁਆਰਾ ਸ੍ਰੀ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਕਥਾ ਵਿਚਾਰ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਗੰਭੀਰ ਮੁੱਦੇ 'ਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਸਖ਼ਤ ਨੋਟਿਸ ਲੈਣਾ ਚਾਹੀਦਾ ਸੀ ਕਿ ਆਖ਼ਰ ਉਹ ਕੌਣ ਲੋਕ ਸਨ, ਜਿਨ੍ਹਾਂ ਸ਼ਰੇਆਮ ਇੱਕ ਸਿੱਖ ਵਿਦਿਆਰਥੀ ਦੀ ਦਸਤਾਰ



ਉਤਾਰੀ ਤੇ ਸਿੱਖ ਬੱਚੀਆਂ ਨਾਲ ਬਦਤਮੀਜ਼ੀ ਕੀਤੀ। ਦਿੱਲੀ ਕਮੇਟੀ ਦੀ ਚੁੱਪ ਵੀ ਘਟਨਾ ਨੂੰ ਦਬਾਉਣ ਦੀ ਕੋਸ਼ਿਸ਼ ਲਗਦੀ ਹੈ। ਜਥੇਦਾਰ ਨੇ ਕਿਹਾ ਕਿ ਜੇ ਖ਼ਾਲਸਾ ਕਾਲਜ ਵਿੱਚ ਹੀ ਸਾਡੇ ਬੱਚੇ ਸੁਰਖਿਅਤ ਨਹੀਂ ਹਨ ਤਾਂ ਕਿਥੇ ਸੁਰੱਖਿਅਤ ਹੋਣਗੇ। ਜਥੇਦਾਰ ਨੇ ਕਿਹਾ ਕਿ ਇਹ ਘਟਨਾ ਦੱਸਦੀ ਹੈ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਸਿੱਖਾਂ ਦੇ ਕਕਾਰਾਂ ਬਾਰੇ ਜੋ ਬਿਆਨ ਦਿੱਤਾ ਸੀ ਉਹ ਬਿਲਕੁਲ ਸਹੀ ਹੈ। ਉਨ੍ਹਾਂ ਦਿੱਲੀ ਦੇ ਸਿੱਖ ਆਗੂਆਂ ਨੂੰ ਪੁੱਛਿਆ ਕਿ ਉਹ ਦੱਸਣ ਕਿ ਇੰਨੀ ਵੱਡੀ ਘਟਨਾ ਵਾਪਰ ਗਈ ਤੇ ਇਹ ਆਗੂ ਚੁੱਪ ਕਿਉਂ ਹਨ।

## ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਮੇਘਾਲਿਆ ਦੇ ਰਾਜਪਾਲ ਨਾਲ ਮੁਲਾਕਾਤ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਪਿਛਲੇ ਦਿਨੀਂ ਮੇਘਾਲਿਆ ਦੇ ਰਾਜਪਾਲ ਸੀ. ਐੱਚ. ਵਿਜਯਸ਼ੰਕਰ ਨਾਲ ਮੁਲਾਕਾਤ ਕਰਕੇ ਸ਼ਿਲਾਂਗ ਦੀ ਪੰਜਾਬੀ ਕਲੋਨੀ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਦਾ ਮਾਮਲਾ ਤੁਰੰਤ ਹੱਲ ਕਰਵਾਉਣ ਲਈ ਦਖ਼ਲ ਦੀ ਮੰਗ ਕੀਤੀ ਹੈ।

ਇਸ ਵਫ਼ਦ ਨੇ ਬੀਤੇ ਦਿਨ ਮੇਘਾਲਿਆ ਸਰਕਾਰ ਦੇ ਮੁੱਖ ਸਕੱਤਰ ਡੋਨਾਲਡ ਫ਼ਿਲਿਪਸ ਵਾਹਲੈਂਗ ਨਾਲ ਮੁਲਾਕਾਤ ਕਰਕੇ ਸ਼ਿਲਾਂਗ ਦੇ ਸਿੱਖਾਂ ਦੇ ਮਸਲੇ ਹੱਲ ਕਰਨ ਦੇ ਨਾਲ-ਨਾਲ ਗੁਰਦੁਆਰਾ ਸਾਹਿਬ ਨੂੰ ਢਾਹੁਣ ਦੀ ਕਾਰਵਾਈ ਤੁਰੰਤ ਰੋਕਣ ਲਈ ਮੰਗ ਪੱਤਰ ਸੌਂਪਿਆ ਸੀ।

ਇਸੇ ਸਬੰਧ 'ਚ ਹੀ ਮੇਘਾਲਿਆ ਦੇ ਰਾਜਪਾਲ ਨਾਲ ਮੁਲਾਕਾਤ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਵਫ਼ਦ ਦੀ ਅਗਵਾਈ ਕਰ ਰਹੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਵਫ਼ਦ ਨੇ ਮੇਘਾਲਿਆ ਦੇ ਰਾਜਪਾਲ ਨੂੰ ਸ਼ਿਲਾਂਗ 'ਚ ਗੁਰੂ ਘਰ ਨੂੰ ਢਾਹੁਣ ਦੀ ਕਾਰਵਾਈ ਤੁਰੰਤ ਰੋਕਣ ਲਈ ਸਰਕਾਰ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਨ ਲਈ ਆਖਿਆ। ਉਨ੍ਹਾਂ ਕਿਹਾ



ਕਿ ਸ਼ਿਲਾਂਗ ਦੀ ਪੰਜਾਬੀ ਕਲੋਨੀ 'ਚ ਗੁਰਦੁਆਰਾ ਸਾਹਿਬ ਢਾਹੁਣ ਦੇ ਨਿਰਦੇਸ਼ ਜਾਰੀ ਹੋਣ 'ਤੇ ਸਥਾਨਕ ਸਿੱਖਾਂ ਅੰਦਰ ਰੋਸ ਹੈ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਮੇਘਾਲਿਆ ਸਰਕਾਰ ਨੂੰ ਹਦਾਇਤ ਜਾਰੀ ਕਰਕੇ ਸਥਾਨਕ ਸਿੱਖਾਂ ਦੇ ਹੱਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਰਾਜਪਾਲ ਨਾਲ ਮੁਲਾਕਾਤ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਤੋਂ ਇਲਾਵਾ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ਼ਿਲਾਂਗ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਪ੍ਰਧਾਨ ਗੁਰਜੀਤ ਸਿੰਘ, ਸ਼ਿਲਾਂਗ ਸਿੱਖਸ ਸੰਸਥਾ ਦੇ ਕਨਵੀਨਰ ਪ੍ਰੋਫ਼ੈਸਰ ਜਗਮੋਹਨ ਸਿੰਘ ਸ਼ਾਮਲ ਸਨ।

## ਹਰ ਕੀ ਪੌੜੀ ਜਾ ਰਹੇ ਸਿੱਖ ਜਥੇ ਨੂੰ ਹੱਦ 'ਤੇ ਰੋਕਿਆ

ਹਰਿਦੁਆਰ/ਏ.ਟੀ.ਨਿਊਜ਼ : ਹਰਿਦੁਆਰ 'ਚ ਹਰ ਕੀ ਪੌੜੀ ਗਿਆਨ ਗੋਦੜੀ ਗੁਰਦੁਆਰੇ ਦੀ ਮੰਗ ਨੂੰ ਲੈ ਕੇ ਹਰਿਦੁਆਰ ਜਾ ਰਹੇ ਸਿੱਖਾਂ ਦੇ ਜਥੇ ਨੂੰ ਪੁਲਿਸ ਨੇ ਰੋਕ ਲਿਆ। ਇਸ ਦੌਰਾਨ ਲੋਕਾਂ ਨੇ ਜਾਮ ਲਗਾਉਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਸਮਝਾਇਆ ਅਤੇ ਵਾਪਸ ਦਿੱਲੀ ਭੇਜ ਦਿਤਾ।

ਵੀਰਵਾਰ ਸਵੇਰੇ ਕਰੀਬ 10 ਵਜੇ ਜਦੋਂ ਆਲ ਇੰਡੀਆ ਸਿੱਖ ਕਾਨਫ਼ਰੰਸ ਦੇ ਪ੍ਰਧਾਨ ਗੁਰਚਰਨ ਸਿੰਘ ਬੱਬਰ ਦੀ ਅਗਵਾਈ ਵਿੱਚ ਸਿੱਖ ਦਿੱਲੀ ਤੋਂ ਨਾਰਸਨ ਬਾਰਡਰ ਰਾਹੀਂ ਹਰਿਦੁਆਰ ਜ਼ਿਲ੍ਹੇ ਵਿੱਚ ਦਾਖਲ ਹੋ ਰਹੇ ਸਨ, ਸੂਚਨਾ ਮਿਲਦੇ ਹੀ ਪੁਲਿਸ ਅਤੇ ਪ੍ਰਸ਼ਾਸਨ ਨੇ ਨਾਰਸਨ ਚੈੱਕਪੋਸਟ 'ਤੇ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿਤੇ। ਇਸ ਦੌਰਾਨ ਪੁਲਿਸ ਨੇ ਸਰਹੱਦ 'ਤੇ ਪਹੁੰਚੇ ਸਮੂਹ ਨੂੰ ਰੋਕ ਦਿਤਾ ਪਰ ਸਿੱਖਾਂ ਦਾ ਜਥਾ ਹਰ ਕੀ ਪੌੜੀ ਜਾਣ 'ਤੇ ਅੜਿਆ ਰਿਹਾ ਅਤੇ ਹਾਈਵੇਅ ਜਾਮ ਕਰਨ ਦੀ ਕੋਸ਼ਿਸ਼ ਕੀਤੀ। ਇਸ 'ਤੇ ਜੁਆਇੰਟ ਮੈਜਿਸਟਰੇਟ ਆਸ਼ੀਸ਼ ਮਿਸ਼ਰਾ, ਸੀ.ਓ. ਮੈਂਗਲੌਰ ਵਿਵੇਕ ਕੁਮਾਰ, ਕੋਤਵਾਲੀ ਇੰਚਾਰਜ ਸ਼ਾਂਤੀ ਕੁਮਾਰ ਨੇ ਗੁਰਚਰਨ ਸਿੰਘ ਬੱਬਰ ਅਤੇ ਹੋਰਾਂ ਨੂੰ ਸਮਝਾਇਆ ਅਤੇ ਉਨ੍ਹਾਂ ਨੂੰ ਵਾਪਸ ਦਿੱਲੀ ਭੇਜ ਦਿਤਾ। ਇਸ ਤੋਂ ਪਹਿਲਾਂ ਗੁਰਚਰਨ ਸਿੰਘ ਨੇ ਇੱਕ ਪ੍ਰੈਸ ਕਾਨਫ਼ਰੰਸ 'ਚ ਕਿਹਾ ਕਿ ਹਰਿਦੁਆਰ

### ਅਸੀਂ ਗੁਰਦੁਆਰੇ ਲਈ ਲੜਦੇ ਰਹਾਂਗੇ : ਗੁਰਚਰਨ ਸਿੰਘ



ਹਰ ਕੀ ਪੌੜੀ ਵਿਖੇ ਸਿੱਖਾਂ ਦੇ ਲਗਭਗ 400 ਸਾਲ ਪੁਰਾਣੇ ਗੁਰਦੁਆਰੇ ਨੂੰ ਢਾਹ ਦਿੱਤਾ ਗਿਆ ਹੈ। ਉਨ੍ਹਾਂ ਕਿਹਾ, "ਅਸੀਂ ਅਪਣੇ ਗੁਰਦੁਆਰੇ ਲਈ ਲੜਨ ਲਈ ਹਰਿਦੁਆਰ ਜਾਣਾ ਚਾਹੁੰਦੇ ਸੀ ਪਰ ਪੁਲਿਸ ਨੇ ਸਾਨੂੰ ਨਹੀਂ ਜਾਣ ਦਿਤਾ।" ਉਨ੍ਹਾਂ ਕਿਹਾ ਕਿ ਉਹ ਗੁਰਦੁਆਰੇ ਲਈ ਲੜਦੇ ਰਹਿਣਗੇ। ਇਸ ਮੌਕੇ ਰਾਜਿੰਦਰ ਸਿੰਘ, ਅਵਤਾਰ ਸਿੰਘ, ਤੇਜਿੰਦਰ ਕੌਰ ਬੱਬਰ, ਸਿੰਮੀ ਬੱਬਰ, ਸੌਰਭ ਸ਼ਰਮਾ, ਸੰਜੇ ਕੁਮਾਰ ਆਦਿ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਹਾਕੀ ਖਿਡਾਰੀ ਜਰਮਨਪ੍ਰੀਤ ਸਿੰਘ ਦਾ ਸਨਮਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਪੈਰਿਸ ਉਲੰਪਿਕ ਵਿੱਚ ਕਾਂਸੇ ਦਾ ਤਗਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਨੂੰ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿਰੋਪਾਓ, ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਤੇ 5 ਲੱਖ ਰੁਪਏ ਦਾ ਚੈੱਕ ਦੇ ਕੇ ਉਸ ਨੂੰ ਸਨਮਾਨਿਤ ਕੀਤਾ। ਇਸ ਦੇ ਨਾਲ ਹੀ ਹਰਿਆਣਾ ਨਾਲ ਸਬੰਧਤ ਦੌੜਾਕ ਅਮਰਪ੍ਰੀਤ ਸਿੰਘ ਨੂੰ ਵੀ 1 ਲੱਖ ਰੁਪਏ ਦੀ ਸਨਮਾਨ ਰਾਸ਼ੀ ਦਿੱਤੀ ਗਈ। ਇਹ ਨੌਜਵਾਨ



ਅੰਬਾਲਾ ਤੋਂ ਦੌੜਦਿਆਂ ਹੋਇਆ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਨਤਮਸਤਕ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਜੇਕਰ ਕੋਈ ਸਿੱਖ ਖਿਡਾਰੀ ਖੇਡਾਂ ਦੇ ਖੇਤਰ ਵਿੱਚ ਵੱਡੀ ਪ੍ਰਾਪਤੀ ਕਰਦਾ ਹੈ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਉਸ ਦਾ ਵਿਸ਼ੇਸ਼ ਸਨਮਾਨ ਕੀਤਾ ਜਾਂਦਾ ਹੈ।

## ਗੁਰੂ ਗੋਬਿੰਦ ਸਿੰਘ ਬਾਰੇ ਟਿੱਪਣੀ ਕਰਨ ਵਾਲੇ ਖ਼ਿਲਾਫ਼ ਕਾਰਵਾਈ ਕਰੇ ਸਰਕਾਰ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਕਮਾਲੀ ਦੇ ਵਿਅਕਤੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਭੱਦੀ ਸ਼ਬਦਾਵਲੀ ਬੋਲਣ ਦਾ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਕੋਲੋਂ ਮੁਲਜ਼ਮ ਖ਼ਿਲਾਫ਼ ਕਾਰਵਾਈ ਮੰਗੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਅੰਦਰ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸੋਸ਼ਲ ਮੀਡੀਆ 'ਤੇ ਗੁਰੂ ਸਾਹਿਬਾਨ ਪ੍ਰਤੀ ਨਿਰਾਦਰ ਦੀਆਂ ਘਟਨਾਵਾਂ ਅਕਸਰ ਹੀ ਵਾਪਰ ਰਹੀਆਂ ਹਨ। ਇਸ ਲਈ ਸਰਕਾਰ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਅਜਿਹੇ ਸ਼ਰਾਰਤੀ ਅਨਸਰਾਂ ਦੇ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਵੀ ਨਸ਼ਰ ਕਰੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪਿੰਡਾਂ ਦੇ ਸਰਪੰਚ ਚੁਣੋ, ਨਾ ਕਿ ਧਿਰਾਂ ਦੇ...

ਸਰਪੰਚੀ ਦੇ ਲਈ ਜਗਸੀਰ ਜੀਂਦਾ ਦੀ ਇੱਕ ਬੋਲੀ ਬੜੀ ਮਸ਼ਹੂਰ ਹੈ ਅਖੇ "ਸੱਠ ਲੱਖ ਵਿੱਚ ਵਿਕੀ ਸਰਪੰਚੀ, ਜਿੱਤ ਹੋ ਗਈ ਲੋਕ ਰਾਜ ਦੀ।" ਪਰ ਇਸ ਵਾਰੀ ਤਾਂ ਸਰਪੰਚੀ ਕਰੋੜਾਂ ਦੇ ਵਿੱਚ ਵਿਕਣ ਲਈ ਕਾਹਲੀ ਬੈਠੀ ਹੈ। ਆਮ ਆਦਮੀ ਪਾਰਟੀ ਦੇ ਰਾਜ ਵਿੱਚ ਸਰਪੰਚ ਖਾਸ ਆਦਮੀ ਬਣ ਰਹੇ ਨੇ। ਸਿਆਣੇ ਕਹਿੰਦੇ ਨੇ ਕਿ ਡਾਢੇ ਦਾ ਸੱਤੀ ਬੀਹੀ ਸੌ। ਕਿਹੜੇ ਲੋਕਤੰਤਰ ਦੀ ਗੱਲ ਕਰਦੇ ਹੋ, ਲੋਕਤੰਤਰ ਤਾਂ ਤਮਾਸ਼ਾ ਬਣਿਆ ਹੋਇਆ ਹੈ। ਇਹ ਨਹੀਂ ਹੈ ਕਿ ਸਰਪੰਚੀ ਦੀਆਂ ਵੋਟਾਂ ਸਮੇਂ ਅਕਾਲੀ ਜਾਂ ਕਾਂਗਰਸ ਨੇ ਆਪਣੀਆਂ ਮਨਆਈਆਂ ਨਹੀਂ ਕੀਤੀਆਂ ਪਰ ਆਪ ਪਾਰਟੀ ਦੇ ਸਮੇਂ ਤਾਂ ਏਹਨਾਂ ਨੇ ਪਿੰਡ ਹੀ ਮੁੱਲ ਲੈਣੇ ਸ਼ੁਰੂ ਕਰ ਦਿੱਤੇ ਨੇ। ਸਰਪੰਚੀ ਪੰਜਾਬੀਆਂ ਦੇ ਸਿਰ ਚੜ ਕੇ ਬੋਲ ਰਹੀ ਹੈ ਤੇ ਜਿਹਨਾਂ ਦੇ ਸਿਰ ਚੜ ਕੇ ਸਰਪੰਚੀ ਬੋਲ ਰਹੀ ਹੈ ਓਹਨਾਂ ਦੇ ਪਿੱਛੇ ਸਰਕਾਰਾਂ ਦੇ ਵੱਡੇ ਲੀਡਰ ਬੋਲ ਰਹੇ ਨੇ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬ ਵਿੱਚ ਕਈ ਸੌ ਪਿੰਡਾਂ ਦੇ ਵਿੱਚ ਸਰਬਸੰਮਤੀ ਦੇ ਨਾਲ ਸਰਪੰਚ ਚੁਣ ਲਏ ਗਏ ਨੇ ਤੇ ਕਈ ਜਗ੍ਹਾ 'ਤੇ ਸਰਬਸੰਮਤੀਆਂ ਹੋ ਵੀ ਰਹੀਆਂ ਨੇ ਤੇ ਕਈ ਪਿੰਡ ਸਮੁੱਚੇ ਭਾਈਚਾਰੇ ਨੂੰ ਰਾਜਨੀਤੀ ਦੀ ਪਾਣ ਚੜ੍ਹਨ ਤੋਂ ਬਚਾਅ ਰਹੇ ਨੇ। ਜਿਵੇਂ ਸਰਪੰਚੀ ਦੀਆਂ ਬੋਲੀਆਂ ਲੱਗ ਰਹੀਆਂ ਨੇ, ਤੇ ਦੂਜੇ ਪਾਸੇ ਕਈ ਪਿੰਡਾਂ ਦੇ ਵਿੱਚ ਸਰਬ ਸੰਮਤੀ ਦੇ ਨਾਮ 'ਤੇ 'ਸਿਰੋਪਾ ਸਰਪੰਚੀ' ਪਰ ਸਿਆਸਤ ਦੇ ਨਾਲ ਰੰਗੀ ਹੋਈ ਵੀ ਦੇਖਣ ਨੂੰ ਮਿਲ ਰਹੀ ਹੈ। ਸਰਪੰਚੀ ਦੀ ਬੋਲੀ ਨੂੰ ਹਾਸੇ ਠੱਠੇ ਵਿੱਚ ਨਹੀਂ ਲੈਣਾ ਚਾਹੀਦਾ। ਇਹ ਇੱਕ ਚਿੰਤਾ ਦਾ ਵਿਸ਼ਾ ਹੈ। ਬੋਲੀ ਵਾਲੀ ਗੱਲ ਪਹਿਲੀ ਵਾਰ ਸਰਪੰਚੀ ਦੀਆਂ ਚੋਣਾਂ ਵਿੱਚ ਸਾਹਮਣੇ ਆਈ ਹੈ। ਖ਼ਾਸ ਕਰਕੇ ਡੇਰਾ ਬਾਬਾ ਨਾਨਕ ਤੇ ਬੀਜੇਪੀ ਪ੍ਰੇਮੀ ਦੀ ਦੋ ਕਰੋੜ ਵਾਲੀ ਬੋਲੀ ਲੋਕਾਂ ਨੂੰ ਹੈਰਾਨ ਕਰ ਗਈ। ਬਾਅਦ ਵਿੱਚ ਭਾਵੇਂ ਦੋ ਕਰੋੜ ਦੀ ਬੋਲੀ ਲਗਾਉਣ ਵਾਲਾ ਬੋਲੀ ਤੋਂ ਪਿੱਛੇ ਹੱਟ ਗਿਆ। ਬੀਜੇਪੀ ਪਿੰਡ ਪੱਧਰ 'ਤੇ ਬੋਲੀ ਕਿਉਂ ਲਗਵਾ ਰਹੀ ਹੈ? ਕੀ ਬੀਜੇਪੀ ਜ਼ਮੀਨੀ ਪੱਧਰ 'ਤੇ ਆਪਣੀ ਪਹੁੰਚ ਦਸ ਰਹੀ ਹੈ ਜਾਂ ਖੁੱਲ੍ਹਾ ਖੇਡ, ਖੇਡ ਰਹੀ ਹੈ। ਇਹ ਗੱਲ ਵੀ ਸਾਰਥਿਕ ਬਹਿਸ ਮੰਗਦੀ ਹੈ। ਲੋਕਤੰਤਰ ਕਿੱਥੇ ਗਿਆ? ਕਾਨੂੰਨ ਦੇ ਮੁਤਾਬਿਕ ਤਾਂ ਪਰਚਾ ਹੋ ਸਕਦਾ ਹੈ ਬੋਲੀ ਦੇਣ ਵਾਲਿਆਂ 'ਤੇ। ਇੱਥੋਂ ਤਕ ਕਿ ਬੋਲੀ ਦੇਣ ਸਮੇਂ ਕੋਲ ਖੜਨ ਵਾਲਿਆਂ 'ਤੇ ਵੀ। ਪਰ ਕਾਨੂੰਨ ਦਾ ਤਾਂ ਕੋਈ ਨਾਂਅ ਥੇਹ ਵੀ ਨਹੀਂ। ਕਰੋੜਾਂ ਲੱਖਾਂ ਵਿੱਚ ਬੋਲੀ ਦੇ ਕੇ ਬਣਨ ਵਾਲੇ ਸਰਪੰਚ ਪਿੰਡ ਦਾ ਕੀ ਸੰਵਾਰਣਗੇ? ਵੱਡਾ ਸਵਾਲ ਇਹ ਹੈ ਕਿ ਚੋਣ ਕਮਿਸ਼ਨ ਕੀ ਕਰ ਰਿਹਾ ਸੀ? ਸਿਆਸਤ ਕੀ ਕਰ ਰਹੀ ਹੈ? ਪ੍ਰਸ਼ਾਸਨ ਕੀ ਕਰ ਰਿਹਾ ਹੈ? ਕਿਉਂ ਉਮੀਦਵਾਰਾਂ ਨੂੰ ਕਾਗ਼ਜ਼ ਨਹੀਂ ਭਰਨ ਦਿੱਤੇ ਜਾ ਰਹੇ? ਕੀ ਲੋਕਤੰਤਰ ਦੀ ਬੋਲੀ ਲੱਗ ਰਹੀ ਹੈ? ਕੀ ਹੁਣ ਆਮ ਘਰਾਂ ਦੀ ਸਰਪੰਚੀ ਨਹੀਂ ਰਹਿ ਗਈ? ਵੈਸੇ 60 ਪਟੀਸ਼ਨਾਂ ਪਈਆਂ ਨੇ ਸਰਪੰਚੀ ਦੀਆਂ ਚੋਣਾਂ ਦੇ ਖ਼ਿਲਾਫ਼। ਵੀਰਵਾਰ ਨੂੰ ਫੈਸਲਾ ਹੋਵੇਗਾ ਤੇ ਸਰਕਾਰ ਵੀ ਜਵਾਬ ਦੇਵੇਗੀ। ਉਂਝ ਤਾਂ ਸਰਪੰਚੀ 'ਤੇ ਬੋਲੀਆਂ ਲਗਾਉਣ ਦਾ ਮਾਮਲਾ ਹਾਈ ਕੋਰਟ ਵਿੱਚ ਵੀ ਪਹੁੰਚਿਆ। ਪਟੀਸ਼ਨ ਕਰਤਾ ਨੇ ਕਿਹਾ ਕਿ ਸਰਪੰਚੀ ਨੂੰ ਵੇਚਣ ਦਾ ਮਾਮਲਾ ਗ਼ੈਰ ਸੰਵਿਧਾਨਕ ਹੈ। ਸਰਪੰਚੀ ਦੀਆਂ ਚੋਣਾਂ ਦੇ ਵਿੱਚ ਸਰਪੰਚ ਤਾਂ ਆਪਸ ਵਿੱਚ ਗਾਲੀਓ ਗਾਲ਼ੀ ਹੁੰਦੇ ਵੇਖੇ ਪਰ ਐਮ.ਐਲ.ਏ.ਵੀ ਮਿਹਣੋ ਮਿਹਣੀ ਹੁੰਦੇ ਵੇਖੇ ਗਏ। ਇੱਕ ਹੋਰ ਹਾਸੋਹੀਣੀ ਗੱਲ ਹੈ ਕਿ ਵਿਰੋਧੀ ਧਿਰ ਤਾਂ ਕਹਿੰਦੀ ਚੰਗੀ ਲੱਗਦੀ ਹੈ ਕਿ ਧੱਕਾ ਹੋ ਰਿਹਾ ਪਰ ਇੱਥੇ ਤਾਂ ਖੁਦ ਸਰਕਾਰ ਹੀ ਕਹੀ ਜਾ ਰਹੀ ਹੈ ਕਿ ਧੱਕਾ ਹੋ ਰਿਹਾ। ਅਸਲ ਦੇ ਵਿੱਚ ਜਿਹੜੇ ਲੋਕ ਸਰਪੰਚੀ ਲੈਣ ਦੇ ਲਈ ਮੰਤਰੀਆਂ ਦੀਆਂ ਮਿੰਨਤਾਂ ਕਰਦੇ ਫਿਰਦੇ ਨੇ ਓਹਨਾਂ ਨੂੰ ਸਰਪੰਚ ਦੀ ਤਾਕਤ ਦਾ ਅੰਦਾਜ਼ਾ ਹੀ ਨਹੀਂ ਹੈ। ਅਸਲ ਦੇ ਵਿੱਚ ਏਨਾਂ ਲੋਕਾਂ ਨੂੰ ਗ੍ਰਾਮ ਸਭਾ ਦੀ ਮਹੱਤਤਾ ਦੀ ਸਮਝ ਹੀ ਨਹੀਂ ਹੈ। ਗ੍ਰਾਮ ਸਭਾ ਮਜ਼ਬੂਤ ਹੋਵੇ ਤਾਂ ਓਹਦੇ ਫੈਸਲੇ ਤਾਂ ਕੋਰਟ ਵੀ ਰੱਦ ਨਹੀਂ ਕਰ ਸਕਦੀ। ਕੀ ਪਿੰਡਾਂ ਵਿੱਚ ਗ੍ਰਾਮ ਸਭਾ ਇਜਲਾਸ ਹੁੰਦੇ ਨੇ? ਜਾਂ ਲੋਕਾਂ ਨੂੰ ਇਸ ਤਾਕਤ ਦਾ ਪਤਾ ਹੈ? ਅਸਲ ਵਿੱਚ ਇਸ ਦਾ ਜਵਾਬ ਨਾਂਹ ਹੈ। ਜੇ ਪੰਚਾਇਤ ਨੂੰ ਆਪਣੀ ਅਸਲੀ ਤਾਕਤ ਦੀ ਪਛਾਣ ਹੋਵੇ ਤਾਂ ਉਹ ਲੀਡਰਾਂ ਦਾ ਭਾਰ ਕਦੇ ਨਾ ਢੋਣ। ਪੰਜਾਬ ਵਾਸੀਆਂ ਨੂੰ ਵੀ ਬੇਨਤੀ ਹੈ ਕਿ ਆਪਣੇ ਭਾਈਚਾਰੇ ਨੂੰ ਵੀ ਕਦੇ ਖ਼ਤਮ ਨਾ ਹੋਣ ਦਿਓ, ਤੀਜੇ ਬੰਦੇ ਨੂੰ ਆਪਣੇ ਪਿੰਡ ਦੀ ਚੌਧਰ ਨਾ ਦਿਓ, ਕਿਉਂਕਿ ਪਿੰਡ ਵੀ ਇੱਕ ਪਰਿਵਾਰ ਹੁੰਦਾ ਹੈ ਤੇ ਪਰਿਵਾਰ ਦੀ ਹਰ ਲੋੜ ਪਿੰਡ ਵਿੱਚ ਰਹਿਣ ਵਾਲੇ ਹਰ ਬੰਦੇ ਨੂੰ ਪਤਾ ਹੁੰਦੀ ਹੈ। ਸੋ ਪਿੰਡ ਦੀ ਪਾਰਲੀਮੈਂਟ ਦੇ ਵਿੱਚ ਤੂਤੀ ਵੀ ਪਿੰਡ ਵਾਲਿਆਂ ਦੀ ਹੀ ਬੋਲਣੀ ਚਾਹੀਦੀ ਹੈ। ਹੁਣ ਤਾਂ ਮਾਹੌਲ ਮੁਤਾਬਿਕ ਲੋਕ ਇਹ ਕਹਿਣ ਲੱਗ ਪਏ ਨੇ ਕਿ ਚਾਦਰਿਆਂ ਵਾਲੇ ਸਰਪੰਚ ਪਿੰਡਾਂ ਦੇ ਸਰਪੰਚ ਹੁੰਦੇ ਸੀ, ਹੁਣ ਧਿਰਾਂ ਅ ਤੇ ਪਾਰਟੀਆਂ ਦੇ ਸਰਪੰਚ ਬਣਨ ਲੱਗ ਪਏ ਨੇ। ਸੋ ਪਿੰਡ ਦਾ ਸਰਪੰਚ ਚੁਣੋ ਨਾ ਕਿ ਪਾਰਟੀ ਦਾ।

# ਕੇਜਰੀਵਾਲ ਤੇ 'ਆਪ' ਤੋਂ ਲੋਕਾਂ ਦਾ ਵਿਸ਼ਵਾਸ ਕਿਉਂ ਟੁੱਟਿਆ?



**ਬਲਵਿੰਦਰ ਸਿੰਘ ਭੁੱਲਰ**



ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦਰ ਕੇਜਰੀਵਾਲ ਨੇ ਸੁਪਰੀਮ ਕੋਰਟ ਵੱਲੋਂ ਦਿੱਤੀ ਜ਼ਮਾਨਤ ਦੇ ਆਧਾਰ 'ਤੇ ਜੇਲ੍ਹ ਤੋਂ ਬਾਹਰ ਆਉਣ ਸਾਰ ਆਪਣੇ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਵਿਧਾਨ ਸਭਾ ਦੀ ਲਗਾਮ ਆਪਣੀ ਵਿਸ਼ਵਾਸਪਾਤਰ ਬੀਬੀ ਆਤਿਸ਼ੀ ਦੇ ਸਪੁਰਦ ਕਰ ਦਿੱਤੀ ਹੈ। ਅਰਵਿੰਦਰ ਕੇਜਰੀਵਾਲ ਨੇ ਇਹ ਐਲਾਨ ਕੀਤਾ ਹੈ ਕਿ ਜਦੋਂ ਲੋਕ ਉਸ ਨੂੰ ਇਮਾਨਦਾਰ ਕਰਾਰ ਦੇਣਗੇ, ਉਦੋਂ ਹੀ ਉਹ ਮੁੜ ਚੋਣਾਂ ਦੇ ਸਿਆਸੀ ਪਿੜ ਵਿੱਚ ਆਉਣਗੇ। ਬਹੁ ਚਰਚਿਤ ਆਬਕਾਰੀ ਘੁਟਾਲੇ ਦੇ ਮਾਮਲੇ ਵਿੱਚ ਕਰੀਬ ਛੇ ਮਹੀਨੇ ਜੇਲ੍ਹ ਵਿੱਚ ਰਹਿਣ ਨਾਲ ਉਹਨਾਂ ਦੀ ਇਮਾਨਦਾਰੀ ਵਾਲੀ ਛਵ੍ਹੀ 'ਤੇ ਭਾਰੀ ਸੱਟ ਵੱਜੀ ਹੈ। ਹੁਣ ਲੋਕ ਉਸ ਨੂੰ ਇਮਾਨਦਾਰੀ ਦਾ ਸਾਰਟੀਫ਼ਿਕੇਟ ਦੇਣਗੇ ਜਾਂ ਨਹੀਂ, ਇਸ ਸਵਾਲ ਦਾ ਜਵਾਬ ਤਾਂ ਕੁਝ ਸਮੇਂ ਬਾਅਦ ਮਿਲੇਗਾ। ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੇਜਰੀਵਾਲ ਨੇ ਅਸਤੀਫ਼ਾ ਦੇ ਕੇ ਲੋਕਾਂ ਦੇ ਜਜ਼ਬਾਤ ਭੜਕਾ ਕੇ ਹਮਦਰਦੀ ਹਾਸਲ ਕਰਨ ਦੀ ਇੱਕ ਵੱਡੀ ਸਿਆਸੀ ਚਾਲ ਖੇਡੀ ਹੈ। ਉਹ ਸਿਆਸੀ ਚਾਲਾਂ ਖੇਡਣ ਵਿੱਚ ਕਾਫ਼ੀ ਮੁਹਾਰਤ ਰੱਖਦਾ ਹੈ ਤੇ ਕਈ ਵਾਰ ਸਫ਼ਲ ਵੀ ਹੋਇਆ ਹੈ।

ਆਮ ਆਦਮੀ ਪਾਰਟੀ ਸਾਲ 2011 ਵਿੱਚ ਉੱਘੇ ਸਮਾਜ ਸੇਵੀ ਅੰਨਾ ਹਜ਼ਾਰੇ ਵੱਲੋਂ ਚਲਾਏ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿੱਚੋਂ ਹੀ ਨਿਕਲੀ ਸੀ। ਉਸ ਤੋਂ ਪਹਿਲਾਂ ਭਾਜਪਾ, ਕਾਂਗਰਸ ਸਮੇਤ ਖੇਤਰੀ ਪਾਰਟੀਆਂ ਦੇ ਸਿਆਸੀ ਨੇਤਾਵਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਦੇ ਰਹੇ ਸਨ। ਦੇਸ਼ ਦੇ ਲੋਕ ਅੱਕੇ ਹੋਏ ਸਨ ਅਤੇ ਇਮਾਨਦਾਰ ਆਗੂਆਂ ਦੀ ਭਾਲ ਵਿੱਚ ਸਨ। ਇਸ ਅੰਦੋਲਨ ਦੇ ਉਭਾਰ ਦਾ ਲਾਹਾ ਲੈਂਦਿਆਂ ਕੁਝ ਉੱਚਕੋਟੀ ਦੇ ਇਮਾਨਦਾਰ ਵਿਅਕਤੀਆਂ, ਜਿਹਨਾਂ ਵਿੱਚ ਅਰਵਿੰਦ ਕੇਜਰੀਵਾਲ ਵੀ ਸ਼ਾਮਲ ਸੀ, ਨੇ 2012 ਵਿੱਚ ਨਵੀਂ ਆਮ ਆਦਮੀ ਪਾਰਟੀ ਹੋਂਦ ਵਿੱਚ ਲਿਆਂਦੀ। ਲੋਕ ਅਜਿਹਾ ਤੀਜਾ ਬਦਲ ਚਾਹੁੰਦੇ ਸਨ, ਉਹਨਾਂ ਡਟ ਕੇ ਸਾਥ ਦਿੱਤਾ। ਲੋਕਾਂ ਵੱਲੋਂ ਸਹਿਯੋਗ ਮਿਲਦਾ ਵੇਖ ਕੇ ਖ਼ੁਦ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਇੱਛਾ ਸਦਕਾ ਅਰਵਿੰਦ ਕੇਜਰੀਵਾਲ ਨੇ ਹੌਲੀ ਹੌਲੀ ਆਪਣੇ ਸਾਥੀਆਂ ਨੂੰ ਝਾੜਨਾ ਸ਼ੁਰੂ ਕਰ ਦਿੱਤਾ ਅਤੇ ਪਾਰਟੀ ਦੀ ਲਗਾਮ ਆਪਣੇ ਹੱਥ ਵਿੱਚ ਸੁਰੱਖਿਅਤ ਕਰ ਲਈ। ਸਾਲ 2013 ਵਿੱਚ ਪਹਿਲੀ ਵਾਰ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਲੜ ਕੇ ਕਾਂਗਰਸ ਦੀ ਆਗੂ ਸ੍ਰੀਮਤੀ ਸ਼ੀਲਾ ਦੀਕਸ਼ਤ ਦੀ ਅਗਵਾਈ ਵਿੱਚ ਲੜੀਆਂ ਜਾ ਰਹੀਆਂ ਚੋਣਾਂ ਵਿੱਚ ਮੁਕਾਬਲਾ ਕਰਦਿਆਂ 28 ਸੀਟਾਂ 'ਤੇ ਜਿੱਤ ਹਾਸਲ ਕਰ ਲਈ ਅਤੇ ਅਰਵਿੰਦ ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਬਣ ਗਏ। ਦੋ ਮਹੀਨੇ ਦੇ ਅੰਦਰ ਅੰਦਰ ਹੀ ਉਹਨਾਂ ਅਸਤੀਫ਼ਾ ਦੇ ਦਿੱਤਾ ਅਤੇ ਇਹ ਵਿਖਾਉਣ ਦਾ ਯਤਨ ਕੀਤਾ ਕਿ ਉਸ ਨੂੰ ਨਾ ਕੁਰਸੀ ਦੀ ਭੁੱਖ ਹੈ ਅਤੇ ਨਾ ਹੀ ਪੈਸੇ ਦੀ। ਉਹਨਾਂ ਦਾ ਮੁੱਖ ਨਿਸ਼ਾਨਾ ਕੇਵਲ ਲੋਕ ਸੇਵਾ ਅਤੇ ਭ੍ਰਿਸ਼ਟਾਚਾਰ ਰਹਿਤ ਸਮਾਜ ਉਸਾਰਨਾ ਹੈ। ਦੇਸ਼ ਦੀ ਰਾਜਧਾਨੀ ਵਿੱਚ ਵਸਦੇ ਲੋਕਾਂ ਨੇ ਉਸ ਉੱਤੇ ਵਿਸ਼ਵਾਸ ਕਰਕੇ ਉਸਦਾ ਸਾਥ ਦਿੱਤਾ ਅਤੇ ਸਾਲ 2015 ਵਿੱਚ ਹੋਈਆਂ ਚੋਣਾਂ ਵਿੱਚ ਦਿੱਲੀ ਦੀਆਂ 70 ਵਿੱਚੋਂ 67 ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਇਆ। ਇਸ ਤੋਂ ਬਾਅਦ 2020 ਵਿੱਚ ਹੋਈਆਂ ਚੋਣਾਂ ਵਿੱਚ ਵੀ 62 ਹਲਕਿਆਂ ਵਿੱਚ ਜਿਤਾ ਕੇ ਉਸ ਨੂੰ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਕੀਤਾ।

ਇਸ ਵੱਡੀ ਜਿੱਤ ਤੋਂ ਬਾਅਦ ਅਰਵਿੰਦਰ ਕੇਜਰੀਵਾਲ ਦੀ ਨਿਗਾਹ ਮੁੱਖ ਮੰਤਰੀ ਦੀ ਬਜਾਏ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਹਾਸਲ ਵੱਲ ਹੋ ਗਈ। ਉਸਨੇ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਸਰਗਰਮ ਕਰਕੇ ਚੋਣਾਂ ਲੜਨ ਦਾ ਐਲਾਨ ਕੀਤਾ। ਪੰਜਾਬ ਦੀ ਹਾਲਤ ਵੀ ਦਿੱਲੀ ਵਰਗੀ ਸੀ। ਇੱਥੋਂ ਦੇ ਲੋਕ ਪਹਿਲੀਆਂ ਕਾਂਗਰਸ ਤੇ ਅਕਾਲੀ ਦਲ ਦੀਆਂ ਸਰਕਾਰਾਂ ਸਮੇਂ ਹੋਈਆਂ ਧੱਕੇਸ਼ਾਹੀਆਂ ਅਤੇ ਭ੍ਰਿਸ਼ਟਾਚਾਰ ਘੁਟਾਲਿਆਂ ਤੋਂ ਬਹੁਤ ਦੁਖੀ ਸਨ। ਉਹਨਾਂ ਨੂੰ ਇੱਕ ਤਰ੍ਹਾਂ ਤੀਜਾ ਬਦਲ ਦਿਖਾਈ ਦਿੱਤਾ। ਪੰਜਾਬ ਵਾਸੀਆਂ ਨੇ ਡਟ ਕੇ ਸਾਥ ਦਿੱਤਾ ਅਤੇ ਪੰਜਾਬ ਵਿੱਚ 90 ਸੀਟਾਂ ਜਿਤਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਦਿੱਤੀ ਤੇ ਸ੍ਰੀ ਭਗਵੰਤ ਮਾਨ ਮੁੱਖ ਮੰਤਰੀ ਬਣ ਗਏ।

ਕੇਜਰੀਵਾਲ ਨੇ ਇਸ ਤੋਂ ਬਾਅਦ ਗੋਆ ਅਤੇ ਗੁਜਰਾਤ ਵਿੱਚ ਹੋਈਆਂ ਚੋਣਾਂ ਵਿੱਚ ਹਿੱਸਾ ਲਿਆ ਅਤੇ ਉਹਨਾਂ ਆਪਣੀ ਪਾਰਟੀ ਨੂੰ ਨੈਸ਼ਨਲ ਪਾਰਟੀ ਦਾ ਰੁਤਬਾ ਹਾਸਲ ਕਰਵਾ ਲਿਆ। ਕਈ ਕਈ ਦਹਾਕੇ ਪੁਰਾਣੀਆਂ ਪਾਰਟੀਆਂ ਦੇ ਮੁਕਾਬਲੇ ਵਿੱਚ ਬਹੁਤ ਥੋੜ੍ਹੇ ਸਮੇਂ ਵਿੱਚ ਆਮ ਆਦਮੀ ਪਾਰਟੀ ਨੂੰ ਨੈਸ਼ਨਲ ਪਾਰਟੀ ਦਾ ਰੁਤਬਾ ਦਿਵਾਉਣਾ ਕੋਈ ਛੋਟਾ ਕੰਮ ਨਹੀਂ ਸੀ, ਇਹ ਇੱਕ ਵੱਡੀ ਪ੍ਰਾਪਤੀ ਸੀ। ਸਿਆਣੇ ਕਹਿੰਦੇ ਹਨ ਕਿ ਇਨਸਾਨ ਨੂੰ ਤਾਕਤ ਅਤੇ ਸ਼ੋਹਰਤ ਮਿਲ ਤਾਂ ਜਾਂਦੀ ਹੈਪਰ ਉਸ ਨੂੰ ਸੰਭਾਲ ਕੇ ਰੱਖਣਾ ਮੁਸ਼ਕਿਲ ਹੁੰਦਾ ਹੈ। ਪਾਰਟੀ ਹੋਵੇ ਜਾਂ ਸਰਕਾਰ, ਸ਼ਕਤੀ ਮਿਲਣ ਉਪਰੰਤ ਉਸ ਵਿੱਚ ਆਗੂ ਲੋਕ ਮਨਮਾਨੀਆਂ ਕਰਨ ਲਗਦੇ ਹਨ ਅਤੇ ਮਾੜਾ ਰੁਝਾਨ ਪੈਦਾ ਹੋਣ ਲਗਦਾ ਹੈ। ਅਜਿਹਾ ਹੀ ਆਮ ਆਦਮੀ ਪਾਰਟੀ ਨਾਲ ਹੋਣਾ ਸ਼ੁਰੂ ਹੋ ਗਿਆ। ਦਿੱਲੀ ਵਿੱਚ ਆਬਕਾਰੀ ਘੁਟਾਲਾ ਸਾਹਮਣੇ ਆਇਆ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਦਿੱਗਜ਼ ਆਗੂ ਮਨੀਸ਼ ਸਿਸੋਦੀਆਂ ਦੀ ਗ੍ਰਿਫ਼ਤਾਰੀ ਹੋ ਗਈ। ਪੜਤਾਲ ਸ਼ੁਰੂ ਹੋਈ ਤਾਂ ਘੁਟਾਲੇ ਨਾਲ ਮੁੱਖ ਮੰਤਰੀ ਤੇ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦਾ ਨਾਂ ਵੀ ਜੁੜ ਗਿਆ। ਜਿਹੜੀ ਪਾਰਟੀ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿੱਚੋਂ ਹੀ ਹੋਂਦ ਵਿੱਚ ਆਈ ਸੀ, ਉਸ ਦੇ ਮੁਖੀ ਦਾ ਨਾਂ ਭ੍ਰਿਸ਼ਟਾਚਾਰ ਨਾਲ ਜੁੜਨਾ ਜਿੱਥੇ ਅਤੀ ਦੁਖਦਾਈ ਸੀ, ਉੱਥੇ ਲੋਕਾਂ ਨੂੰ ਹੈਰਾਨ ਕਰਨ ਵਾਲਾ ਵੀ ਸੀ। ਇਸ ਘੁਟਾਲੇ ਵਿੱਚ ਸ੍ਰੀ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਕੇ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ। ਉਹਨਾਂ ਕਈ ਵਾਰ ਜ਼ਮਾਨਤ ਲਈ ਅਰਜ਼ੀਆਂ ਦਿੱਤੀਆਂ ਤੇ ਜੇਲ੍ਹ ਤੋਂ ਬਾਹਰ ਆਉਣ ਦੇ ਹੋਰ ਯਤਨ ਕੀਤੇ ਪਰ ਸਫ਼ਲ ਨਾ ਹੋਏ। ਆਖ਼ਰ ਕਰੀਬ ਛੇ ਮਹੀਨੇ ਬਾਅਦ ਦੇਸ਼ ਦੀ ਸਰਵਉੱਚ ਅਦਾਲਤ ਨੇ ਉਹਨਾਂ ਨੂੰ ਸ਼ਰਤਾਂ ਦੇ ਆਧਾਰ 'ਤੇ ਜ਼ਮਾਨਤ ਦਿੱਤੀ। ਸ਼ਰਤਾਂ ਸਨ ਕਿ ਉਹ ਸਕੱਤਰੇਤ ਵਿਚਲੇ ਦਫ਼ਤਰ ਨਹੀਂ ਜਾਣਗੇ, ਕੈਬਨਿਟ ਦੀ ਮੀਟਿੰਗ ਨਹੀਂ ਬੁਲਾ ਸਕਣਗੇ, ਕਿਸੇ ਫ਼ਾਈਲ 'ਤੇ ਦਸਖਤ ਨਹੀਂ ਕਰਨਗੇ ਆਦਿ।

ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜੇਲ੍ਹ ਜਾਣ ਵਾਲੇ ਇਹ ਕੋਈ ਪਹਿਲੇ ਮੁੱਖ ਮੰਤਰੀ ਨਹੀਂ ਸਨ। ਇਸ ਤੋਂ ਪਹਿਲਾਂ ਵੀ ਹੇਮੰਤ ਸੋਰੇਨ, ਮਧੂ ਕੌੜਾ, ਸਿੱਬੂ ਸੋਰੇਨ, ਜੈ ਲਲਿਤਾ ਵੀ ਮੁੱਖ ਮੰਤਰੀ ਹੁੰਦਿਆਂ ਵੱਖ ਵੱਖ ਦੋਸ਼ਾਂ ਹੇਠ ਜੇਲ੍ਹ ਵਿੱਚ ਗਏ, ਪਰ ਉਹ ਜੇਲ੍ਹ ਜਾਣ ਤੋਂ ਪਹਿਲਾਂ ਹੀ ਅਸਤੀਫ਼ਾ ਦੇ ਦਿੰਦੇ ਸਨ। ਸ੍ਰੀ ਕੇਜਰੀਵਾਲ ਨੇ ਛੇ ਮਹੀਨੇ ਜੇਲ੍ਹ ਵਿੱਚ ਬਿਤਾਏ ਪਰ ਅਹੁਦੇ ਤੋਂ ਅਸਤੀਫ਼ਾ ਨਹੀਂ ਸੀ ਦਿੱਤਾ। ਸ਼ਾਇਦ ਇਹ ਕਾਰਨ ਸੀ ਕਿ ਜੇਕਰ ਅਸਤੀਫ਼ਾ ਦੇ ਦਿੱਤਾ ਤਾਂ ਇਸ ਅਹੁਦੇ ਦੀ ਜ਼ਿੰਮੇਵਾਰੀ ਕਿਸੇ ਹੋਰ ਆਗੂ ਨੂੰ ਦੇਣੀ ਪਵੇਗੀ, ਇਹ ਨਾ ਹੋਵੇ ਕਿ ਉਹ ਪੱਕਾ ਹੀ ਸਥਾਪਤ ਹੋ ਜਾਵੇ। ਹੁਣ ਜ਼ਮਾਨਤ ਮਿਲੀ ਤਾਂ ਅਦਾਲਤ ਨੇ ਸ਼ਰਤਾਂ ਹੀ ਅਜਿਹੀਆਂ ਲਾ ਦਿੱਤੀਆਂ ਕਿ ਉਸਦਾ ਮੁੱਖ ਮੰਤਰੀ ਰਹਿਣਾ ਬੇਕਾਰ ਹੋ ਗਿਆ। ਜੇਕਰ ਉਹ ਕੈਬਨਿਟ ਦੀ ਮੀਟਿੰਗ ਨਹੀਂ ਬੁਲਾ ਸਕੇਗਾ, ਫ਼ਾਈਲ 'ਤੇ ਦਸਖਤ ਨਹੀਂ ਕਰ ਸਕੇਗਾ ਤੇ ਸਕੱਤਰੇਤ ਨਹੀਂ ਜਾ ਸਕੇਗਾ ਤਾਂ ਮੁੱਖ ਮੰਤਰੀ ਕਾਹਦਾ ਹੋਇਆ? ਆਖ਼ਰ ਉਸ ਨੂੰ ਮਜਬੂਰੀ ਵੱਸ ਅਹੁਦੇ ਤੋਂ ਵੱਖ ਹੋਣਾ ਪਿਆ। ਅਜਿਹੇ ਮੌਕੇ ਫ਼ਿਰ ਉਸਨੇ ਪਾਰਟੀ ਦੇ ਕਈ ਸੀਨੀਅਰ ਅਤੇ ਤਜਰਬੇਕਾਰ ਆਗੂਆਂ ਨੂੰ ਅੱਖੋਂ ਪਰੋਖੇ ਕਰਦਿਆਂ ਬੀਬੀ ਆਤਿਸ਼ੀ ਨੂੰ ਮੁੱਖ ਮੰਤਰੀ ਘੋਸ਼ਿਤ ਕਰ ਦਿੱਤਾ। ਉਹ ਸ੍ਰੀ ਕੇਜਰੀਵਾਲ ਦੀ ਵਿਸਵਾਸ਼ਪਾਤਰ ਹੈ ਅਤੇ ਬਹੁਤੀ ਤਜਰਬੇਕਾਰ ਨਾ ਹੋਣ ਕਾਰਨ ਹਰ ਤਰ੍ਹਾਂ ਕੇਜਰੀਵਾਲ 'ਤੇ ਹੀ ਨਿਰਭਰ ਰਹੇਗੀ।

ਆਮ ਆਦਮੀ ਪਾਰਟੀ ਦਾ ਗਰਾਫ਼ ਵੀ ਹੁਣ ਪਹਿਲਾਂ ਨਾਲੋਂ ਕਾਫ਼ੀ ਹੇਠਾਂ ਆ ਗਿਆ ਹੈ ਅਤੇ ਸ੍ਰੀ ਅਰਵਿੰਦ ਕੇਜਰੀਵਾਲ ਦੇ ਅਕਸ ਨੂੰ ਵੀ ਕਾਫ਼ੀ ਢਾਹ ਲੱਗੀ ਹੈ। ਦੇਸ਼ ਦੇ ਹਾਲਾਤ ਵੀ ਕਾਫ਼ੀ ਬਦਲ ਗਏ ਹਨ, ਪਹਿਲਾਂ ਵਾਲੇ ਨਹੀਂ ਰਹੇ। ਆਮ ਆਦਮੀ ਪਾਰਟੀ ਦੇ ਆਗੂਆਂ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਸਦਕਾ ਹੁਣ ਆਮ ਲੋਕ ਇਹ ਸਮਝਣ ਲੱਗ ਪਏ ਹਨ ਕਿ ਇਹ ਪਾਰਟੀ ਵੀ ਕਾਂਗਰਸ ਜਾਂ ਭਾਜਪਾ ਦੇ ਰਸਤੇ 'ਤੇ ਹੀ ਚੱਲ ਪਈ ਹੈ। ਲੋਕਾਂ ਦਾ ਵਿਸ਼ਵਾਸ ਟੁੱਟਿਆ ਹੈ। ਇਸ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਲਈ ਹੀ ਅਰਵਿੰਦ ਕੇਜਰੀਵਾਲ ਨੇ ਅਸਤੀਫ਼ਾ ਦੇ ਕੇ ਲੋਕਾਂ ਦੇ ਜਜ਼ਬਾਤ ਭੜਕਾ ਕੇ ਉਹਨਾਂ ਤੋਂ ਇਮਾਨਦਾਰੀ ਦਾ ਸਾਰਟੀਫ਼ਿਕੇਟ ਹਾਸਲ ਕਰਨ ਦਾ ਦਾਅ ਪੇਚ ਖੇਡਿਆ ਹੈ। ਪਰ ਕੀ ਸਿਆਸਤ, ਇਮਾਨਦਾਰੀ ਤੇ ਜਜ਼ਬਾਤਾਂ ਦਾ ਸੁਮੇਲ ਹੋ ਸਕੇਗਾ? ਜੇ ਇਹ ਸੁਮੇਲ ਹੋ ਜਾਂਦਾ ਹੈ ਤਾਂ ਉਸਦਾ ਰੰਗ ਕਿਹੋ ਜਿਹਾ ਉੱਘੜੇਗਾ? ਅਜਿਹੇ ਸਵਾਲ ਅੱਜ ਹਰ ਚੇਤੰਨ ਵਿਅਕਤੀ ਦੇ ਮਨ ਵਿੱਚ ਘੁੰਮ ਰਹੇ ਹਨ। ਇਹ ਚਾਲ ਕਿੰਨੀ ਕੁ ਸਫ਼ਲ ਹੁੰਦੀ ਹੈ, ਇਸ ਸਵਾਲ ਦੇ ਜਵਾਬ ਦੀ ਬੇਸਬਰੀ ਨਾਲ ਉਡੀਕ ਹੈ।

# ਵਿਸ਼ਵ ਪੱਧਰੀ ਹਾਲਾਤ 'ਚ ਭਾਰਤ ਦੀ ਤਰੱਕੀ ਲਈ ਅਮਰੀਕਾ ਦੀ ਦੋਸਤੀ ਜ਼ਰੂਰੀ



ਸ਼੍ਰੀਰਾਮ ਚੌਲੀਆ

ਸਾਲ 2014 ਤੋਂ ਹੁਣ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਠ ਵਾਰ ਸਿਰਫ਼ ਇੱਕ ਦੇਸ਼ ਦੀ ਯਾਤਰਾ ਕੀਤੀ ਹੈ ਤੇ ਉਹ ਹੈ ਅਮਰੀਕਾ। ਅਮਰੀਕਾ ਨੂੰ ਤਰਜੀਹ ਦੇਣ ਦੇ ਪਿੱਛੇ ਪ੍ਰਧਾਨ ਮੰਤਰੀ ਦੀ ਸੋਚ ਇਹ ਹੈ ਕਿ ਉਸ ਨਾਲ ਭਾਰਤ ਦੀ ਤਰੱਕੀ ਲਈ ਜਿੰਨੇ ਲਾਭ ਹਾਸਲ ਹੁੰਦੇ ਹਨ, ਓਨੇ ਹੋਰ ਕਿਤਿਓਂ ਹਾਸਲ ਨਹੀਂ ਹੁੰਦੇ। ਭਾਰਤ ਦੇ ਮੁੱਖ ਟੀਚੇ ਹਨ, ਆਰਥਿਕ ਵਿਕਾਸ, ਤਕਨੀਕੀ ਤਰੱਕੀ, ਫ਼ੌਜੀ ਸ਼ਕਤੀ 'ਚ ਵਾਧਾ ਤੇ ਜ਼ਮੀਨੀ ਪੱਧਰ 'ਤੇ ਸਿਆਸੀ ਸੰਤੁਲਨ। ਇਨ੍ਹਾਂ ਸਭ ਦੀ ਪੂਰਤੀ 'ਚ ਅਮਰੀਕਾ ਦੀ ਅਹਿਮ ਭੂਮਿਕਾ ਹੈ। ਵਪਾਰ 'ਚ ਅਮਰੀਕਾ ਅੱਜ ਭਾਰਤ ਦਾ ਸਭ ਤੋਂ ਵੱਡਾ ਭਾਈਵਾਲ ਹੈ।


ਦੋਵਾਂ ਦੇਸ਼ਾਂ ਵਿਚਾਲੇ ਚੀਜ਼ਾਂ ਤੇ ਸੇਵਾਵਾਂ ਦਾ ਸਾਲਾਨਾ ਕਾਰੋਬਾਰ ਲਗਪਗ 200 ਅਰਬ ਡਾਲਰ ਹੈ। ਕੇਂਦਰੀ ਵਣਜ ਮੰਤਰੀ ਪੀਯੂਸ਼ ਗੋਇਲ ਨੇ ਅੰਦਾਜ਼ਾ ਲਾਇਆ ਹੈ ਕਿ 2030 ਤੱਕ ਇਹ ਵਪਾਰ ਤਿੰਨ ਗੁਣਾ ਵਧ ਸਕਦਾ ਹੈ। ਹੋਰ ਵਪਾਰਕ ਭਾਈਵਾਲਾਂ ਦੇ ਮੁਕਾਬਲੇ ਅਮਰੀਕਾ ਨਾਲ ਭਾਰਤ ਨੂੰ ਵਪਾਰ ਸਰਪਲਸ ਹੋਣ ਦੀ ਵੀ ਤਸੱਲੀ ਹੈ। ਭਾਰਤ ਦੀ ਰਾਸ਼ਟਰੀ ਆਮਦਨ ਦਾ ਲਗਪਗ 50 ਫ਼ੀਸਦੀ ਵਪਾਰ ਤੋਂ ਆਉਂਦਾਹੈ ਤੇ ਇਸ ਲਈ ਅਮਰੀਕਾ ਨਾਲ ਭਾਰਤ ਦੀ ਆਰਥਕ ਤਰੱਕੀ ਦਾ ਸਿੱਧਾ ਸਬੰਧ ਹੈ। ਅਗਲੇ ਦਹਾਕਿਆਂ 'ਚ ਭਾਰਤ ਨੂੰ ਵਿਸ਼ਾਲ ਅਰਥਚਾਰਾ ਬਣਾਉਣ ਲਈ ਅਮਰੀਕਾ ਦੇ ਨਾਲ ਵਪਾਰ ਤੇ ਵਿਦੇਸ਼ੀ ਨਿਵੇਸ਼ ਫ਼ੈਸਲਾਕੁਨ ਹੋਣਗੇ।

ਹਾਲਾਂਕਿ ਭਾਰਤ 'ਚ ਵਿਦੇਸ਼ੀ ਨਿਵੇਸ਼ ਦੇ ਮੋਰਚੇ 'ਤੇ ਸਿੰਗਾਪੁਰ ਤੇ ਮਾਰੀਸ਼ਸ ਨੂੰ ਪਹਿਲਾ ਅਤੇ ਦੂਜਾ ਸਥਾਨ ਦਿੱਤਾ ਜਾਂਦਾ ਹੈ, ਪਰ ਅਸਲ 'ਚ ਤੀਜੇ ਸਥਾਨ 'ਤੇ ਮੌਜੂਦ ਅਮਰੀਕਾ ਹੀ ਸਾਡੇ ਦੇਸ਼ 'ਚ ਪੁਖਤਾ ਵਿਦੇਸ਼ੀ ਪੂੰਜੀ ਲੈ ਕੇ ਆਉਂਦਾ ਹੈ। ਅਮਰੀਕੀ ਨਿਵੇਸ਼ ਨਾਲ ਭਾਰਤ 'ਚ ਸਿਰਫ਼ ਸੇਵਾਵਾਂ ਦਾ ਹੀ ਫ਼ਾਇਦਾ ਨਹੀਂ ਹੋਇਆ ਹੈ, ਬਲਕਿ ਉਦਯੋਗੀਕਰਨ 'ਚ ਵੀ ਉਸ ਦੀ ਅਹਿਮ ਭੂਮਿਕਾ ਹੈ। ਮੋਟਰ ਵਾਹਨ, ਰਸਾਇਣ, ਇਲੈਕਟ੍ਰਾਨਿਕਸ, ਫ਼ੂਡ ਪ੍ਰੋਸੈਸਿੰਗ, ਸਾਫ਼ ਊਰਜਾ, ਪੁਲਾੜ ਤਕਨੀਕ ਤੇ ਰੱਖਿਆ ਵਰਗੇ ਵੱਖ-ਵੱਖ ਨਿਰਮਾਣ ਖੇਤਰਾਂ 'ਚ ਅਮਰੀਕੀ ਨਿਵੇਸ਼ਕ ਭਾਰਤ 'ਚ ਸਰਗਰਮ ਹਨ।

ਉਨ੍ਹਾਂ ਵੱਲੋਂ ਲੱਖਾਂ ਭਾਰਤੀਆਂ ਨੂੰ ਰੁਜ਼ਗਾਰ ਮਿਲ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ, ਜਿਨ੍ਹਾਂ ਨੇ ਆਪਣੇ ਬਾਰੇ ਕਿਹਾ ਹੈ ਕਿ 'ਗੁਜਰਾਤੀ ਹੋਣ ਵਜੋਂ ਵਪਾਰ ਮੇਰੇ ਖ਼ੂਨ 'ਚ ਹੈ', ਚੰਗੀ ਤਰ੍ਹਾਂ ਜਾਣਦੇ ਹਨ ਕਿ ਅਮਰੀਕਾ ਵਰਗੇ ਅਮੀਰ ਦੇਸ਼ 'ਚ ਵਸੇ ਪੂੰਜੀਪਤੀਆਂ ਨੂੰ ਖਿੱਚ ਕੇ ਭਾਰਤ ਲਿਆਉਣ 'ਚ ਹੀ ਰਾਸ਼ਟਰ ਦਾ ਹਿਤ ਹੈ।

ਆਪਣੇ ਹਰ ਅਮਰੀਕੀ ਦੌਰੇ 'ਚ ਉਹ ਉਥੇ ਦੇ ਵਪਾਰ ਜਗਤ ਦੇ ਦਿੱਗਜਾਂ ਨਾਲ ਮਿਲਦੇ-ਜੁਲਦੇ ਹਨ ਤੇ ਉਨ੍ਹਾਂ ਨੂੰ ਭਾਰਤ 'ਚ ਨਿਵੇਸ਼ ਲਈ ਪ੍ਰੇਰਿਤ ਕਰਦੇ ਹਨ। ਬਣਾਉਟੀ ਅਕਲ ਭਾਵ ਏਆਈ, ਕਵਾਂਟਮ ਕੰਪਿਊਟਿੰਗ, ਸੈਮੀਕੰਡਕਟਰ ਤੇ ਜੈਵ ਤਕਨੀਕ ਭਾਵ ਬਾਇਓਟੈਕ ਵਰਗੇ ਅਤਿ-ਆਧੁਨਿਕ ਵਪਾਰਾਂ 'ਚ ਮੁਹਾਰਤ ਹਾਸਲ ਕਰਨ ਵਾਲੇ ਦੇਸ਼ ਵਿਸ਼ਵ ਪੱਧਰੀ ਸ਼ਕਤੀ ਸਮੀਕਰਣ 'ਚ ਉੱਚੇ ਸਥਾਨ 'ਤੇ ਰਹਿਣਗੇ।

ਅਜਿਹੀ ਉੱਭਰਦੀ ਹੋਈ ਤਕਨੀਕ ਦੇ ਮਾਮਲੇ 'ਚ ਵੀ ਅਮਰੀਕਾ ਸਿਖਰ 'ਤੇ ਹੈ। ਇਸੇ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਅਮਰੀਕਾ ਦੇ ਨਾਲ ਮਹੱਤਵਪੂਰਨ ਤੇ ਉੱਭਰਦੀ ਤਕਨੀਕੀ ਪਹਿਲ (ਆਈਸੈੱਟ) ਦੇ ਅਧੀਨ ਅਨੇਕ ਤਕਨੀਕਾਂ ਦੇ ਸਹਿ-ਵਿਕਾਸ ਤੇ ਸਹਿ-ਨਿਰਮਾਣ 'ਤੇ ਜ਼ੋਰ ਦਿੱਤਾ ਹੈ। ਅਜਿਹੀ ਤਕਨੀਕ ਦੇ ਦੋਹਰੇ ਇਸਤੇਮਾਲ ਹੁੰਦੇ ਹਨ ਤੇ ਉਨ੍ਹਾਂ ਨਾਲ ਫ਼ੌਜੀ ਆਧੁਨੀਕੀਕਰਨ ਵੀ ਹੁੰਦਾ ਹੈ। ਇਹ ਜ਼ਿਕਰਯੋਗ ਹੈ ਕਿ ਤਕਨੀਕਾਂ ਦੇ ਸਹਿ-ਨਿਰਮਾਣ ਦੀ ਸਰਗਰਮੀ ਦੋਵਾਂ ਧਿਰਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਦੀ ਅਗਵਾਈ 'ਚ ਚਲਾਈ ਜਾ ਰਹੀ ਹੈ।



ਇਸ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਹੈ ਕਿ ਅਮਰੀਕਾ ਨੇ ਆਪਣੇ ਮੁੱਖ ਵਿਰੋਧੀ ਚੀਨ ਨੂੰ ਸੰਵੇਦਨਸ਼ੀਲ ਤਕਨੀਕ ਦੇਣੀ ਰੋਕ ਦਿੱਤੀ ਹੈ, ਜਦਕਿ ਅਜਿਹੀ ਤਕਨੀਕ ਨੂੰ ਇਹ ਭਾਰਤ ਦੇ ਨਾਲ ਸਾਂਝਾ ਕਰਨ ਲਈ ਤਿਆਰ ਹੈ। ਇਸ ਦੋਹਰੀ ਰਣਨੀਤੀ ਦਾ ਕਾਰਨ ਅਮਰੀਕਾ ਦੀ ਇਹ ਚਿੰਤਾ ਹੈ ਕਿ ਚੀਨ ਆਰਥਕ ਤੇ ਫ਼ੌਜੀ ਤਾਕਤ 'ਚ ਉਨ੍ਹਾਂ ਤੋਂ ਅੱਗੇ ਨਿਕਲ ਜਾਵੇਗਾ ਤੇ ਪੱਛਮੀ ਉਦਾਰ ਅੰਤਰਰਾਸ਼ਟਰੀ ਵਿਵਸਥਾ ਨੂੰ ਨਸ਼ਟ ਕਰ ਦੇਵੇਗਾ।

ਭਾਰਤ ਲੋਕਤੰਤਰ ਹੋਣ ਵਜੋਂ ਤੇ ਸ਼ਕਤੀ 'ਚ ਚੀਨ ਤੋਂ ਮੁਕਾਬਲਤਨ ਘੱਟ ਹੋਣ ਕਾਰਨ ਅਮਰੀਕਾ ਦੇ ਕੁਲੀਨ ਵਰਗ ਤੇ ਆਮ ਜਨਤਾ ਨੂੰ ਖ਼ਤਰਾ ਨਹੀਂ ਲਗਦਾ। ਇਸ ਲਈ ਅਮਰੀਕਾ ਭਾਰਤ 'ਤੇ ਅੰਤਰਰਾਸ਼ਟਰੀ ਬਰਾਮਦ ਕੰਟਰੋਲ ਵਿਵਸਥਾਵਾਂ ਤੇ ਨਿਯਮਾਂ ਵਰਗੇ ਅੜਿੱਕਿਆਂ ਨੂੰ ਦੂਰ ਕਰਨ 'ਚ ਸਹਾਇਕ ਰਿਹਾ ਹੈ। ਅਮਰੀਕਾ-ਚੀਨ ਸਬੰਧਾਂ 'ਚ ਕੁੜੱਤਣ ਨੇ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਨੂੰ ਨਵਾਂ ਵਿਸਥਾਰ ਦਿੱਤਾ ਹੈ।

ਅਮਰੀਕਾ ਆਫ਼ਸ਼ੋਰ ਬੈਲੇਂਸਿੰਗ ਰਣਨੀਤੀ ਦੇ ਤਹਿਤ ਭਾਰਤ ਤੇ ਹੋਰ ਦੋਸਤ ਦੇਸ਼ਾਂ ਨੂੰ ਅਮੀਰ ਤੇ ਮਜ਼ਬੂਤ ਕਰ ਕੇ ਚੀਨ 'ਤੇ ਰੋਕ ਲਾਉਣ ਦੀ ਮਨਸ਼ਾ ਰੱਖਦਾ ਹੈ। ਖੱਬੇ ਪੱਖੀ ਤੇ ਗੁਟਨਿਰਪੇਖਤਾ ਨੂੰ ਲੈ ਕੇ ਉਤਸ਼ਾਹਤ ਵਿਸ਼ਲੇਸ਼ਕਾਂ ਨੇ ਇਸ ਨੂੰ ਲੈ ਕੇ ਇਹੀ ਚਿਤਾਵਨੀ ਦਿੱਤੀ ਹੈ ਕਿ ਭਾਰਤ ਨੂੰ ਅਮਰੀਕਾ ਦੀ ਰਚੀ ਹੋਈ ਖੇਡ 'ਚ ਮੋਹਰਾ ਬਣ ਕੇ ਚੀਨ ਨਾਲ ਦੁਸ਼ਮਣੀ ਮੁੱਲ ਨਹੀਂ ਲੈਣੀ ਚਾਹੀਦੀ, ਪਰ ਮੋਦੀ ਸਰਕਾਰ ਨੇ ਇਸ ਨਜ਼ਰੀਏ ਨੂੰ ਤਵੱਜੋ ਨਹੀਂ ਦਿੱਤੀ ਹੈ, ਕਿਉਂਕਿ ਚੀਨ ਆਏ ਦਿਨ ਹਮਲਾਵਰ ਰੁਖ਼ ਦਿਖਾਉਂਦਾ ਰਹਿੰਦਾ ਹੈ। ਉਸ ਨਾਲ ਸਾਡੀ ਰਾਸ਼ਟਰੀ ਸੁਰੱਖਿਆ ਨੂੰ ਪ੍ਰਤੱਖ ਖ਼ਤਰਾ ਹੈ।

ਮੌਜੂਦਾ ਹਾਲਾਤ 'ਚ ਭਾਰਤ ਲਈ, ਏਸ਼ੀਆ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕਰ ਰਹੇ ਚੀਨ ਤੇ ਆਪਣੀ ਸਮਰੱਥਾ ਨੂੰ ਮਜ਼ਬੂਤ ਕਰਦੇ ਅਮਰੀਕਾ ਵਿਚਾਲੇ ਨਿਰਪੱਖ ਰਹਿਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਇਸ 'ਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਚੀਨ ਦਾ ਰਣਨੀਤਕ ਪ੍ਰਤੀਯੋਗੀ ਭਾਰਤ ਹੈ, ਜਦਕਿ ਅਮਰੀਕਾ ਭਾਰਤ ਦਾ ਰਣਨੀਤਕ ਭਾਈਵਾਲ ਹੈ। ਭਾਰਤ ਸਰਕਾਰ ਦੀ ਵਿਦੇਸ਼ ਨੀਤੀ ਨੇ ਚੀਨ ਤੇ ਅਮਰੀਕਾ ਦੇ ਮਾਮਲੇ 'ਚ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਿੱਤਾ ਹੈ, ਪਰ ਇਸ ਵਿਸ਼ੇ 'ਤੇ ਭਾਰਤ 'ਚ ਸਪੱਸ਼ਟਤਾ ਨਹੀਂ ਬਣ ਸਕੀ ਹੈ।

ਇੱਥੇ ਕਈ ਸਮੀਖਿਅਕ ਤੇ ਨਾਗਰਿਕ ਘਰੇਲੂ ਰਾਜਨੀਤੀ ਦੇ ਨਜ਼ਰੀਏ ਨਾਲ ਅਮਰੀਕਾ ਨੂੰ ਪਰਖਦੇ ਹਨ। ਅਮਰੀਕਾ ਦੇ ਕੁਝ ਸਰਕਾਰੀ ਅਦਾਰੇ ਭਾਰਤ ਦੇ ਅੰਦਰੂਨੀ ਵਿਸ਼ਿਆਂ ਦੀ ਨਿੰਦਾ ਕਰਦੇ ਹਨ। ਇਸੇ ਤਰ੍ਹਾਂ ਉਥੇ ਦਾ ਮੀਡੀਆ ਤੇ ਬੁੱਧੀਜੀਵੀ ਵਰਗ ਮੋਦੀ ਸਰਕਾਰ ਤੇ ਸੰਘ ਪਰਿਵਾਰ ਖ਼ਿਲਾਫ਼ ਮਾੜਾ ਪ੍ਰਚਾਰ ਕਰਦਾ ਰਹਿੰਦਾ ਹੈ। ਇਸ ਕਾਰਨ ਕਈ ਭਾਰਤੀ ਅਮਰੀਕਾ ਨੂੰ ਗ਼ੈਰਵਾਜਬ ਦਖ਼ਲ ਤੇ ਗ਼ਲਤ ਕੰਮਾਂ ਲਈ ਦੋਸ਼ੀ ਠਹਿਰਾਉਂਦੇ ਹਨ। ਕੁਝ ਵਿਸ਼ਲੇਸ਼ਕਾਂ ਮੁਤਾਬਕ ਅਮਰੀਕਾ ਗੁਪਤ ਮੁਹਿੰਮਾਂ ਰਾਹੀਂ ਭਾਰਤ 'ਚ ਸੱਤਾ ਤਬਦੀਲੀ ਦੀ ਵੀ ਕੋਸ਼ਿਸ਼ ਕਰ ਰਿਹਾ ਹੈ।


ਲਗਦਾ ਹੈ ਕਿ ਅਜਿਹੇ ਆਲੋਚਕ ਭਾਰਤ ਦੀ ਜਮਹੂਰੀ ਸਮਰੱਥਾ 'ਤੇ ਓਨਾ ਭਰੋਸਾ ਨਹੀਂ ਰੱਖਦੇ, ਜਿੰਨਾ ਉਨ੍ਹਾਂ ਨੂੰ ਰੱਖਣਾ ਚਾਹੀਦਾ ਹੈ। ਇਸ ਕਾਰਨ ਲੋਕਾਂ 'ਚ ਵਿਸ਼ਵ ਪੱਧਰੀ ਭੂ-ਰਾਜਨੀਤੀ ਦੀ ਸਮਝ ਵੀ ਨਹੀਂ ਹੈ। ਉਨ੍ਹਾਂ ਦੀ ਸੰਵੇਦਨਸ਼ੀਲਤਾ ਕੌਮਾਂਤਰੀ ਸਿਆਸਤ ਤੋਂ ਪਰੇ ਹੈ। ਭਾਵੁਕ ਹੋ ਕੇ ਅਮਰੀਕਾ ਨੂੰ ਭਾਰਤ ਦਾ ਦੁਸ਼ਮਣ ਕਰਾਰ ਦੇਣਾ ਤੇ ਉਸ ਨੂੰ ਚਾਲਬਾਜ਼ ਕਹਿਣਾ ਸੌਖਾ ਹੈ, ਪਰ ਵਿਸ਼ਵ ਪੱਧਰੀ ਹਾਲਾਤ 'ਚ ਭਾਰਤ ਦੀ ਤਰੱਕੀ ਲਈ ਅਮਰੀਕਾ ਦੀ ਦੋਸਤੀ ਜ਼ਰੂਰੀ ਹੈ।

ਇਹ ਜ਼ਰੂਰ ਮੰਨਣਾ ਪਵੇਗਾ ਕਿ ਅਫ਼ਗਾਨਿਸਤਾਨ, ਬੰਗਲਾਦੇਸ਼ ਤੇ ਮਿਆਂਮਾਰ ਵਰਗੇ ਗੁਆਂਢੀਆਂ ਦੇ ਮਾਮਲਿਆਂ ਸਬੰਧੀ ਭਾਰਤ ਤੇ ਅਮਰੀਕਾ ਵਿਚਾਲੇ ਉਮੀਦ ਮੁਤਾਬਕ ਤਾਲਮੇਲ ਨਹੀਂ ਰਿਹਾ। ਫ਼ਿਰ ਵੀ, ਸਮੁੱਚੇ ਤੌਰ 'ਤੇ ਦੇਖਿਆ ਜਾਵੇ ਤਾਂ ਅਮਰੀਕਾ ਦੀ ਦੋਸਤੀ ਸਾਡੇ ਲਈ ਕਾਰਗਰ ਰਹੀ ਹੈ ਤੇ ਅੱਗੇ ਵੀ ਰਹੇਗੀ। ਵਿਦੇਸ਼ ਨੀਤੀ 'ਚ ਰਾਸ਼ਟਰੀ ਹਿਤਾਂ ਨੂੰ ਸਭ ਤੋਂ ਉੱਪਰ ਰੱਖ ਕੇ ਸਾਨੂੰ ਇਸ ਦੋਸਤੀ ਨੂੰ ਸੰਭਾਲ ਕੇ ਅੱਗੇ ਲੈ ਕੇ ਜਾਣਾ ਪਵੇਗਾ।

**(ਲੇਖਕ ਕੌਮਾਂਤਰੀ ਮਾਮਲਿਆਂ ਦੇ ਮਾਹਿਰ ਅਤੇ 'ਫ਼ਰੈਂਡਜ਼ : ਇੰਡੀਆਜ਼ ਕਲੋਜੈਸਟ ਸਟ੍ਰੈਟੇਜਿਕ ਪਾਰਟਨਰਜ਼' ਦਾ ਲੇਖਕ ਹੈ)**

# ਇੱਕ ਦੇਸ਼-ਇੱਕ ਚੋਣ ਮੋਦੀ ਸਰਕਾਰ ਦਾ ਮਹਿਜ਼ ਇੱਕ 'ਛੁਣਛਣਾ'

ਅਨਿਲ ਜੈਨ




ਕੇਂਦਰੀ ਕੈਬਨਿਟ 'ਚ ਇੱਕ ਦੇਸ਼-ਇੱਕ ਚੋਣ ਦਾ ਪ੍ਰਸਤਾਵ ਮਨਜ਼ੂਰ ਹੋ ਜਾਣ ਤੋਂ ਬਾਅਦ ਸਰਕਾਰ ਤੇ ਭਾਜਪਾ ਮੀਡੀਆ ਦੇ ਜਰੀਏ ਅਜਿਹਾ ਮਾਹੌਲ ਬਣਾ ਰਹੀਆਂ ਹਨ ਕਿ ਜਿਵੇਂ ਇਸ ਬਾਰੇ ਹੁਣੇ ਤੁਰੰਤ ਕੋਈ ਫ਼ੈਸਲਾ ਹੋਣ ਵਾਲਾ ਹੋਵੇ। ਭਾਜਪਾ ਅਤੇ ਆਰ.ਐਸ.ਐਸ. ਦੀ ਪਿੱਠਭੂਮੀ ਵਾਲੇ ਪੱਤਰਕਾਰ ਤੇ ਸਿਆਸੀ ਵਿਸ਼ਲੇਸ਼ਕ ਸਾਰੇ ਇਕੋ ਸਮੇਂ ਚੋਣਾਂ ਕਰਵਾਉਣ ਦੇ ਕਾਲਪਨਿਕ ਲਾਭਾਂ ਦਾ ਬਹੁਤ ਉਤਸ਼ਾਹ ਨਾਲ ਗੁਣਗਾਨ ਕਰ ਰਹੇ ਹਨ। ਇਸ ਪ੍ਰਣਾਲੀ ਨੂੰ ਲਾਗੂ ਕਰਨ 'ਚ ਆਉਣ ਵਾਲੀਆਂ ਪ੍ਰਮੁੱਖ ਵਿਹਾਰਕ ਔਕੜਾਂ ਤੇ ਚੁਣੌਤੀਆਂ ਬਾਰੇ ਕੋਈ ਵੀ ਚਰਚਾ ਨਹੀਂ ਕਰ ਰਿਹਾ। ਭਾਵੇਂ ਸੋਸ਼ਲ ਮੀਡੀਆ 'ਤੇ ਭਾਜਪਾ ਸਮਰਥਕਾਂ ਨੇ ਇੱਕ ਦੇਸ਼-ਇੱਕ ਚੋਣ ਦੇ ਸਮਰਥਨ 'ਚ ਮੁਹਿੰਮ ਛੇੜੀ ਹੋਈ ਹੈ। ਪਰ ਅਸਲੀਅਤ 'ਚ ਇਸ ਨੂੰ ਲਾਗੂ ਕਰਨ 'ਚ ਕਈ ਸੰਵਿਧਾਨਿਕ ਤੇ ਵਿਵਹਾਰਿਕ ਔਕੜਾਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਸੌਖਾ ਨਹੀਂ ਹੈ। ਇਸ ਲਈ ਇੱਕ ਦੇਸ਼-ਇੱਕ ਚੋਣ ਅਜੇ ਬਹੁਤ ਦੂਰ ਦੀ ਗੱਲ ਹੈ। ਸਰਕਾਰ ਤੇ ਸੱਤਾਧਾਰੀ ਪਾਰਟੀ ਵਲੋਂ ਬਣਾਏ ਜਾ ਰਹੇ ਮਾਹੌਲ ਦਰਮਿਆਨ ਕੋਈ ਵੀ ਇਹ ਦਾਅਵਾ ਨਹੀਂ ਕਰ ਰਿਹਾ ਕਿ ਇੱਕ ਦੇਸ਼-ਇੱਕ ਚੋਣ ਦੇ ਲਈ ਇਸ ਸਾਲ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ ਇਹ ਬਿੱਲ ਪੇਸ਼ ਕੀਤਾ ਜਾਵੇਗਾ। ਸਰਕਾਰ ਨੇ ਜੇਕਰ ਇਹ ਬਿੱਲ ਪੇਸ਼ ਵੀ ਕਰ ਦਿੱਤਾ ਤਾਂ ਉਸ ਨੂੰ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਿਆ ਜਾਵੇਗਾ, ਕਿਉਂਕਿ ਸਰਕਾਰ ਵਲੋਂ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਸਰਕਾਰ ਅਗਲੇ ਕੁਝ ਮਹੀਨਿਆਂ 'ਚ ਇਸ ਬਿੱਲ 'ਤੇ ਸਭ ਰਾਜਨੀਤਕ ਪਾਰਟੀਆਂ ਨਾਲ ਗੱਲਬਾਤ ਕਰ ਕੇ ਆਮ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰੇਗੀ। ਦਰਅਸਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੀ ਸਰਕਾਰ ਦਾ ਇੱਕ ਦੇਸ਼-ਇੱਕ ਚੋਣ ਬਾਰੇ ਇਰਾਦਾ ਕੋਈ ਨਵਾਂ ਨਹੀਂ ਹੈ, ਕਿਉਂਕਿ ਮੋਦੀ ਨੇ 2014 'ਚ ਪ੍ਰਧਾਨ ਮੰਤਰੀ ਬਣਨ ਦੇ ਕੁੱਝ ਸਮੇਂ ਬਾਅਦ ਹੀ ਇੱਕ ਦੇਸ਼-ਇੱਕ ਚੋਣ ਬਾਰੇ ਆਪਣਾ ਇਰਾਦਾ ਜ਼ਾਹਿਰ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਬਹੁਤ ਜਲਦੀ ਇਸ ਪ੍ਰਣਾਲੀ ਨੂੰ ਲਾਗੂ ਕਰੇਗੀ। ਇਸ ਤੋਂ ਬਾਅਦ ਉਨ੍ਹਾਂ ਲਾਲ ਕਿਲ੍ਹੇ ਤੋਂ ਲੈ ਕੇ ਸੰਸਦ ਸਮੇਤ ਕਈ ਹੋਰ ਮੌਕਿਆਂ 'ਤੇ ਇਸ ਬਾਰੇ ਆਪਣੇ ਇਰਾਦੇ ਨੂੰ ਜ਼ਰੂਰ ਦੁਹਰਾਇਆ ਪਰ ਇਸ ਦਿਸ਼ਾ 'ਚ ਕਦੇ ਵੀ ਕੋਈ ਗੰਭੀਰ ਪਹਿਲਕਦਮੀ ਨਹੀਂ ਕੀਤੀ, ਹਾਲਾਂਕਿ ਉਨ੍ਹਾਂ ਕੋਲ ਅਜਿਹਾ ਬਿੱਲ ਪਾਸ ਕਰਵਾਉਣ ਲਈ ਜ਼ਰੂਰੀ ਦੋ-ਤਿਹਾਈ ਬਹੁਮਤ ਵੀ ਸੀ। ਮੋਦੀ ਰਾਜ ਸਭਾ 'ਚ ਵੀ ਇਸ ਬਿੱਲ ਨੂੰ ਪਾਸ ਕਰਵਾ ਸਕਦੇ ਸਨ, ਕਿਉਂਕਿ ਉਥੇ ਬਹੁਮਤ ਨਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀ ਸਰਕਾਰ ਨੇ 10 ਸਾਲਾਂ ਦੌਰਾਨ ਕਈ ਬਿੱਲ ਸਹੀ ਜਾਂ ਗ਼ਲਤ ਤਰੀਕਿਆਂ ਨਾਲ ਪਾਸ ਕਰਵਾਏ ਹਨ। ਜਿਸ ਦੌਰਾਨ ਦੇਸ਼ ਦੇ ਅੱਧੇ ਤੋਂ ਜ਼ਿਆਦਾ ਸੂਬਿਆਂ 'ਚ ਭਾਜਪਾ ਅਤੇ ਉਸ ਦੇ ਐਲਾਨੇ-ਅਣਐਲਾਨੇ ਸਹਿਯੋਗੀਆਂ ਦੀਆਂ ਸਰਕਾਰਾਂ ਸਨ। ਪਰ ਅਜਿਹਾ ਨਹੀਂ ਹੋਇਆ। ਦਰਅਸਲ ਸੰਵਿਧਾਨਿਕ ਰੁਕਾਵਟਾਂ ਨਾਲੋਂ ਵੱਡੀਆਂ ਚੁਣੌਤੀਆਂ ਵਿਵਹਾਰਿਕ ਹਨ, ਜਿਨ੍ਹਾਂ ਨੂੰ ਸ਼ਾਇਦ ਮੋਦੀ ਵੀ ਸਮਝਦੇ ਹਨ ਜਾਂ ਉਨ੍ਹਾਂ ਨੂੰ ਸਮਝਾ ਦਿੱਤੀਆਂ ਗਈਆਂ ਹਨ। ਇਸ ਲਈ ਉਹ ਇਸ ਗੰਭੀਰ ਮੁੱਦੇ ਨੂੰ ਲੈ ਕੇ ਕੇਵਲ ਸ਼ਿਗੂਫ਼ੇਬਾਜ਼ੀ ਹੀ ਕਰਦੇ ਰਹੇ ਹਨ। ਹਾਲਾਂਕਿ ਆਪਣਾ ਦੂਸਰਾ ਕਾਰਜਕਾਲ ਪੂਰਾ ਹੋਣ ਤੋਂ ਕੁਝ ਮਹੀਨੇ ਪਹਿਲਾਂ ਉਨ੍ਹਾਂ ਇਸ ਮੁੱਦੇ 'ਤੇ ਸੁਝਾਅ ਦੇਣ ਲਈ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ 'ਚ ਇੱਕ ਕਮੇਟੀ ਬਣਾ ਕੇ ਇਕ ਵਾਰ ਫ਼ਿਰ ਤੋਂ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਇਸ ਮੁੱਦੇ ਨੂੰ ਲੈ ਕੇ ਸੱਚਮੁੱਚ ਗੰਭੀਰ ਹਨ।

ਹਾਲਾਂਕਿ ਕੁੱਲ ਮਿਲਾ ਕੇ ਹੁਣ ਸਥਿਤੀ ਇਹ ਹੈ ਕਿ ਸਰਕਾਰ ਨੇ ਠਹਿਰੇ ਹੋਏ ਪਾਣੀ 'ਚ ਇਕ ਪੱਥਰ ਸੁੱਟ ਕੇ ਭਾਵ ਕੈਬਨਿਟ 'ਚ ਇਸ ਸੰਬੰਧੀ ਪ੍ਰਸਤਾਵ ਪਾਸ ਕਰ ਕੇ ਇਹ ਵੇਖਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿੰਨੀਆਂ ਕੁ ਲਹਿਰਾਂ ਉੱਠਦੀਆਂ ਹਨ, ਭਾਵ ਵਿਰੋਧੀ ਧਿਰ ਦੀ ਤਾਕਤ ਦਾ ਮੁੱਲਾਂਕਣ ਕਰਨ ਲਈ ਇਕ ਚਾਲ ਖੇਡੀ ਹੈ। ਸਾਬਕਾ ਰਾਸ਼ਟਰਪਤੀ ਕੋਵਿੰਦ ਦੀ ਪ੍ਰਧਾਨਗੀ ਵਾਲੀ ਕਮੇਟੀ ਦੀਆਂ ਜਿਹੜੀਆਂ ਸਿਫ਼ਾਰਸ਼ਾਂ ਨੂੰ ਸਰਕਾਰ ਨੇ ਸਵੀਕਾਰ ਕੀਤਾ ਸੀ, ਉਨ੍ਹਾਂ ਨੂੰ ਤਾਂ ਕੋਵਿੰਦ ਕਮੇਟੀ ਨੇ 14 ਮਾਰਚ ਨੂੰ ਰਾਸ਼ਟਰਪਤੀ ਨੂੰ ਸੌਂਪ ਦਿੱਤਾ ਸੀ। ਫ਼ਿਰ ਸਰਕਾਰ ਨੇ ਇਨ੍ਹਾਂ ਨੂੰ ਮਨਜ਼ੂਰ ਕਰਨ ਲਈ 6 ਮਹੀਨਿਆਂ ਤੋਂ ਜ਼ਿਆਦਾ ਦਾ ਸਮਾਂ ਕਿਉਂ ਲਿਆ ਹੈ ? ਇਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਅਜੇ ਤੱਕ ਬਿੱਲ ਦਾ ਮਸੌਦਾ ਵੀ ਤਿਆਰ ਨਹੀਂ ਕੀਤਾ ਗਿਆ ਤੇ ਨਾ ਹੀ ਇਹ ਦੱਸਿਆ ਗਿਆ ਹੈ ਕਿ ਸਰਕਾਰ ਬਿੱਲ ਨੂੰ ਸੰਸਦ 'ਚ ਕਦੋਂ ਪੇਸ਼ ਕਰੇਗੀ, ਸਿਰਫ਼ ਕੈਬਨਿਟ 'ਚ ਪ੍ਰਸਤਾਵ ਪਾਸ ਕਰ ਕੇ ਹਲਚਲ ਪੈਦਾ ਕੀਤੀ ਗਈ ਹੈ। ਅਸਲ 'ਚ ਇੱਕ ਦੇਸ਼-ਇੱਕ ਚੋਣ ਦੇ ਇਰਾਦੇ ਨੂੰ ਲਾਗੂ ਕਰਨ ਲਈ ਸੰਵਿਧਾਨ 'ਚ ਕਈ ਸੋਧਾਂ ਕਰਨੀਆਂ ਪੈਣੀਆਂ ਹਨ, ਜਿਨ੍ਹਾਂ 'ਚੋਂ ਕੁਝ ਸੋਧਾਂ ਨੂੰ ਦੇਸ਼ ਦੇ ਅੱਧੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੋਂ ਮਨਜ਼ੂਰ ਕਰਵਾਉਣਾ ਹੋਵੇਗਾ ਅਤੇ ਇਨ੍ਹਾਂ ਨੂੰ ਸੰਸਦ ਦੇ ਦੋਹਾਂ ਸਦਨਾਂ 'ਚ ਵੀ ਵੱਖ-ਵੱਖ ਤੌਰ 'ਤੇ ਦੋ-ਤਿਹਾਈ ਬਹੁਮਤ ਨਾਲ ਪਾਸ ਕਰਵਾਉਣਾ ਹੋਵੇਗਾ, ਜਦਕਿ ਸਰਕਾਰ ਕੋਲ ਸੰਸਦ 'ਚ ਅਜਿਹਾ ਬਹੁਮਤ ਨਹੀਂ ਹੈ। ਸਰਕਾਰ ਕੋਲ ਲੋਕ ਸਭਾ 'ਚ ਸਾਧਾਰਣ ਬਹੁਮਤ ਹੈ ਤੇ ਉਹ ਰਾਜ ਸਭਾ 'ਚ ਵੀ ਜੁਗਾੜ ਕਰ ਕੇ ਸਾਧਾਰਨ ਬਹੁਮਤ ਹਾਸਿਲ ਕਰ ਸਕਦੀ ਹੈ। ਸਰਕਾਰ ਨੂੰ ਦੋ-ਤਿਹਾਈ ਬਹੁਮਤ ਵਿਰੋਧੀ ਧਿਰ ਦੀਆਂ ਕਈ ਵੱਡੀਆਂ ਪਾਰਟੀਆਂ ਨੂੰ ਆਪਣੇ ਨਾਲ ਲਿਆਂਦੇ ਬਗੈਰ ਨਹੀਂ ਮਿਲ ਸਕਦਾ। ਇਸ ਦਾ ਮਤਲਬ ਹੈ ਕਿ ਮੌਜੂਦਾ ਲੋਕ ਸਭਾ 'ਚ ਵੀ ਜਦੋਂ ਤੱਕ ਵਿਰੋਧੀ ਧਿਰ ਨਾਲ ਸਹਿਮਤੀ ਨਹੀਂ ਬਣਦੀ, ਉਸ ਸਮੇਂ ਤੱਕ ਇਸ ਬਿੱਲ ਨੂੰ ਪਾਸ ਨਹੀਂ ਕਰਵਾਇਆ ਜਾ ਸਕਦਾ। ਸ਼ਾਇਦ ਇਸੇ ਲਈ ਕੈਬਨਿਟ ਦੇ ਫ਼ੈਸਲੇ ਬਾਅਦ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਸਭ ਪਾਰਟੀਆਂ ਨਾਲ ਆਮ ਸਹਿਮਤੀ ਬਣਾਉਣ ਦੀ ਗੱਲ ਆਖੀ ਹੈ। ਵਰਤਮਾਨ ਸਮੇਂ ਸੰਸਦ 'ਚ ਸੰਖਿਆ ਪੱਖੋਂ ਅੰਕੜੇ ਸਰਕਾਰ ਦੇ ਪੱਖ 'ਚ ਨਹੀਂ ਹਨ। ਲੋਕ ਸਭਾ 'ਚ ਸਰਕਾਰ ਕੋਲ 293 ਸੰਸਦ ਮੈਂਬਰ ਹਨ, ਪਰ ਇਨ੍ਹਾਂ 'ਚੋਂ 22 ਸੰਸਦ ਮੈਂਬਰ ਉਨ੍ਹਾਂ ਪਾਰਟੀਆਂ ਨਾਲ ਸੰਬੰਧਿਤ ਹਨ, ਜਿਨ੍ਹਾਂ ਨੇ ਕੋਵਿੰਦ ਕਮੇਟੀ ਸਾਹਮਣੇ ਇੱਕ ਦੇਸ਼ ਇੱਕ ਚੋਣ ਵਿਚਾਰ ਦਾ ਵਿਰੋਧ ਕੀਤਾ ਸੀ ਜਾਂ ਨਿਰਪੱਖ ਰਹੀਆਂ ਸਨ। ਇਸ ਤਰ੍ਹਾਂ ਸਰਕਾਰ ਦੇ ਪੱਖ 'ਚ ਇੱਕ ਦੇਸ਼ ਇੱਕ ਚੋਣ ਵਿਚਾਰ ਦਾ ਸਮਰਥਨ ਕਰਨ ਵਾਲੇ ਕੇਵਲ 271 ਸੰਸਦ ਮੈਂਬਰ ਹਨ। ਜੇਕਰ ਸਰਕਾਰ ਨੂੰ ਸਭ 293 ਸੰਸਦ ਮੈਂਬਰਾਂ ਦਾ ਸਮਰਥਨ ਮਿਲ ਜਾਵੇ ਤਾਂ ਵੀ ਇਹ ਦੋ-ਤਿਹਾਈ ਬਹੁਮਤ ਤੋਂ ਬਹੁਤ ਘੱਟ ਹੈ, ਕਿਉਂਕਿ ਦੋ-ਤਿਹਾਈ ਬਹੁਮਤ ਲਈ ਸਰਕਾਰ ਨੂੰ 362 ਸੰਸਦ ਮੈਂਬਰਾਂ ਦੇ ਸਮਰਥਨ ਦੀ ਜ਼ਰੂਰਤ ਹੋਵੇਗੀ। ਭਾਵ ਸਰਕਾਰ ਨੂੰ 69 ਹੋਰ ਸੰਸਦ ਮੈਂਬਰਾਂ ਦਾ ਪ੍ਰਬੰਧ ਕਰਨਾ ਪਵੇਗਾ ਜਾਂ ਬਿੱਲ 'ਤੇ ਲੋਕ ਸਭਾ 'ਚ ਵੋਟਿੰਗ ਹੋਣ ਸਮੇਂ ਸਰਕਾਰੀ ਧਿਰ ਦੇ ਸਭ ਸੰਸਦ ਮੈਂਬਰ ਤਾਂ ਮੌਜੂਦ ਹੋਣੇ ਹੀ ਚਾਹੀਦੇ ਹਨ,

**(ਬਾਕੀ ਸਫ਼ਾ 31 'ਤੇ)**

# ਪੰਜਾਬ ਦੇ ਮੁਲਾਜ਼ਮਾਂ 'ਚ ਬੇਚੈਨੀ ਕਿਉਂ ?



ਗੁਰਮੀਤ ਸਿੰਘ ਪਲਾਹੀ
9815802070



ਪੰਜਾਬ ਸਰਕਾਰ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਲਈ ਲਗਾਤਾਰ ਸਾਲਾਂ ਤੋਂ ਸੰਘਰਸ਼ ਦੇ ਰਾਹ ਹਨ। ਜਦੋਂ ਵੀ ਕੋਈ ਚੋਣ, ਭਾਵੇਂ ਉਹ ਲੋਕ ਸਭਾ ਦੀ ਹੋਵੇ, ਵਿਧਾਨ ਸਭਾ ਦੀ ਹੋਵੇ ਜਾਂ ਕੋਈ ਜ਼ਿਮਨੀ ਚੋਣ, ਮੁਲਾਜ਼ਮ ਉਸ ਵੇਲੇ ਮੌਕੇ ਦੀ ਸਰਕਾਰ 'ਤੇ ਦਬਾਅ ਬਣਾਉਂਦੇ ਹਨ, ਆਪਣੀਆਂ ਮੰਗਾਂ ਹਾਕਮਾਂ ਅੱਗੇ ਵੀ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਅੱਗੇ ਵੀ ਰੱਖਦੇ ਹਨ ਤਾਂ ਕਿ ਉਹਨਾਂ ਦੀ ਸੁਣਵਾਈ ਹੋ ਸਕੇ। ਪਰ ਬਹੁਤੀ ਵੇਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

ਪੰਜਾਬ ਦੇ ਹਜ਼ਾਰਾਂ ਮੁਲਾਜ਼ਮ ਅਸੰਤੁਸ਼ਟ ਹਨ। ਸਰਕਾਰ ਦੇ ਵਿਵਹਾਰ ਤੋਂ ਉਹ ਮਹਿਸੂਸ ਕਰਨ ਲੱਗ ਪਏ ਹਨ ਕਿ ਸਰਕਾਰ ਉਹਨਾਂ ਦੀ ਗੱਲ ਨਹੀਂ ਸੁਣਦੀ। ਉਹਨਾਂ ਦੀਆਂ ਮੰਗਾਂ ਸਿਰਫ਼ ਉਹਨਾਂ ਦੇ ਵੇਤਨ ਜਾਂ ਸਿਰਫ਼ ਵੇਤਨ ਤਰੁੱਟੀਆਂ ਨਾਲ ਹੀ ਸਬੰਧਤ ਨਹੀਂ ਹਨ। ਉਹਨਾਂ ਦੀਆਂ ਮੰਗਾਂ, ਉਹਨਾਂ ਨੂੰ ਨੌਕਰੀ 'ਚ ਪੱਕੇ ਕਰਨ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ, ਅਧਿਆਪਕਾਂ ਜਾਂ ਹੋਰ ਮੁਲਾਜ਼ਮਾਂ ਤੋਂ ਲਏ ਜਾ ਰਹੇ ਵਾਧੂ ਕੰਮਾਂ ਨਾਲ ਵੀ ਸਬੰਧਤ ਰਹਿੰਦੀਆਂ ਹਨ ਅਤੇ ਇਸ ਗੱਲ ਨਾਲ ਵੀ ਕਿ ਸਰਕਾਰਾਂ ਉਹਨਾਂ ਦਾ ਸੋਸ਼ਣ ਕਰਦੀਆਂ ਹਨ, ਸਿਰਫ਼ ਲਾਰੇ-ਲੱਪੇ ਲਾ ਕੇ ਸਮਾਂ ਟਪਾਉਂਦੀਆਂ ਹਨ ਅਤੇ ਉਹਨਾਂ ਦੀਆਂ ਸਹੀ ਮੰਗਾਂ, ਜਿਹਨਾਂ ਉਤੇ ਕਈ ਵੇਰ ਕੋਈ ਪੈਸਾ ਵੀ ਨਹੀਂ ਲੱਗਣਾ ਹੁੰਦਾ, ਵੀ ਨਹੀਂ ਮੰਨਦੀਆਂ।

ਸੂਬੇ ਪੰਜਾਬ 'ਚ ਅੰਤਾਂ ਦੀ ਬੇਰੁਜ਼ਗਾਰੀ ਹੈ। ਪੜ੍ਹੇ ਲਿਖੇ ਨੌਜਵਾਨ ਡਿਗਰੀਆਂ ਹੱਥ ਲਈ ਫ਼ਿਰਦੇ ਹਨ, ਸਰਕਾਰੀ ਦਫ਼ਤਰਾਂ, ਸਕੂਲਾਂ 'ਚ ਅਸਾਮੀਆਂ ਖਾਲੀ ਹਨ, ਪਰ ਉਹਨਾ ਨੂੰ ਨਿਯੁੱਕਤੀਆਂ ਨਹੀਂ ਮਿਲਦੀਆਂ। ਜੇਕਰ ਨਿਯੁੱਕਤੀਆਂ ਮਿਲਦੀਆਂ ਹਨ, ਉਹ ਸਿਰਫ਼ ਸੈਂਕੜੇ ਨੌਜਵਾਨਾਂ ਨੂੰ। ਇਸ ਨਾਲ ਨੌਜਵਾਨਾਂ 'ਚ ਬੇਚੈਨੀ ਵਧਦੀ ਹੈ, ਉਹ ਵਿਦੇਸ਼ਾਂ ਵੱਲ ਭੱਜਦੇ ਹਨ। ਕੀ ਸਿਰਫ਼ ਕੀਤੇ ਹੋਏ ਐਲਾਨ ਨੌਜਵਾਨਾਂ ਨੂੰ ਸੰਤੁਸ਼ਟ ਕਰਨ ਲਈ ਕਾਫ਼ੀ ਹਨ ?

ਮੌਜੂਦਾ ਹਾਕਮਾਂ ਵਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਤੇ ਪਹਿਲਾਂ ਐਮ.ਪੀ. ਚੋਣਾਂ ਵੇਲੇ ਵੀ ਸਰਕਾਰੀ ਮੁਲਾਜ਼ਮਾਂ ਨਾਲ ਵਾਅਦੇ ਕੀਤੇ ਗਏ, ਪਰ ਸਰਕਾਰ ਦਾ ਅੱਧਾ ਸਮਾਂ ਟੱਪਣ ਉਪਰੰਤ ਵੀ ਇਹ ਵਾਅਦੇ ਲਾਰਿਆਂ ਦਾ ਰੂਪ ਧਾਰਨ ਕਰਦੇ ਜਾਪਦੇ ਹਨ। ਇਹਨਾਂ ਵਿਚੋਂ ਜਿਹੜੇ ਵਾਇਦੇ ਪੂਰੇ ਕਰਨ ਲਈ ਕੁਝ ਦਿਨ ਹੀ ਮੰਗੇ ਗਏ ਸਨ, ਉਹ ਲੰਮੀਆਂ ਦਫ਼ਤਰੀ ਪੇਚੀਦਗੀਆਂ ਦੀ ਭੇਂਟ ਚੜ੍ਹਾ ਦਿੱਤੇ ਗਏ ਹਨ। ਇਸ ਕਰਕੇ ਮੁਲਾਜ਼ਮਾਂ 'ਚ ਰੋਹ ਹੈ। ਉਹ ਗੁੱਸੇ ਨਾਲ ਭਰੇ-ਪੀਤੇ ਹਨ।

ਬਿਨ੍ਹਾਂ ਸ਼ੱਕ ਪੰਜਾਬ ਸਰਕਾਰ ਦੀ ਹਾਲਤ ਵਿੱਤ ਪੱਖੋਂ ਚੰਗੀ ਨਹੀਂ ਹੈ। ਇਸਦਾ ਖਾਮਿਆਜ਼ਾ ਪੰਜਾਬ ਦੇ ਮੁਲਾਜ਼ਮਾਂ ਨੂੰ ਵੱਧ ਭੁਗਤਣਾ ਪੈ ਰਿਹਾ ਹੈ। ਮਹਿੰਗਾਈ ਦਿਨੋਂ-ਦਿਨ ਵਧਦੀ ਹੈ, ਪਰ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਹੀਂ ਮਿਲ ਰਹੀਆਂ। ਇਹ ਮੁਲਾਜ਼ਮਾਂ ਦੇ ਪਰਿਵਾਰਾਂ ਲਈ ਆਰਥਿਕ ਤੰਗੀ ਦਾ ਕਾਰਨ ਬਣ ਰਿਹਾ ਹੈ। ਮੁਲਾਜ਼ਮ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਮੰਗ ਰਹੇ ਹਨ, ਇਸ ਵਿੱਚ ਗਲਤ ਕੀ ਹੈ ? ਜਦੋਂ ਸਰਕਾਰ ਹੱਦ ਤੋਂ ਪਾਰ ਜਾਕੇ ਕਰਜ਼ੇ ਲੈ ਕੇ ਸਰਕਾਰ ਚਲਾ ਰਹੀ ਹੈ, ਫ਼ਜ਼ੂਲ ਖਰਚਿਆਂ ਸਮੇਤ ਵੱਡੇ ਇਸ਼ਤਿਹਾਰ ਛਪਵਾਕੇ ਉਸ ਵਲੋਂ ਵੱਡੀਆਂ ਰਕਮਾਂ ਖ਼ਰਚ ਕੀਤੀਆਂ ਜਾ ਰਹੀਆਂ ਹਨ ਤਾਂ ਸਰਕਾਰ ਚਲਾਉਣ ਵਾਲੀ ਮਹੱਤਵਪੂਰਨ ਮਸ਼ੀਨਰੀ (ਮੁਲਾਜ਼ਮਾਂ) ਨੂੰ ਮਹਿੰਗਾਈ ਭੱਤਾ ਕਿਉਂ ਨਹੀਂ ਦਿੱਤਾ ਜਾ ਰਿਹਾ ?

ਮੁਲਾਜ਼ਮ ਧਰਨੇ ਦਿੰਦੇ ਹਨ। ਮੁਲਾਜ਼ਮ ਹੜਤਾਲ ਕਰਦੇ ਹਨ। ਬਿਜਲੀ ਮੁਲਾਜ਼ਮ ਕੰਮ ਕਰਨ ਤੋਂ ਆਤੁਰ ਹੋ ਕੇ ਘਰੀਂ ਬੈਠ ਜਾਂਦੇ ਹਨ। ਸਰਕਾਰੀ ਕੰਮਕਾਰ ਠੱਪ ਹੁੰਦਾ ਹੈ। ਲੋਕ ਪ੍ਰੇਸ਼ਾਨ ਹੁੰਦੇ ਹਨ। ਲੋਕਾਂ ਨੂੰ ਪ੍ਰੈਸ਼ਾਨੀ ਵਿੱਚੋਂ ਕੱਢਣਾ ਅਤੇ ਮੁਲਾਜ਼ਮਾਂ ਦੀ ਗੱਲ ਸੁਨਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਜ਼ੁੰਮੇਵਾਰੀ ਤੋਂ ਸਰਕਾਰ ਟਾਲਾ ਕਿਵੇਂ ਵੱਟ ਸਕਦੀ ਹੈ ?

ਮੁਲਾਜ਼ਮ ਜੱਥੇਬੰਦੀਆਂ ਨਾਲ ਗੱਲਬਾਤ ਦਾ ਸਮਾਂ ਨੀਅਤ ਕੀਤਾ ਜਾਂਦਾ ਹੈ। ਮੰਗਾਂ ਮੰਨਣ ਦਾ ਬਚਨ ਦੇ ਦਿੱਤਾ ਜਾਂਦਾ ਹੈ, ਪਰ ਗੱਲ ਅੱਗੋਂ ਨਹੀਂ ਤੁਰਦੀ। ਕੀ ਇਹ ਕਿਸੇ ਵੀ ਲੋਕਤੰਤਰੀ ਪ੍ਰਣਾਲੀ ਵਿੱਚ ਜਾਇਜ਼ ਹੈ ? ਸੈਂਕੜੇ ਕੇਸ, ਅਦਾਲਤਾਂ ਉੱਚ ਅਦਾਲਤਾਂ 'ਚ ਲੰਬਿਤ ਪਏ ਹਨ। ਅਦਾਲਤਾਂ 'ਚ ਸੁਣਵਾਈ ਹੁੰਦੀ ਹੈ। ਫ਼ੈਸਲੇ ਹੁੰਦੇ ਹਨ। ਪਰ ਉਹ ਫ਼ੈਸਲੇ ਲਾਗੂ ਕਰਨ ਲਈ ਵੀ ਦੇਰ ਕੀਤੀ ਜਾਂਦੀ ਹੈ। ਆਖ਼ਿਰ ਸਰਕਾਰ ਜਾਂ ਸਰਕਾਰੀ ਅਫ਼ਸਰਸ਼ਾਹੀ ਟਾਲਾ ਵੱਟਕੇ ਕੀ ਵਿਖਾਉਣਾ ਚਾਹੁੰਦੀ ਹੈ ?

ਇਹ ਗੱਲ ਚਿੱਟੇ ਦਿਨ ਵਾਂਗਰ ਸੱਚ ਹੈ ਕਿ ਜਦੋਂ ਕੋਈ ਸਿਆਸੀ ਪਾਰਟੀ, ਵਿਰੋਧੀ ਧਿਰ 'ਚ ਬੈਠੀ ਹੁੰਦੀ ਹੈ, ਉਹ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਦੇ ਹੱਕ 'ਚ ਵੱਡੇ ਬਿਆਨ ਦਿੰਦੀ ਹੈ, ਉਹਨਾਂ ਦੀਆਂ ਮੰਗਾਂ ਦਾ ਪੁਰਜ਼ੋਰ ਸਮਰੱਥਨ ਕਰਦੀ ਹੈ, ਸਰਕਾਰ ਬਨਣ 'ਤੇ ਕੁਝ ਦਿਨਾਂ 'ਚ ਮੰਗਾਂ ਮੰਨਣ ਦਾ ਐਲਾਨ ਕਰਦੀ ਹੈ। ਪਰ ਸਰਕਾਰ, ਵੱਡੀ ਸਰਕਾਰ ਬਨਣ 'ਤੇ ਸਭ ਕੁਝ ਭੁੱਲ ਜਾਂਦੀ ਹੈ। ਕੀ ਇਹ ਨੈਤਿਕਤਾ ਦੇ ਵਿਰੁੱਧ ਨਹੀਂ ?

ਪੰਜਾਬ ਵਿੱਚ ਤਕਰੀਬਨ 2.85 ਲੱਖ ਸਰਕਾਰੀ ਕਰਮਚਾਰੀ, 70 ਹਜ਼ਾਰ ਠੇਕਾ ਕਰਮਚਾਰੀ ਅਤੇ 60 ਹਜ਼ਾਰ ਆਊਟਸੋਰਸ ਮੁਲਾਜ਼ਮ ਹਨ ਅਤੇ 3.07 ਲੱਖ ਪੈਨਸ਼ਨਰ ਹਨ। ਆਪ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਤੁਰੰਤ ਬਾਅਦ ਮੁਲਾਜ਼ਮਾਂ ਦੀਆਂ ਪ੍ਰਮੁੱਖ ਮੰਗਾਂ 'ਤੇ ਅਮਲ ਕੀਤਾ ਜਾਵੇਗਾ ਅਤੇ ਮੁਲਾਜ਼ਮਾਂ ਨਾਲ ਇਨਸਾਫ਼ ਕੀਤਾ ਜਾਵੇਗਾ। ਪਰ ਮੁਲਾਜ਼ਮ ਮਹਿਸੂਸ ਕਰਦੇ ਹਨ ਕਿ ਇਸ ਸਰਕਾਰ ਨੇ ਉਹਨਾਂ ਦੇ ਸਾਰੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ ਅਤੇ ਕੋਈ ਵੀ ਵਾਅਦਾ ਇਸ ਪਾਰਟੀ ਨੇ ਵਫ਼ਾ ਨਹੀਂ ਕੀਤਾ। ਮੁਲਾਜ਼ਮ ਕਿਸੇ ਵੀ ਸਰਕਾਰ ਦੀ ਰੀੜ ਦੀ ਹੱਡੀ ਹੁੰਦੇ ਹਨ ਪਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਸੁਹਿਰਦਤਾ ਨਾਲ ਸਰਕਾਰ ਨੇ ਕਦੇ ਵੀ ਨਹੀਂ ਵਿਚਾਰਿਆ। ਮੁਲਾਜ਼ਮਾਂ ਦੀਆਂ ਮੁੱਖ ਜਾਇਜ਼ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ,6ਵੇਂ ਤਨਖ਼ਾਹ ਕਮਿਸ਼ਨ ਵਿੱਚ ਸਮੂਹ ਮੁਲਾਜ਼ਮਾਂ ਨੂੰ 125% ਡੀ.ਏ.ਅਤੇ ਘੱਟੋ ਘੱਟ 20% ਵਾਧੇ ਦੀ ਦਰ ਨਾਲ ਤਨਖਾਹ ਫ਼ਿਕਸ ਕਰਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਅਦਾਇਗੀ ਕਰਨਾ, ਡੀ.ਏ. ਅਤੇ ਤਨਖ਼ਾਹ ਕਮਿਸ਼ਨ ਦਾ ਬਕਾਇਆ ਏਰੀਅਰ ਤੁਰੰਤ ਜਾਰੀ ਕਰਨਾ, ਤਨਖਾਹ ਕਮਿਸ਼ਨ ਨੂੰ ਲੰਙੜੇ ਰੂਪ ਵਿਚ ਲਾਗੂ ਨਾ ਕਰਕੇ ਇੰਨ-ਬਿੰਨ ਲਾਗੂ ਕਰਨਾ, ਜੁਲਾਈ 2021 ਤੋਂ 3% ਡੀ.ਏ. ਦੀ ਕਿਸ਼ਤ ਜਾਰੀ ਕਰਨਾ, ਪੈਨਸ਼ਨਰਜ਼ ਦੀ ਪੈਨਸ਼ਨ ਵਿੱਚ 125% ਡੀ.ਏ. ਅਤੇ 2.59 ਦੇ ਗੁਣਾਂਕ ਅੰਕ ਨਾਲ਼ ਪੈਨਸ਼ਨ ਫ਼ਿਕਸ ਕਰਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਬਕਾਇਆ ਜਾਰੀ ਕਰਨਾ, ਆਊਟਸੋਰਸ ਅਤੇ ਠੇਕਾ ਪ੍ਰਣਾਲੀ ਬੰਦ ਕਰਕੇ ਕੇਵਲ ਰੈਗੂਲਰ ਭਰਤੀਆਂ ਕਰਨਾ, ਠੇਕਾ ਆਧਾਰਿਤ ਆਊਟਸੋਰਸ, ਕੰਪਿਊਟਰ ਫ਼ੈਕਲਟੀ, ਮਨਰੇਗਾ, ਡੇਲੀਵੇਜ, ਮਿਡ-ਡੇ-ਮੀਲ, ਆਸ਼ਾ ਵਰਕਰ,ਆਂਗਣਵਾੜੀ ਵਰਕਰ ਆਦਿ ਨੂੰ ਉਹਨਾਂ ਦੇ ਵਿਭਾਗਾਂ ਵਿੱਚ ਰੈਗੂਲਰ ਕਰਨਾ, ਬੰਦ ਕੀਤੇ ਭੱਤੇ ਜਾਰੀ ਕਰਵਾਉਣਾ,17-07-2020 ਤੋਂ ਪੰਜਾਬ ਪੇਅ ਕਮਿਸ਼ਨ ਦੀ ਥਾਂ 'ਤੇ ਕੇਂਦਰੀ ਤਨਖਾਹ ਕਮਿਸ਼ਨ ਲਾਗੂ ਨਾ ਕਰਨਾ ਅਤੇ ਲੋੜੀਂਦੀ ਸੰਖਿਆ ਵਿੱਚ ਮੁਲਾਜ਼ਮਾਂ ਦੀ ਭਰਤੀ ਕਰਨਾ ਸ਼ਾਮਲ ਹਨ।

ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁਲਾਜ਼ਮ ਵਰਗ ਨੂੰ ਗਾਰੰਟੀਆਂ ਦਿੱਤੀਆਂ ਗਈਆਂ ਸਨ ਕਿ ਸਾਰੇ ਕੱਚੇ ਮੁਲਾਜ਼ਮ ਪੱਕੇ ਹੋਣਗੇ,ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ,ਕੋਈ ਕੱਚਾ ਅਧਿਆਪਕ ਨਹੀਂ ਰਹਿਣ ਦਿੱਤਾ ਜਾਵੇਗਾ,ਖ਼ਾਲੀ ਅਸਾਮੀਆਂ ਭਰੀਆਂ ਜਾਣਗੀਆਂ, ਵਿਦੇਸ਼ਾਂ ਤੋਂ ਸਿਖਲਾਈ ਦੁਆਈ ਜਾਵੇਗੀ, ਸਮੇਂ ਸਿਰ ਪ੍ਰਮੋਸ਼ਨ ਮਿਲੇਗੀ, ਕੈਸ਼ਲੈੱਸ ਬੀਮਾ ਲਾਗੂ ਕੀਤੀ ਜਾਵੇਗੀ ਅਤੇ ਅਧਿਆਪਕਾਂ ਤੋਂ ਗ਼ੈਰ ਵਿੱਦਿਅਕ ਕੰਮ ਨਹੀਂ ਲਏ ਜਾਣਗੇ।ਮੁਲਾਜ਼ਮ ਇਲਜ਼ਾਮ ਲਾਉਂਦੇ ਹਨ ਕਿ ਡਰਾਇੰਗ ਰੂਮਾਂ ਵਿੱਚ ਚੋਣ ਮੈਨੀਫ਼ੈਸਟੋ ਨਾ ਬਣਾ ਕੇ ਲੋਕਾਂ ਵਿੱਚ ਜਾ ਕੇ ਚੋਣ ਮੈਨੀਫ਼ੈਸਟੋ ਬਣਾਉਣ ਦਾ ਦਿਖਾਵਾ ਕਰਨ ਵਾਲ਼ੀ ਆਮ ਆਦਮੀ ਪਾਰਟੀ ਵਾਲੀ ਸਰਕਾਰ ਹੁਣ ਆਮ ਲੋਕਾਂ ਦੀ ਨਬਜ਼ ਪਛਾਣਨ ਵਿੱਚ ਅਸਮਰੱਥ ਨਜ਼ਰ ਆ ਰਹੀ ਹੈ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਅਤੇ ਉਹਨਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲ਼ਿਆ ਅਤੇ ਅਣਦੇਖਿਆਂ ਕਰ ਰਹੀ ਹੈ। ਸਾਰਾ ਮੁਲਾਜ਼ਮ ਵਰਗ ਸਰਕਾਰ ਤੋਂ ਨਾਖ਼ੁਸ਼ ਹੈ।

# ਪੰਜਾਬ ਹੁਣ ਬਣ ਗਿਆ ਬਿਜਲੀ ਦੀ ਕਮੀ ਵਾਲਾ ਸੂਬਾ

ਇੰਜੀਨੀਅਰ ਭੁਪਿੰਦਰ ਸਿੰਘ

ਮੌਜੂਦਾ ਹਾਲਾਤ ਵਿੱਚ ਅੱਜ ਕੋਈ ਵੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੋਵੇਗਾ ਕਿ ਪੰਜਾਬ ਇੱਕ ਬਿਜਲੀ ਦੀ ਕਮੀ ਵਾਲਾ ਸੂਬਾ ਹੈ। ਇਸ ਦਾ ਕਾਰਨ ਇਹ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪੀ.ਐਸ.ਪੀ.ਸੀ.ਐਲ. ਦੀ ਮੈਨੇਜਮੈਂਟ ਨੇ ਪੰਜਾਬ ਦੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਹੋਇਆ ਹੈ ਕਿ ਪੰਜਾਬ ਕੋਲ ਵਾਧੂ ਬਿਜਲੀ ਉਪਲੱਬਧ ਹੈ ਅਤੇ ਕਿਸੇ ਵੀ ਵਰਗ ਨੂੰ ਪਾਵਰ ਕੱਟਾਂ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਦੂਜੇ ਪਾਸੇ, ਪੰਜਾਬ ਸਰਕਾਰ ਤਕਰੀਬਨ 90 ਪ੍ਰਤੀਸ਼ਤ ਖਪਤਕਾਰਾਂ ਨੂੰ ਬਿਜਲੀ ਸਬਸਿਡੀ ਪ੍ਰਦਾਨ ਕਰ ਰਹੀ ਹੈ, ਇਸ ਲਈ ਆਮ ਤੌਰ 'ਤੇ ਲੋਕ ਬਿਜਲੀ ਦੇ ਸੰਬੰਧ ਵਿੱਚ ਸੰਤੁਸ਼ਟ ਲੱਗਦੇ ਹਨ। ਮੀਡੀਆ ਵਿੱਚ ਵੀ ਕੋਈ ਵੱਡੇ ਪੱਧਰ 'ਤੇ ਬਿਜਲੀ ਸੰਬੰਧੀ ਮੁਸ਼ਕਿਲਾਂ ਬਾਰੇ ਜ਼ਿਕਰ ਨਹੀਂ ਆਉਂਦਾ। ਅਜਿਹੇ ਬਿਆਨ ਵੀ ਸਾਹਮਣੇ ਆਏ ਹਨ ਕਿ ਪੀ.ਐਸ.ਪੀ.ਸੀ.ਐਲ. ਮੁਨਾਫ਼ੇ ਵਿੱਚ ਚੱਲ ਰਿਹਾ ਹੈ। ਸਮੁੱਚੇ ਤੌਰ 'ਤੇ ਇਹ ਪੇਸ਼ ਕੀਤਾ ਜਾ ਰਿਹਾ ਹੈ ਕਿ ਬਿਜਲੀ ਦੇ ਖੇਤਰ ਵਿੱਚ ਪੰਜਾਬ ਠੀਕ-ਠਾਕ ਹੈ।

ਲੇਖਕ ਕਾਫ਼ੀ ਸਮੇਂ ਤੋਂ ਇਹ ਦਲੀਲ ਪੇਸ਼ ਕਰ ਰਹੇ ਹਨ ਕਿ ਪੰਜਾਬ ਬਿਜਲੀ ਦੀ ਕਮੀ ਵਾਲਾ ਸੂਬਾ ਬਣ ਗਿਆ ਹੈ ਅਤੇ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਇਸ ਨੂੰ ਮੰਡੀ (ਬਿਜਲੀ ਦੀ ਮੰਡੀ) ਤੋਂ ਸਮੇਂ-ਸਮੇਂ 'ਤੇ ਲੋੜ ਮੁਤਾਬਕ ਮਹਿੰਗੀ ਬਿਜਲੀ ਖਰੀਦਣੀ ਪੈਂਦੀ ਹੈ। ਇਸ ਦਾ ਮੰਦਾ ਪ੍ਰਭਾਵ ਪੀ.ਐੱਸ.ਪੀ.ਸੀ.ਐੱਲ. ਦੇ ਵਿੱਤੀ ਹਾਲਾਤ 'ਤੇ ਪੈ ਰਿਹਾ ਹੈ। ਇਸ ਲੇਖ ਰਾਹੀਂ ਇਸ ਗੱਲ ਨੂੰ ਤੱਥਾਂ ਨਾਲ ਘੋਖਿਆ ਜਾਵੇਗਾ ਕਿ ਕੀ ਪੰਜਾਬ ਸਹੀ ਮਾਇਨਿਆਂ ਵਿੱਚ ਬਿਜਲੀ ਦੀ ਕਮੀ ਵਾਲਾ ਸੂਬਾ ਹੈ ਅਤੇ ਕੀ ਪੀ.ਐਸ.ਪੀ.ਸੀ.ਐਲ. ਮਹਿੰਗੀ ਬਿਜਲੀ ਦੀ ਖਰੀਦ ਕਰ ਰਿਹਾ ਹੈ ?

ਕੀ ਮਹਿੰਗੀ ਬਿਜਲੀ ਕਾਰਨ ਪੀ.ਐੱਸ.ਪੀ.ਸੀ.ਐੱਲ. 'ਤੇ ਵਾਧੂ ਵਿੱਤੀ ਬੋਝ ਪੈ ਰਿਹਾ ਹੈ ਜਿਸ ਨਾਲ ਖਪਤਕਾਰਾਂ ਲਈ ਮਹਿੰਗੀ ਬਿਜਲੀ ਖ਼ਰੀਦਣ 'ਤੇ ਪੰਜਾਬ ਸਰਕਾਰ ਦਾ ਸਬਸਿਡੀ ਦਾ ਬਿੱਲ ਵੀ ਵਧ ਰਿਹਾ ਹੈ। ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋਂ ਮਿਤੀ 14.06.2024 ਨੂੰ ਜਾਰੀ ਕੀਤਾ ਟੈਰਿਫ਼ ਆਰਡਰ ਆਧਾਰ ਬਣਾ ਕੇ ਘੋਖਣ ਦੀ ਲੋੜ ਹੈ। ਇਸ ਆਰਡਰ ਨਾਲ ਸਾਲ 2024-25 (1 ਅਪ੍ਰੈਲ 2024 ਤੋਂ 31 ਮਾਰਚ, 2025) ਦੌਰਾਨ ਬਿਜਲੀ ਦੀਆਂ ਦਰਾਂ ਘੋਸ਼ਿਤ ਕੀਤੀਆਂ ਗਈਆਂ ਸਨ। ਇਸ ਟੈਰਿਫ਼ ਆਰਡਰ ਦੇ ਦੋ ਪ੍ਰਮੁੱਖ ਅੰਗ ਹਨ। ਇੱਕ 2022-23 ਦੇ ਆਡਿਟ ਕੀਤੇ ਗਏ ਅਤੇ ਪੀ.ਐੱਸ.ਪੀ.ਸੀ.ਐੱਲ. ਵਲੋਂ ਪੇਸ਼ ਕੀਤੇ ਅਸਲ ਆਮਦਨ ਅਤੇ ਖਰਚਿਆਂ ਦੀ ਪ੍ਰਵਾਨਗੀ ਅਤੇ ਦੂਸਰਾ ਸਾਲ 2024-25 ਲਈ ਬਿਜਲੀ ਦਰਾਂ ਦਾ ਕੀਤਾ ਗਿਆ ਐਲਾਨ। ਕੀ ਪੰਜਾਬ ਵਿੱਚ ਬਿਜਲੀ ਦੀ ਘਾਟ ਹੈ, ਇਸ ਸਵਾਲ ਦਾ ਜਵਾਬ ਇਨ੍ਹਾਂ ਦੋਵਾਂ ਅੰਗਾਂ ਨੂੰ ਘੋਖਣ ਤੋਂ ਕਾਫ਼ੀ ਸਪੱਸ਼ਟ ਹੋ ਜਾਂਦਾ ਹੈ।



### ਆਮਦਨ ਅਤੇ ਖਰਚੇ

ਵਰਨਣਯੋਗ ਹੈ ਕਿ ਮਿਤੀ 31.03.2022 ਨੂੰ ਰੈਗੂਲੇਟਰ ਨੇ ਅਨੁਮਾਨਾਂ ਦੇ ਆਧਾਰ ਅਤੇ ਪੀ.ਐਸ.ਪੀ.ਸੀ.ਐਲ. ਵਲੋਂ ਪੇਸ਼ ਕੀਤੇ ਗਏ ਖਰਚਿਆਂ ਦੀ ਸਾਰਣੀ ਨੂੰ ਮੁੱਖ ਰੱਖਦੇ ਹੋਏ ਸਾਲ 2022-23 ਦੀਆਂ ਬਿਜਲੀ ਦਰਾਂ ਘੋਸ਼ਿਤ ਕੀਤੀਆਂ ਸਨ। ਇਸ ਟੈਰਿਫ਼ ਆਰਡਰ ਦੇ ਟੇਬਲ ਨੰ:7.1 ਮੁਤਾਬਕ ਪੀ.ਐਸ.ਪੀ.ਸੀ.ਐਲ. ਨੂੰ ਕੁੱਲ 36237 ਕਰੋੜ ਰੁਪਏ ਦੇ ਖਰਚਿਆਂ ਦੀ ਪ੍ਰਵਾਨਗੀ ਦਿੱਤੀ ਸੀ, ਜਿਸ ਨਾਲ ਔਸਤਨ ਦਰ 648 ਪੈਸੇ ਪ੍ਰਤੀ ਯੂਨਿਟ ਬਣਦੀ ਹੈ। ਇਸ ਔਸਤਨ ਬਿਜਲੀ ਦਰ ਮੁਤਾਬਿਕ ਹੀ ਖਪਤਕਾਰਾਂ ਦੇ ਵੱਖਰੇ-ਵੱਖਰੇ ਵਰਗਾਂ ਦੇ ਬਿਜਲੀ ਦੇ ਰੇਟ ਅਤੇ ਪੰਜਾਬ ਸਰਕਾਰ ਤੋਂ ਬਿਜਲੀ ਸਬਸਿਡੀ ਦੀ ਰਕਮ ਤੈਅ ਹੁੰਦੀ ਹੈ। ਸਾਲ 2022-23 ਖਤਮ ਹੋਣ ਤੋਂ ਬਾਅਦ, ਪੀ.ਐੱਸ.ਪੀ.ਸੀ.ਐੱਲ. ਨੇ ਅਸਲ ਦੇ ਆਧਾਰ 'ਤੇ ਅਤੇ ਆਡਿਟ ਤੋਂ ਪ੍ਰਵਾਨਗੀ ਤੋਂ ਬਾਅਦ ਆਪਣੇ ਆਮਦਨ ਅਤੇ ਖਰਚੇ ਰੈਗੂਲੇਟਰ ਨੂੰ ਪੇਸ਼ ਕੀਤੇ। ਪੀ.ਐਸ.ਪੀ.ਸੀ.ਐੱਲ. ਮੁਤਾਬਿਕ 36,237 ਕਰੋੜ ਰੁਪਏ ਦੇ ਮੁਕਾਬਲੇ 44,158 ਕਰੋੜ ਰੁਪਏ ਦਾ ਖਰਚਾ ਹੋਇਆ। ਮਤਲਬ ਇਹ ਬਣਿਆ ਕਿ ਰੈਗੂਲੇਟਰ ਵਲੋਂ ਮਨਜ਼ੂਰ 36,237 ਕਰੋੜ ਦੇ ਮੁਕਾਬਲੇ 7,921 ਕਰੋੜ ਵਾਧੂ ਖਰਚਾ (22 ਪ੍ਰਤੀਸ਼ਤ) ਕੀਤਾ ਗਿਆ ਜਿਸ ਨਾਲ ਪੀ.ਐੱਸ.ਪੀ.ਸੀ.ਐੱਲ. ਨੂੰ 6,837 ਕਰੋੜ ਰੁਪਏ ਘਾਟਾ ਪਿਆ। ਰੈਗੂਲੇਟਰ ਨੇ ਪੀ.ਐੱਸ.ਪੀ.ਸੀ.ਐੱਲ. ਵਲੋਂ ਕੀਤੇ ਗਏ ਖਰਚਿਆਂ ਵਿੱਚ ਆਪਣੇ ਸਿਧਾਂਤਾਂ ਅਤੇ ਨਿਯਮਾਂ ਮੁਤਾਬਿਕ 42,067 ਕਰੋੜ ਰੁਪਏ ਮਨਜ਼ੂਰ ਕੀਤੇ ਅਤੇ ਇਸ ਆਧਾਰ @ਤੇ ਪੀ.ਐੱਸ.ਪੀ.ਸੀ.ਐੱਲ. ਨੂੰ ਸਾਲ 2022-23 ਦਾ ਘਾਟਾ ਪੂਰਾ ਕਰਨ ਲਈ 4,202 ਕਰੋੜ ਰੁਪਏ ਦਾ ਹੱਕਦਾਰ ਕਰਾਰ ਕੀਤਾ।

ਪੀ.ਐੱਸ.ਪੀ.ਸੀ.ਐੱਲ. ਨੇ ਬਿਜਲੀ ਦੀ ਘਾਟ ਨੂੰ ਸਵੀਕਾਰਿਆ


ਇਸ ਟੈਰਿਫ਼ ਆਰਡਰ ਦੇ ਪੰਨਾ ਨੰ:55 ਦੇ ਕੰਮ ਨੰ: 'ਤੇ ਪੀ.ਐਸ.ਪੀ.ਸੀ.ਐਲ. ਵਲੋਂ ਗੰਭੀਰ ਬਿਜਲੀ ਘਾਟ ਬਾਰੇ ਸਵੀਕਾਰਿਆ ਗਿਆ ਹੈ। ਸਾਲ 2022-23 ਦੌਰਾਨ ਬਿਜਲੀ ਦੀ ਮੰਗ 14311 ਮੈਗਾਵਾਟ ਰਿਕਾਰਡ ਕੀਤੀ ਗਈ ਹੈ। ਬਿਜਲੀ ਦੀ ਘਾਟ ਕਾਰਨ ਇਸ ਮੰਗ ਨੂੰ ਪੂਰਾ ਕਰਨ ਲਈ ਪੀ.ਐੱਸ.ਪੀ.ਸੀ.ਐੱਲ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ ਤੋਂ ਫ਼ੌਰੀ ਤੌਰ 'ਤੇ ਬਿਜਲੀ ਦੀ ਮੰਗ ਕਰਨ। ਪੀ.ਐੱਸ.ਪੀ.ਸੀ.ਐੱਲ. ਦੇ ਕਹਿਣ 'ਤੇ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਤੋਂ 1500-2000 ਮੈਗਾਵਾਟ ਵਾਧੂ ਬਿਜਲੀ ਦੀ ਮੰਗ ਕੀਤੀ।

ਭਾਰਤ ਸਰਕਾਰ ਨੇ ਆਪਣੇ ਕਰਨਾਟਕ ਪ੍ਰਦੇਸ਼ ਵਿੱਚ ਸਥਿਤ ਕੂਡਗੀ ਤਾਪ ਘਰ ਤੋਂ ਪੰਜਾਬ ਨੂੰ 500-1300 ਮੈਗਾਵਾਟ ਬਿਜਲੀ ਦੀ ਸਪਲਾਈ ਦੀ ਪ੍ਰਵਾਨਗੀ ਦਿੱਤੀ। ਇਸ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ. ਵਲੋਂ ਮੰਡੀ ਤੋਂ 20 ਰੁਪਏ ਪ੍ਰਤੀ ਯੂਨਿਟ ਤੱਕ ਬਿਜਲੀ ਦੀ ਖਰੀਦ ਕੀਤੀ ਗਈ। ਮਹਿੰਗੀ ਬਿਜਲੀ ਦੀ ਖਰੀਦ ਕਾਰਨ ਬਿਜਲੀ ਖਰੀਦ ਦਾ ਪ੍ਰਤੀ ਯੂਨਿਟ ਰੇਟ ਨਿਰਧਾਰਤ 4.44 ਰੁਪਏ ਤੋਂ ਵਧ ਕੇ 5.04 ਰੁਪਏ ਹੋ ਗਿਆ। ਜਿਸ ਨਾਲ ਬਿਜਲੀ ਖਰੀਦ ਦਾ ਖਰਚਾ 23,258 ਕਰੋੜ ਰੁਪਏ ਤੋਂ ਵਧ ਕੇ 27,567 ਕਰੋੜ ਰੁਪਏ ਹੋ ਗਿਆ। ਇਹ ਸਾਲ 2022-23 ਦੇ ਘਾਟੇ ਦਾ ਮੁੱਖ ਕਾਰਨ ਬਣਿਆ।

ਰੈਗੂਲੇਟਰ ਨੇ ਮਹਿੰਗੀ ਬਿਜਲੀ ਖਰੀਦਣ 'ਤੇ ਆਪਣੀ ਨਰਾਜ਼ਗੀ ਜ਼ਾਹਿਰ ਕੀਤੀ ਅਤੇ ਪੰਨਾ 62 'ਤੇ ਕਿਹਾ ਕਿ ਪੀ.ਐਸ.ਪੀ.ਸੀ.ਐਲ. ਨੂੰ ਆਪਣੀ ਗਲਤ ਪਲਾਨਿੰਗ ਦੇ ਕਾਰਨ ਮਹਿੰਗੀ ਬਿਜਲੀ ਖਰੀਦ ਕਰਨੀ ਪੈ ਰਹੀ ਹੈ। ਪੀ.ਐਸ.ਪੀ.ਸੀ.ਐਲ. ਨੇ ਕੂਡਗੀ ਪਲਾਂਟ ਤੋਂ 138 ਕਰੋੜ ਯੂਨਿਟਾਂ ਪ੍ਰਤੀ ਯੂਨਿਟ 8 ਰੁਪਏ 51 ਪੈਸੇ ਨਾਲ ਬਿਜਲੀ ਖਰੀਦੀ। ਰੈਗੂਲੇਟਰ ਨੇ ਇੰਨੀ ਮਹਿੰਗੀ ਬਿਜਲੀ ਦਾ

(ਬਾਕੀ ਸਫ਼ਾ 31 'ਤੇ)

# ਜਿਣਸੀ ਸ਼ੋਸ਼ਣ, ਪਖੰਡੀ ਡੇਰਿਆਂ, ਅੰਧ ਵਿਸ਼ਵਾਸ਼ਾਂ ਦਾ ਜ਼ਿੰਮੇਵਾਰ ਕੌਣ ?



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ



ਜਦੋਂ ਤੋਂ ਇਸ ਧਰਤੀ ’ਤੇ ਕਬੀਲਿਆਂ ਦੇ ਰੂਪ ਵਿੱਚ ਮਨੁੱਖ ਨੇ ਜਨਮ ਲਿਆ, ਉਦੋਂ ਜ਼ਿਆਦਾ ਉਨ੍ਹਾਂ ਵਿੱਚ ਜਿਣਸੀ ਭੁੱਖ ਹੁੰਦੀ ਸੀ, ਜਿਸ ਨੂੰ ਹੌਲੀ-ਹੌਲੀ ਕਬੀਲਿਆਂ ਦੇ ਮੁਖੀਆਂ ਨੇ ਆਪਣੀ ਸਮਰੱਥਾ ਮੁਤਾਬਕ ਨੇਮਬੱਧ ਕਰਨ ਲਈ ਸਮੇਂ-ਸਮੇਂ ਸੰਘਰਸ਼ ਕੀਤਾ ਹੋਵੇਗਾ, ਪਰ ਅੱਜ ਤਕ ਸੰਪੂਰਨ ਸਮਾਜ ਅਜਿਹੀਆਂ ਨਮੋਸ਼ੀਯੋਗ ਘਟਨਾਵਾਂ ਤੋਂ ਪਾਕਿ ਨਹੀਂ ਹੋ ਸਕਿਆ। ਅੱਜ ਵੀ ਦੁਨੀਆਂ ਭਰ ਦੇ ਸਮੁੱਚੇ ਦੇਸਾਂ ਵਿੱਚੋਂ ਕੋਈ ਦੇਸ਼ ਸੰਪੂਰਨ ਛੁਟਕਾਰਾ ਨਹੀਂ ਪਾ ਸਕਿਆ।

ਅੱਜ ਦੁਨੀਆਂ ਦੇ ਦੇਸ਼ ਇਸ ਸ਼ਰਮਨਾਕ ਘਟਨਾਵਾਂ ਨਾਲ ਆਪੋ-ਆਪਣੇ ਤਰੀਕੇ ਨਾਲ ਲੜ ਰਹੇ ਹਨ, ਪਰ ਇਸ ’ਤੇ ਪੂਰਨ ਕਾਬੂ ਨਹੀਂ ਪਾ ਸਕੇ। ਅਜਿਹੇ ਭੱਦੇ ਦੋਸ਼ ਘਰ ਦੀਆਂ ਗਰੀਬ ਨੌਕਰਾਣੀ ਤੋਂ ਲੈ ਕੇ ਦੇਸ਼ਾਂ ਦੇ ਮੁਖੀਆਂ ਤਕ ਲਗਦੇ ਰਹੇ ਹਨ। ਇਸ ਦੋਸ਼ ਨਾਲ ਹਰ ਦੇਸ਼ ਦਾ ਉਹ ਸਮਾਂ ਵੀ ਬਚ ਨਹੀਂ ਸਕਿਆ, ਜਦੋਂ ਵਿੱਦਿਆ ਦੀ ਘਾਟ ਕਰਕੇ ਸਾਧੂ, ਸੰਤਾਂ, ਕਰਾਮਾਤੀਆ, ਜਾਦੂ-ਟੂਣਿਆਂ ਦਾ ਯੁੱਗ ਸੀ। ਅੱਜ ਕੱਲ੍ਹ ਦੇ ਉਨ੍ਹਾਂ ਸਾਧੂਆਂ, ਸੰਤਾਂ, ਗੁਰੂਆਂ ’ਤੇ ਜੇ ਤੁਸੀਂ ਪੂਰੀ ਨੀਝ ਨਾਲ ਝਾਤੀ ਮਾਰ ਕੇ ਸਮਝਣਾ ਚਾਹੋਗੇ ਤਾਂ ਤੁਹਾਨੂੰ ਸਭ ਜੇਲ੍ਹਾਂ ਵਿੱਚ ਬਿਰਾਜਮਾਨ ਹੋਏ ਮਿਲਣਗੇ। ਗੁਰੂ ਦਾ ਅਹੁਦਾ ਮਾਤਾ-ਪਿਤਾ ਤੋਂ ਵੀ ਉੱਪਰ ਹੁੰਦਾ ਹੈ, ਉਹ ਵੀ ਗੁਰੂ ਦਾ ਰੋਲ ਨਿਭਾਉਂਦੇ-ਨਿਭਾਉਂਦੇ ਆਖਰ ਭੇੜੀਏ ਬਣੇ ਦੇਖੋਗੇ।

ਸਮਾਜ ਵਿੱਚ ਅਜਿਹੀਆਂ ਘਟਨਾਵਾਂ ਨੂੰ ਜਨਮ ਦੇਣ ਦਾ ਜੋ ਮੁੱਖ ਕਾਰਨ ਬਣਦਾ ਹੈ, ਉਹ ਹੈ ਸਮਾਜ ਵਿੱਚ ਵਿੱਦਿਆ ਦੀ ਘਾਟ। ਅਸੀਂ ਆਪਣੇ ਬੱਚਿਆਂ ਨੂੰ ਬਣਦੇ ਮੌਕਿਆਂ ’ਤੇ ਅਜਿਹੀ ਸਿੱਖਿਆ ਨਹੀਂ ਦਿੰਦੇ। ਪੰਜਾਬੀ ਵਾਰਤਕ ਦੇ ਪਿਤਾਮਾ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਆਖਿਆ ਕਰਦੇ ਸਨ ਅਤੇ ਲਿਖਦੇ ਵੀ ਸਨ ਕਿ ਜਦੋਂ ਤੁਸੀਂ ਆਪਣੇ ਡੰਗਰ ਗਊ-ਮੱਝ ਆਦਿ ਨੂੰ ਤੁਸੀਂ ਸਾਨ੍ਹਾਂ ਅਤੇ ਝੋਟਿਆਂ ਪਾਸ ਲਿਜਾਂਦੇ ਹੋ ਤਾਂ ਉਸ ਸਮੇਂ ਨਾਲ ਗਏ ਬੱਚਿਆਂ ਨੂੰ ਸਮਝਾਇਆ ਜਾਵੇ ਕਿ ਅਜਿਹਾ ਕਰਨਾ ਸਾਡੇ ਲਈ ਕਿਉਂ ਜ਼ਰੂਰੀ ਹੈ ? ਅਗਰ ਉਸ ਸਮੇਂ ਬੱਚਿਆਂ ਨੂੰ ਡੀਟੇਲ ਵਿੱਚ ਸਮਝਾਅ ਦਿਉਗੇ ਤਾਂ ਬੱਚਾ ਸਮਝ ਜਾਵੇਗਾ। ਜੇ ਬੱਚਿਆਂ ਨੂੰ ਅਜਿਹੇ ਵਕਤ ਦੱਸਿਆ ਜਾਵੇਗਾ ਕਿ ਇਸ ਤੋਂ ਬਾਅਦ ਇਹ ਜਾਨਵਰ ਬੱਚਾ ਦੇਵੇਗਾ, ਸਾਨੂੰ ਦੁੱਧ ਦੇਵੇਗਾ, ਜਿਸ ਨੂੰ ਪੀ ਕੇ ਅਸੀਂ ਤਕੜੇ ਹੋਵਾਂਗੇ। ਇਸ ਸੰਬੰਧ ਵਿੱਚ ਸਭ ਮਾਵਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਪਿਆਰੀ ਧੀ ਨੂੰ ਆਪਣਾ ਫ਼ਰਜ਼ ਸਮਝ ਕੇ ਸਮੇਂ-ਸਮੇਂ ਸਮਝਾਉਣ ਕਿ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ?

ਜਿਣਸੀ ਸ਼ੋਸ਼ਣ ਦਾ ਰੋਗ ਫ਼ੌਜ ਦੇ ਤਿੰਨਾਂ ਅੰਗਾਂ, ਜੁਡੀਸ਼ਰੀ, ਵਿੱਦਿਅਕ ਖੇਤਰ, ਸਭ ਸਰਕਾਰੀ ਅਦਾਰਿਆਂ ਵਿੱਚ ਵਧ-ਘੱਟ ਅਨੁਪਾਤ ਨਾਲ ਫ਼ੈਲਿਆ ਹੋਇਆ ਹੈ। ਅੱਜ ਦੇ ਦਿਨ ਵੀ ਕਹਿੰਦੇ-ਕਹਾਉਂਦੇ ਧਾਰਮਿਕ ਡੇਰੇ ਵੀ ਇਸ ਤੋਂ ਬਿਲਕੁਲ ਮੁਕਤ ਨਹੀਂ ਹਨ। ਉਨ੍ਹਾਂ ਡੇਰਿਆਂ ਦੀ ਮਾੜੀ ਗੱਲ ਬਾਹਰ ਇਸ ਕਰਕੇ ਨਹੀਂ ਆਉਂਦੀ,ਕਿਉਂਕਿ ਉਨ੍ਹਾਂ ਨੂੰ ਸਿਆਸੀ ਪਨਾਹ ਮਿਲੀ ਹੋਈ ਹੁੰਦੀ ਹੈ। ਬਹੁਤੇ ਧਾਰਮਿਕ ਡੇਰਿਆਂ ਦੀਆਂ ਸਮੇਂ-ਸਮੇਂ ਸਿਰ ਅਜਿਹੀਆਂ ਤਸਵੀਰਾਂ ਆਮ ਛਪਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿੱਚ ਸਮੇਂ-ਸਮੇਂ ਰਾਜ ਕਰ ਚੁੱਕੇ ਸਿਆਸੀ ਆਗੂਆਂ ਨੂੰ ਉਨ੍ਹਾਂ ਦੇ ਡੇਰਿਆਂ ਵਿੱਚ ਪਾਖੰਡੀ ਗੁਰੂਆਂ ਦੇ ਚਰਨਾਂ ਵਿੱਚ ਬੈਠਿਆਂ ਜਾਂ ਝੁਕ ਕੇ ਅਸ਼ੀਰਵਾਦ ਲੈਂਦਿਆਂ ਆਮ ਦੇਖਿਆ ਜਾ ਸਕਦਾ ਹੈ। ਜਦੋਂ ਕਿਸੇ ਵੀ ਅਖੌਤੀ ਡੇਰੇ ਨੂੰ ਸਿਆਸੀ ਪਨਾਹ ਮਿਲ ਜਾਂਦੀ ਹੈ, ਫ਼ਿਰ ਅਜਿਹੇ ਡੇਰਿਆਂ ਵਿੱਚ ਧਰਮ ਦੇ ਉਹਲੇ ਕੁਕਰਮ ਸ਼ੁਰੂ ਹੋ ਜਾਂਦਾ ਹੈ। ਆਮ ਦੇਖਿਆ ਗਿਆ ਹੈ ਕਿ ਅਜਿਹੇ ਡੇਰਿਆਂ ਦੇ ਮੁਖੀ ਜਦੋਂ ਸੀਖਾਂ ਪਿੱਛੇ ਵੀ ਹੁੰਦੇ ਹਨ, ਤਦ ਵੀ ਉਨ੍ਹਾਂ ਦੇ ਚੇਲੇ ਮੰਨਣ ਤੋਂ ਇਨਕਾਰੀ ਹੋਣ ਦੀ ਬਜਾਏ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨਾਲ ਜੋੜਦੇ ਹਨ ਕਿ ਉਹ ਵੀ ਜੇਲ੍ਹ ਵਿੱਚ ਰਹੇ ਸਨ। ਇਸ ਸਭ ਵਿੱਦਿਆ ਅਤੇ ਤਰਕਸ਼ੀਲਤਾ ਦੀ ਘਾਟ ਕਰਕੇ ਹੈ। ਬੱਚਿਆਂ ਨੂੰ ਬਣਦੀ ਉਮਰ ਸਮੇਂ ਸਹੀ ਜਾਣਕਾਰੀ ਹਾਸਲ ਕਰਾਉਣੀ ਚਾਹੀਦੀ ਹੈ। ਜਿਣਸੀ ਸ਼ੋਸ਼ਣ ਦੀ ਦੌੜ ਵਿੱਚ ਸਭ ਸ਼ਾਮਲ ਹਨ। ਇਸ ਦੌੜ ਵਿੱਚ ਇੱਕ ਬਾਪ (ਮਤਰੇਆ ਪਿਓ) ਤੋਂ ਲੈ ਕੇ ਗੁਰੂ ਤਕ ਸ਼ਾਮਲ ਹਨ। ਜਿਸ ਨੂੰ ਪੜ੍ਹ ਕੇ ਆਮ ਮਨੁੱਖ ਪੂਰੇ ਦਾ ਪੂਰਾ ਹਿੱਲ ਜਾਂਦਾ ਹੈ। ਅਜਿਹੀਆਂ ਖ਼ਬਰਾਂ ਪੜ੍ਹ ਕੇ ਮਨੁੱਖ ਸੋਚਦਾ ਹੈ ਕਿ ਮਨੁੱਖ ਯਕੀਨ ਕਰੇ ਤਾਂ ਕਿਸ ’ਤੇ ਕਰੇ ? ਅਜਿਹੀਆਂ ਹਰਕਤਾਂ ਬਾਰੇ ਜਾਣਨ ਲਈ ਜਦੋਂ ਲੇਖਕ ਨੇ ਪਸ਼ੂਆਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ। ਜਦੋਂ ਲੇਖਕ ਊਠਾਂ-ਊਠਣੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਪੜ੍ਹ ਰਿਹਾ ਸੀ ਤਾਂ ਪਤਾ ਲੱਗਾ ਕਿ ਇੱਕ ਵਾਰ ਜਦੋਂ ਊਠਣੀ ਸਾਹੇ ਤੋਂ ਬਾਅਦ ਊਠ ਪਾਸ ਲਿਆਂਦੀ ਗਈ। ਊਠ ਨੂੰ ਊਠਣੀ ਨਾਲ ਸੰਬੰਧ ਬਣਾਉਣ ਤੋਂ ਪਹਿਲਾਂ ਊਠ ਦੀਆਂ ਅੱਖਾਂ ’ਤੇ ਪੱਟੀ ਬੰਨ੍ਹ ਦਿੱਤੀ ਗਈ। ਜਦੋਂ ਬਾਅਦ ਵਿੱਚ ਊਠ ਦੀਆਂ ਅੱਖਾਂ ’ਤੇ ਪੱਟੀ ਖੋਲ੍ਹੀ ਗਈ ਤਾਂ ਊਠ ਨੇ ਦੇਖਿਆ ਕਿ ਸੰਬੰਧਤ ਊਠਣੀ ਰਿਸ਼ਤੇ ਤੋਂ ਉਸ ਦੀ ਮਾਂ ਲਗਦੀ ਸੀ। ਫ਼ਿਰ ਕੀ ਸੀ, ਉਹ ਬਹੁਤ ਦਹਾੜਿਆ, ਖਾਣਾ-ਪੀਣਾ ਪ੍ਰਾਣ ਤਿਆਗਣ ਤਕ ਉਸ ਨੇ ਤਿਆਗਿਆ, ਇਹ ਹੈ ਕਿ ਇੱਕ ਜਾਨਵਰ ਦਾ ਵਧੀਆ ਰਵੱਈਆ ਆਪਣੇ ਪਰਿਵਾਰ ਬਾਰੇ, ਪਰ ਮਨੁੱਖ ਅੱਜ ਵੀਹਵੀਂ ਸਦੀ ਵਿੱਚ ਸਭ ਹੱਦਾਂ ਟੱਪ ਜਾਂਦਾ ਹੈ ਜਾਂ ਟੱਪਣ ਨੂੰ ਤਿਆਰ ਰਹਿੰਦਾ ਹੈ।

ਜਦੋਂ ਅਸੀਂ ਜਿਣਸੀ ਸ਼ੋਸ਼ਣ ਬਾਰੇ ਲਿਖ ਰਹੇ ਹਾਂ ਤਾਂ ਇੱਕ ਬਹੁਤ ਵੱਡੀ ਖ਼ਬਰ ਆ ਰਹੀ ਹੈ ਕਿ ਭਾਰਤ ਦੇ ਇੰਦੌਰ ਸ਼ਹਿਰ ਵਿੱਚ ਦੋ ਫ਼ੌਜੀ ਅਤੇ ਉਨ੍ਹਾਂ ਦੀਆਂ ਦੋ ਮਹਿਲਾ ਮਿੱਤਰ ਆਪਣੇ ਤੌਰ ’ਤੇ ਪਿਕਨਿਕ ਮਨਾ ਰਹੇ ਸਨ। ਉਨ੍ਹਾਂ ਨੂੰ ਛੇ ਬਦਮਾਸ਼ਾਂ ਰੋਕ ਕੇ ਲੁੱਟ ਲਿਆ ਅਤੇ ਇੱਕ ਮਹਿਲਾ ਨਾਲ ਸਮੂਹਿਕ ਬਲਾਤਕਾਰ ਕੀਤਾ। ਦੋ ਬਲਾਤਕਾਰੀ ਫ਼ੜੇ ਗਏ। ਜੇ ਇਹ ਹਾਲ ਇੰਦੌਰ ਦਾ ਹੈ, ਫ਼ਿਰ ਅਸੀਂ ਸੁਰੱਖਿਅਤ ਕਿੱਥੇ ਹਾਂ ? ਜਿੰਨਾ ਅਸੀਂ ਵੱਖ-ਵੱਖ ਖੇਤਰਾਂ ਵਿੱਚ ਤਰੱਕੀ ਕਰਨ ਲਈ ਯਤਨਸ਼ੀਲ ਹਾਂ, ਓਨਾ ਅਸੀਂ ਕਈ ਮਾਮਲਿਆਂ ਵਿੱਚ ਨਿਵਾਣਾ ਛੂਹ ਰਹੇ ਹਾਂ। ਖ਼ਬਰਾਂ ਮੁਤਾਬਕ ਛੱਤੀਸਗੜ੍ਹ ਸੂਬੇ ਦੇ ਸਕੂਲਾਂ ਵਿੱਚ ਵਿਦਿਆਰਥੀ ਅਤੇ ਵਿਦਿਆਰਥਣਾਂ ਬੀਅਰ ਅਤੇ ਸ਼ਰਾਬ ਪੀਣ ਤਕ ਪਹੁੰਚ ਗਏ ਹਨ। ਅਜਿਹੇ ਹਾਲਤਾਂ ਵਿੱਚ ਤੁਸੀਂ ਆਉਣ ਵਾਲੀ ਪੀੜ੍ਹੀ ਤੋਂ ਕੀ ਆਸ ਰੱਖ ਸਕਦੇ ਹੋ।

ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਅਜਿਹੀਆਂ ਘਿਨਾਉਣੀਆਂ ਆਦਤਾਂ ਫ਼ੈਲੀਆਂ ਹੋਈਆਂ ਹਨ, ਉਨ੍ਹਾਂ ਨੂੰ ਨੱਥ ਪਾਉਣ ਲਈ ਸਭ ਵੱਲੋਂ ਸਾਂਝੇ ਯਤਨ ਸ਼ੁਰੂ ਕਰਨੇ ਪੈਣਗੇ। ਅੰਧ-ਵਿਸ਼ਵਾਸਾਂ ਖ਼ਿਲਾਫ਼ ਸਾਂਝੇ ਤੌਰ ’ਤੇ ਯਤਨ ਕਰਨੇ ਹੋਣਗੇ। ਉਂਝ ਵੀ ਭਾਰਤੀ ਸੰਵਿਧਾਨ ਦੇ ਅਨੁਛੇਦ ‘51-ਏ’ ਮੁਤਾਬਕ ਸਭ ਦੇਸ਼ ਵਾਸੀਆਂ ਨੂੰ ਅੰਧ-ਵਿਸ਼ਵਾਸ ਅਤੇ ਪਾਖੰਡ ਦੇ ਖ਼ਿਲਾਫ਼ ਲਿਖਣ ਅਤੇ ਬੋਲਣੇ ਦਾ ਸੰਪੂਰਨ ਹੱਕ ਹੈ। ਸਾਨੂੰ ਸਭ ਨੂੰ ਸਮਾਜ ਨੂੰ ਜਾਗ੍ਰਿਤ ਕਰਨ ਲਈ ਇਸ ਅਧਿਕਾਰ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਸਾਡਾ ਵੀ ਆਪਣੇ ਵਿੱਤ ਮੁਤਾਬਕ ਹਿੱਸਾ ਪੈਂਦਾ ਰਹੇ। ਲੰਮੀ ਲੜਾਈ ਬਹੁਤ ਲੜਨ ਦੀ ਲੋੜ ਹੈ। ਅਗਰ ਬਹੁਤਿਆਂ ਵੱਲੋਂ ਰਲ ਕੇ ਹੰਭਲਾ ਮਾਰਿਆ ਜਾਵੇ ਤਾਂ ਇਸ ਨਾ-ਮੁਰਾਦ ਬਿਮਾਰੀ ਨੂੰ ਘਟਾਉਣ ਵਿੱਚ ਅਸੀਂ ਆਪਣਾ ਹਿੱਸਾ ਪਾ ਕੇ ਮਾਣ ਮਹਿਸੂਸ ਕਰਾਂਗੇ।

# ਪੰਚ ਪ੍ਰਧਾਨੀ ਦਾ ਮੁੱਢ ਬੰਨ੍ਹਣ ਵਾਲੀਆਂ ਚੋਣਾਂ




ਜਗਦੇਵ ਸ਼ਰਮਾ ਬੁਗਰਾ

ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਇਸ ਲੋਕਤੰਤਰ ਦੀ ਮੁੱਢਲੀ ਇਕਾਈ ਹੈ ਪੰਚਾਇਤ। ਵੱਡੇ-ਵੱਡੇ ਲੀਡਰ ਪੰਚਾਇਤ ਦੀ ਮੈਂਬਰੀ ਜਾਂ ਫ਼ਿਰ ਪਿੰਡ ਦੀ ਸਰਪੰਚੀ ਨੂੰ ਪੌੜੀ ਦਾ ਪਹਿਲਾ ਡੰਡਾ ਬਣਾ ਕੇ ਸਿਆਸਤ ਦੀਆਂ ਉੱਚਾਈਆਂ ਨੂੰ ਛੂਹ ਸਕੇ ਹਨ। ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਤੇ ਮਰਹੂਮ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨੇ ਵੀ ਸਿਆਸਤ ਦਾ ਸਫ਼ਰ ਸਰਪੰਚੀ ਤੋਂ ਹੀ ਸ਼ੁਰੂ ਕੀਤਾ ਸੀ। ਵਾਕਿਆ ਹੀ ਪੰਚਾਇਤ ਸਿਆਸਤ ਦੀ ਪਹਿਲੀ ਜਮਾਤ ਹੈ। ਬਲਵੰਤ ਰਾਏ ਮਹਿਤਾ ਨੂੰ ਭਾਰਤ ਵਿਚਲੇ ਪੰਚਾਇਤੀ ਰਾਜ ਦਾ ਪਿਤਾਮਾ ਮੰਨਿਆ ਜਾਂਦਾ ਹੈ।

ਪਿੰਡ ਪੰਚਾਇਤ ਦਾ ਪਿਛੋਕੜ ਵੇਦਾਂ ਜਿੰਨਾ ਹੀ ਪੁਰਾਣਾ ਹੈ। ਅੰਗਰੇਜ਼ ਹਕੂਮਤ ਨੇ ਭਾਰਤੀ ਪੇਂਡੂ ਐਕਟ 1883 ਲਿਆਂਦਾ ਸੀ। ਆਜ਼ਾਦ ਭਾਰਤ ਦੀ ਸਰਕਾਰ ਨੇ ਪਹਿਲਾ ਦੇਸੀ ਪੰਚਾਇਤੀ ਕਾਨੂੰਨ 1959 ਵਿੱਚ ਪਾਸ ਕੀਤਾ ਸੀ। ਸਮੇਂ ਦੇ ਹਾਣ ਦਾ ਬਣਾਉਣ ਲਈ 1993 ਵਿੱਚ ਸੰਵਿਧਾਨ ਦੀ 73 ਵੀ ਸੋਧ ਦੁਆਰਾ ਭਾਰਤੀ ਪੰਚਾਇਤੀ ਕਾਨੂੰਨ ’ਚ ਵਿਆਪਕ ਤਬਦੀਲੀਆਂ ਕੀਤੀਆਂ ਗਈਆਂ।

ਇਸੇ ਸੋਧ ਜ਼ਰੀਏ ਪੰਚਾਇਤ ਦੀ ਭੂਮਿਕਾ ਤੇ ਜ਼ਿੰਮੇਵਾਰੀਆਂ ਨਿਰਧਾਰਤ ਕੀਤੀਆਂ ਗਈਆਂ। ਇਸ ਸਭ ਤੋਂ ਹੇਠਲੀ ਇਕਾਈ ਦੀ ਚੋਣ ਸੰਬਧਿਤ ਪਿੰਡ ਦੇ ਵੋਟਰਾਂ ਦੁਆਰਾ ਹਰੇਕ ਪੰਜ ਸਾਲਾਂ ਪਿੱਛੋਂ ਕੀਤੀ ਜਾਂਦੀ ਹੈ ਤੇ ਰਾਜ ਚੋਣ ਕਮਿਸ਼ਨ ਇਸ ਚੋਣ ਨੂੰ ਨੇਪਰੇ ਚਾੜ੍ਹਨ ਦਾ ਕੰਮ ਕਰਦਾ ਹੈ। ਕਈ ਰਾਜਾਂ ਨੇ ਸਰਪੰਚ ਤੇ ਪੰਚਾਇਤ ਮੈਂਬਰਾਂ ਦੀ ਵਿੱਦਿਅਕ ਯੋਗਤਾ ਨਿਰਧਾਰਤ ਕੀਤੀ ਹੋਈ ਹੈ ਪ੍ਰੰਤੂ ਪੰਜਾਬ ’ਚ ਐਸਾ ਨਹੀਂ ਹੈ।

ਪੰਜਾਬ ਰਾਜ ਨੇ ਵੀ 73ਵੀਂ ਸੋਧ ਦੀਆਂ ਮੱਦਾਂ ਅਨੁਸਾਰ ਆਪਣਾ ਪੰਜਾਬ ਰਾਜ ਪੰਚਾਇਤੀ ਐਕਟ 1994 ਪਾਸ ਕੀਤਾ। ਪੰਜਾਬ ’ਚ ਪੰਚਾਇਤ ਸਿਸਟਮ ਤਿੰਨ ਪੱਧਰੀ ਹੈ- ਪੰਚਾਇਤ, ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ। ਪੰਚਾਇਤ ਮੈਂਬਰ ਅਤੇ ਸਰਪੰਚ ਰਾਜਨੀਤਕ ਹੁੰਦੇ ਹਨ ਤੇ ਪ੍ਰਸ਼ਾਸਨ ਦਾ ਨੁਮਾਇੰਦਾ ਪੰਚਾਇਤ ਸਕੱਤਰ। ਬਲਾਕ ਪੱਧਰ ’ਤੇ ਬਲਾਕ ਸਮਿਤੀ ਦਾ ਚੇਅਰਮੈਨ ਰਾਜਨੀਤਕ ਹੁੰਦਾ ਹੈ ਤੇ ਬੀਡੀਪੀਓ ਪ੍ਰਸ਼ਾਸਕੀ ਅਧਿਕਾਰੀ ਹੁੰਦਾ ਹੈ।



ਜ਼ਿਲ੍ਹਾ ਪੱਧਰ ਉੱਤੇ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਸਿਆਸੀ ਵਿਅਕਤੀ ਹੈ ਤੇ ਡੀਡੀਪੀਓ ਸਰਕਾਰ ਦਾ ਪ੍ਰਤੀਨਿਧ। ਮਹਿਲਾ ਸਸ਼ਕਤੀਕਰਨ ਤੇ ਅਨੁਸੂਚਿਤ ਜਾਤੀਆਂ ਨੂੰ ਪੰਚਾਇਤੀ ਸਿਸਟਮ ਵਿੱਚ ਉੱਚਿਤ ਪ੍ਰਤੀਨਿਧਤਾ ਦੇਣ ਲਈ ਸੰਵਿਧਾਨ ਵਿੱਚ 73ਵੀਂ ਸੋਧ ਕਰ ਕੇ ਸੀਟਾਂ ਦੀ ਵਿਵਸਥਾ ਕੀਤੀ ਗਈ ਹੈ।

ਸੰਵਿਧਾਨ ਦੀ ਧਾਰਾ 243-ਡੀ ਦੀ ਧਾਰਾ (3) ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨੂੰ ਸਿੱਧੇ ਚੋਣਾਂ ਅਤੇ ਪੰਚਾਇਤਾਂ ਦੇ ਪ੍ਰਧਾਨਾਂ ਦੇ ਅਹੁਦਿਆਂ ਦੀ ਸਿੱਧੀ ਚੋਣ ਰਾਹੀਂ ਭਰੀਆਂ ਜਾਣ ਵਾਲੀਆਂ ਕੁੱਲ ਸੀਟਾਂ ਵਿੱਚੋਂ ਮਹਿਲਾਵਾਂ ਲਈ ਘੱਟੋ-ਘੱਟ ਇੱਕ ਤਿਹਾਈ ਸੀਟਾਂ ਦੇ ਰਾਖਵਾਂਕਰਨ ਨੂੰ ਯਕੀਨੀ ਬਣਾਉਂਦੀਹੈ। ਧਾਰਾ 243 ਡੀ ਦੀ ਕਲਾਜ਼ (4) ਦੇ ਸੰਦਰਭ ਅਨੁਸਾਰ ਪਿੰਡ ਜਾਂ ਕਿਸੇ ਹੋਰ ਪੱਧਰ ’ਤੇ ਪੰਚਾਇਤਾਂ ’ਚ ਚੇਅਰਪਰਸਨਾਂ ਦੇ ਪਦ ਐੱਸਸੀ, ਐੱਸਟੀ ਤੇ ਮਹਿਲਾਵਾਂ ਲਈ ਰਾਖਵੇਂ ਹੋਣਗੇ।

ਪਿੰਡ ਦਾ ਸਰਬਪੱਖੀ ਵਿਕਾਸ ਜਿਸ ਵਿੱਚ ਪਿੰਡ ਵਾਲਿਆਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ, ਸਿਹਤ ਸਹੂਲਤਾਂ ਦਾ ਖ਼ਿਆਲ ਰੱਖਣਾ, ਪਿੰਡ ’ਚ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰਨਾ, ਗਲੀਆਂ-ਨਾਲੀਆਂ ਬਣਵਾਉਣਾ, ਜਨਮ-ਮੌਤ ਦਾ ਰਿਕਾਰਡ ਰੱਖਣਾ, ਪਿੰਡ ਦੇ ਵਿਕਾਸ ਲਈ ਟੈਕਸ ਲਾਉਣਾ ਅਤੇ ਉਗਰਾਹਣਾ, ਪਿੰਡ ਦੀ ਸਾਂਝੀ ਸੰਪਤੀ ਦੀ ਸਾਂਭ-ਸੰਭਾਲ ਦਾ ਕੰਮ ਕਰਨਾ ਤੇ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਬੇਰੁਜ਼ਗਾਰਾਂ ਲਈ ਰੁਜ਼ਗਾਰ ਦੀਆਂ ਸਕੀਮਾਂ (ਮਨਰੇਗਾ ਵਗੈਰਾ) ਨੂੰ ਲਾਗੂ ਕਰਨਾ ਆਦਿ ਪੰਚਾਇਤ ਦੇ ਮੁੱਢਲੇ ਕੰਮਾਂ ’ਚੋਂ ਹੁੰਦੇ ਹਨ।

ਪੰਚਾਇਤ ਦਾ ਮੁਖੀਆ ਜਿਸ ਨੂੰ ਸਰਪੰਚ ਕਿਹਾ ਜਾਂਦਾ ਹੈ, ਆਪਣੇ ਸਾਥੀ ਪੰਚਾਇਤ ਮੈਂਬਰਾਂ ਦੇ ਸਹਿਯੋਗ ਨਾਲ ਇਹ ਸਾਰੇ ਕੰਮ ਕਰਦਾ ਹੈ। ਇੱਕ ਸਰਕਾਰੀ ਕਰਮਚਾਰੀ (ਪੰਚਾਇਤ ਸਕੱਤਰ) ਪ੍ਰਸ਼ਾਸਨ ਅਤੇ ਪੰਚਾਇਤ ਵਿਚਕਾਰ ਕੜੀ ਦਾ ਕੰਮ ਕਰਦਾ ਹੈ। ਸਰਪੰਚ ਨੂੰ 1200 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਵੀ ਮਿਲਦੀ ਹੈ। ਸਰਪੰਚ ਸਰਕਾਰੀ ਅਫ਼ਸਰਾਂ ਤੇ ਪਿੰਡ ਦੇ ਲੋਕਾਂ ਦਰਮਿਆਨ ਸੰਪਰਕ ਦਾ ਕੇਂਦਰ ਹੈ। ਭਾਰਤੀ ਸੰਵਿਧਾਨ ਪੰਚਾਇਤਾਂ ਨੂੰ ਨਾਮਾਤਰ ਨਿਆਇਕ ਸ਼ਕਤੀਆਂ ਵੀ ਪ੍ਰਦਾਨ ਕਰਦਾ ਹੈ।

ਚੈਪਟਰ 4, ਪੰਚਾਇਤੀ ਰਾਜ ਐਕਟ 1994 ਗ੍ਰਾਮ ਪੰਚਾਇਤ ਦੇ ਜੁਡੀਸ਼ੀਅਲ ਫ਼ੰਕਸ਼ਨ ਨਾਲ ਸਬੰਧਿਤ ਹੈ। ਸੀਪੀਸੀ 1973 ਦੀ ਕਲਾਜ਼ 178 ਤੋਂ 181 ਤੱਕ, ਇਹ ਫ਼ੈਸਲਾ ਕਰਦੀਆਂ ਹਨ ਕਿ ਕਿਹੜਾ ਕੇਸ ਪੰਚਾਇਤ ਦੀ ਪਾਵਰ ਅਧੀਨ ਆਉਂਦਾ ਹੈ। ਕੁਝ ਕੁ ਦੀਵਾਨੀ ਝਗੜੇ ਜਿਨ੍ਹਾਂ ’ਚ ਸੰਪਤੀ ਨਾਲ ਸਬੰਧਿਤ ਝਗੜੇ, ਪਰਿਵਾਰਕ ਝਗੜੇ, ਜ਼ਮੀਨ ਨਾਲ ਸੰਬਧਿਤ ਮੁੱਦੇ ਤੇ ਛੋਟੇ-ਮੋਟੇ ਫ਼ੌਜਦਾਰੀ ਝਗੜਿਆਂ ਦਾ ਨਿਪਟਾਰਾ ਪੰਚਾਇਤ ਕਰ ਸਕਦੀ ਹੈ।

ਅਜਿਹੇ ਕੇਸਾਂ ’ਚ ਪੰਚਾਇਤ ਦਾ ਰਵੱਈਆ ਜ਼ਿਆਦਾਤਰ ਸਮਝੌਤਾਵਾਦੀ ਹੁੰਦਾ ਹੈ। ਸੰਨ 2010 ਵਿੱਚ ਮਹਿੰਦਰ ਨਾਥ ਬਨਾਮ ਸ਼ੀਲਾ ਦੇਵੀ ਦੇ ਮੁਕੱਦਮੇ ਦਾ ਫ਼ੈਸਲਾ ਸੁਣਾਉਂਦਿਆਂ ਦੇਸ਼ ਦੀ ਸਰਬਉੱਚ ਅਦਾਲਤ ਨੇ ਕਿਹਾ ਸੀ ਕਿ ਪੰਚਾਇਤ ਦੇ ਅਜਿਹੇ ਫ਼ੈਸਲੇ ਜਿਹੜੇ ਕਿਸੇ ਜੋੜੇ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹੋਣ, ਨੂੰ ਕੋਈ ਕਾਨੂੰਨੀ ਮਾਨਤਾ ਨਹੀਂ ਹੁੰਦੀ ਭਾਵੇਂ ਸਮਾਜ ਅਜਿਹੇ ਫ਼ੈਸਲੇ ਨੂੰ ਮਾਨਤਾ ਦਿੰਦਾ ਹੋਵੇ। ਇਸੇ ਤਰ੍ਹਾਂ ਪੰਚਾਇਤੀ ਵਿਆਹ ਤੇ ਪੰਚਾਇਤੀ ਤਲਾਕ ਹਿੰਦੂ ਵਿਆਹ ਕਾਨੂੰਨ 1955 ਦੀ ਉਲੰਘਣਾ ਮੰਨਿਆ ਜਾਵੇਗਾ। ਪੰਚਾਇਤ ਕਿਸੇ ਨੂੰ ਜੇਲ੍ਹ ਨਹੀਂ ਭੇਜ ਸਕਦੀ। ਦੋ ਸੌ ਰੁਪਏ ਤੱਕ ਦਾ ਜੁਰਮਾਨਾ ਜਾਂ ਨੁਕਸਾਨ ਦੇ ਦੁੱਗਣੇ, ਜਿਹੜਾ ਵੀ ਜ਼ਿਆਦਾ ਹੈ, ਤੱਕ ਦਾ ਜੁਰਮਾਨਾ ਕਰ ਸਕਦੀ ਹੈ।

ਕੋਈ ਵੀ ਅਪਰਾਧਕ ਮਾਮਲਾ ਜਿਹੜਾ ਕਿਸੇ ਕੋਰਟ ’ਚ ਸੁਣਵਾਈ ਅਧੀਨ ਹੈ, ਪੰਚਾਇਤ ਉਸ ’ਤੇ ਸੁਣਵਾਈ ਨਹੀਂ ਕਰੇਗੀ। ਪੰਚਾਇਤਾਂ ਕੋਲ ਸੀਮਤ ਸ਼ਕਤੀਆਂ ਹੋਣ ਕਾਰਨ ਹੀ ਕਿਸੇ ਸਿਆਣੇ ਨੇ ਆਹ ਕਹਾਵਤ ਘੜੀ ਹੋਵੇਗੀ ਕਿ ‘ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਓਥੇ ਦਾ ਓਥੇ’। ਖਾਪ ਪੰਚਾਇਤਾਂ ਦਾ ਜ਼ਿਕਰ ਕੀਤੇ ਬਿਨਾਂ ਰਚਨਾ ਅਧੂਰੀ ਹੋਵੇਗੀ। ਖਾਪ ਪੰਚਾਇਤਾਂ ਆਮ ਤੌਰ ’ਤੇ ਸਮਾਜਿਕ, ਰਾਜਨੀਤਕ ਸਮੂਹ ਹੁੰਦੀਆਂ ਹਨ।

ਖਾਪ ਪੰਚਾਇਤਾਂ ਦਾ ਜ਼ਿਆਦਾ ਬੋਲਬਾਲਾ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਕੁਝ ਕੁ ਹਿੱਸਿਆਂ ਵਿੱਚ ਹੈ। ਉੱਚੀਆਂ ਜਾਤਾਂ ਦੇ ਸਿਆਣੇ ਬਜ਼ੁਰਗ ਖਾਪ ਪੰਚਾਇਤ ਦੇ ਆਪੂੰ ਬਣੇ ਮੈਂਬਰ ਹੁੰਦੇ ਹਨ। ਆਮ ਤੌਰ ’ਤੇ ਮੈਂਬਰਾਂ ਦੀ ਗਿਣਤੀ 10 ਤੋਂ 15 ਹੁੰਦੀ ਹੈ। ਇਹ ਮੈਂਬਰ ਆਪਣੇ-ਆਪ ਹੀ ਸਮਾਜਿਕ ਰਸਮਾਂ ਆਧਾਰਤ ਕਾਨੂੰਨ ਘੜਦੇ ਹਨ। ਇਨ੍ਹਾਂ ਪੰਚਾਇਤਾਂ ਦੇ ਫ਼ੈਸਲਿਆਂ ਨੂੰ ਕੋਈ ਕਾਨੂੰਨੀ ਮਾਨਤਾ ਉਪਲਬਧ ਨਹੀਂ ਹੁੰਦੀ। ਜਦੋਂ ਕੋਈ ਇੱਕੋ ਗੋਤਰ ਦੇ ਮੁੰਡਾ-ਕੁੜੀ ਜਾਂ ਇੱਕੋ ਪਿੰਡ ਦਾ ਕੋਈ ਅਜਿਹਾ ਜੋੜਾ ਪ੍ਰੇਮ ਵਿਆਹ ਕਰ ਲੈਂਦਾ ਹੈ ਤਾਂ ਇਹ ਖਾਪ ਪੰਚਾਇਤਾਂ ਤੁਰੰਤ ਹਰਕਤ ’ਚ ਆਉਂਦੀਆਂ ਹਨ ਤੇ ਸਬੰਧਿਤ ਜੋੜੇ ਅਤੇ ਉਸ ਦੇ ਪਰਿਵਾਰ ਨੂੰ ਅਣਮਨੁੱਖੀ ਸਜ਼ਾ ਦਾ ਫ਼ੈਸਲਾ ਸੁਣਾਉਂਦੀਆਂ ਹਨ।

ਅਣਖ ਖ਼ਾਤਰ ਕਤਲ ਅਜਿਹੇ ਫ਼ੈਸਲਿਆਂ ਦੀ ਹੀ ਦੇਣ ਹੁੰਦੇ ਹਨ। ਪਿੰਡਾਂ ’ਚ ਗ੍ਰਾਮ ਸਭਾ ਦਾ ਸੰਕਲਪ ਕਿਸੇ ਵੇਲੇ ਦੇ ਕੇਂਦਰੀ ਵਜ਼ੀਰ ਮਣੀਸ਼ੰਕਰ ਅਈਅਰ ਦੀ ਦੇਣ ਹੈ। ਉਹ ਸੰਸਥਾ ਜਿਸ ’ਚ ਪਿੰਡ ਦੇ ਸਾਰੇ ਵੋਟਰ ਸਥਾਈ ਮੈਂਬਰ ਹੁੰਦੇ ਹਨ, ਗ੍ਰਾਮ ਸਭਾ ਅਖਵਾਉਂਦੀ ਹੈ।

(ਬਾਕੀ ਸਫ਼ਾ 31 ’ਤੇ)



# ਆਪਣਾ ਪੰਜਾਬ ਹੋਵੇ...

# ਪ੍ਰਦੇਸੀਆਂ ਦੇ ਦਿਲਾਂ 'ਚ ਵਸਦਾ ਹੈ ਪੰਜਾਬ

## ਵਿਦੇਸ਼ਾਂ 'ਚ ਵੀ ਮਨਾਏ ਜਾਂਦੇ ਨੇ ਪੰਜਾਬ ਦੇ ਮੇਲੇ ਤੇ ਤਿਉਹਾਰ




**ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋ ਚੁੱਕਿਆ ਹੈ, ਜਿਸ ਕਰਕੇ ਹਰ ਪਾਸੇ ਤਿਉਹਾਰੀ ਰੌਣਕਾਂ ਲੱਗੀਆਂ ਨਜ਼ਰ ਆ ਰਹੀਆਂ ਹਨ। ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵਸੇ ਵੱਡੀ ਗਿਣਤੀ ਪੰਜਾਬੀ ਵੀ ਪੰਜਾਬ ਦੀਆਂ ਇਹਨਾਂ ਰੌਣਕਾਂ ਦਾ ਹਿੱਸਾ ਬਣਨ ਲਈ ਯਤਨ ਕਰ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਗੰਨੇ ਅਤੇ ਝੋਨੇ ਦੀ ਫ਼ਸਲ ਪੱਕ ਚੁੱਕੀ ਹੈ। ਪੰਜਾਬ ਦੇ ਖੇਤਾਂ ਵਿੱਚ ਪੱਕੀਆਂ ਫ਼ਸਲਾਂ ਅਤੇ ਪਿੰਡਾਂ ਦੀ ਤਾਜ਼ਾ ਆਬੋ ਹਵਾ ਦਾ ਆਨੰਦ ਲੈਣ ਲਈ ਅਨੇਕਾਂ ਐਨ.ਆਰ.ਆਈ. ਪੰਜਾਬੀ ਵਿਦੇਸ਼ਾਂ ਤੋਂ ਪੰਜਾਬ ਆ ਰਹੇ ਹਨ। ਨਵੀਂ ਦਿੱਲੀ ਦੇ ਏਅਰਪੋਰਟ ਤੋਂ ਪੰਜਾਬ ਨੂੰ ਆਉਂਦੀਆਂ ਕਾਰਾਂ-ਟੈਕਸੀਆਂ ਵਿੱਚ ਸਵਾਰ ਹੋ ਕੇ ਪੰਜਾਬ ਆਉਂਦੇ ਐਨ.ਆਰ.ਆਈ.ਪੰਜਾਬੀ ਇਸ ਦੇ ਗਵਾਹ ਹਨ।**



ਪੰਜਾਬੀ ਖਾਸ ਕਰਕੇ ਸਿੱਖ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਰਹਿੰਦੇ ਹੋਣ, ਉਹਨਾਂ ਦੇ ਪੇਕੇ ਜਾਂ ਜੱਦੀ ਘਰ ਪੰਜਾਬ ਵਿੱਚ ਹੀ ਹੁੰਦੇ ਹਨ। ਦੇਸ਼ਾਂ ਪਰਦੇਸਾਂ ਵਿੱਚ ਰਹਿੰਦਿਆਂ ਵੀ ਪੰਜਾਬੀ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਨਾਲ ਜੁੜੇ ਰਹਿਣ ਦਾ ਯਤਨ ਕਰਦੇ ਹਨ ਅਤੇ ਉਹਨਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੀਆਂ ਜੜ੍ਹਾਂ ਪੰਜਾਬ ਵਿੱਚ ਹੀ ਹਨ। ਇਸੇ ਕਾਰਨ ਕਈ ਵਾਰ ਸੱਤ ਸਮੁੰਦਰ ਪਾਰ ਬੈਠੇ ਪੰਜਾਬੀ ਆਪਣੇ ਪੰਜਾਬ ਲਈ ਦੁਆਵਾਂ ਮੰਗਦੇ ਰਹਿੰਦੇ ਹਨ ਅਤੇ ਪੰਜਾਬ ਜ਼ਰੂਰ ਆਉਣਾ ਚਾਹੁੰਦੇ ਹਨ। ਵੱਖ- ਵੱਖ ਮੁਲਕਾਂ ਵਿੱਚ ਕਈ ਦਹਾਕਿਆਂ ਤੋਂ ਰਹਿ ਰਹੇ ਪੰਜਾਬੀਆਂ ਨੂੰ ਪੰਜਾਬ ਬਹੁਤ ਯਾਦ ਆਉਂਦਾ ਹੈ।

ਸੱਤ ਪਾਣੀਆਂ ਦੇ ਓਹਲੇ ਵਸੇ ਵੱਖ- ਵੱਖ ਮੁਲਕਾਂ ਵਿੱਚ ਬੈਠੇ ਪੰਜਾਬੀ ਅਕਸਰ ਇਹ ਕਹਿੰਦੇ ਹਨ ਕਿ ਦੁਨੀਆਂ 'ਚ ਸਿਰਫ਼ ਪੰਜਾਬ ਹੀ ਅਜਿਹਾ ਇਲਾਕਾ ਹੈ, ਜਿਥੇ ਕਿ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ, ਜਿਸ ਕਰਕੇ ਪੰਜਾਬ ਦਾ ਪੌਣ ਪਾਣੀ ਵੱਖਰਾ ਹੀ ਹੈ। ਪੰਜਾਬ 'ਚ ਵਾਪਰਦੀ ਹਰ ਘਟਨਾ ਦਾ ਪਰਦੇਸਾਂ 'ਚ ਬੈਠੇ ਪੰਜਾਬੀਆਂ 'ਤੇ ਡੂੰਘਾ ਅਸਰ ਹੁੰਦਾ ਹੈ ਅਤੇ ਉਹ ਅਕਸਰ ਪੰਜਾਬ ਦੇ ਮੌਜੂਦਾ ਹਾਲਾਤ ਵੇਖ ਕੇ ਪੰਜਾਬ ਲਈ ਦੁਆਵਾਂ ਮੰਗਦੇ ਹਨ।

ਸੱਤ ਸਮੁੰਦਰ ਪਾਰ ਵੱਖ- ਵੱਖ ਆਧੁਨਿਕ ਮੁਲਕਾਂ ਵਿੱਚ ਬੈਠੇ ਪੰਜਾਬੀਆਂ ਨਾਲ ਗੱਲਬਾਤ ਕਰਨ ਦੌਰਾਨ ਇਹ ਗੱਲ ਉੱਭਰ ਕੇ ਆਈ ਕਿ ਵਿਦੇਸ਼ਾਂ ਵਿੱਚ ਪੰਜਾਬੀਆਂ ਨੇ ਸਖ਼ਤ ਮਿਹਨਤ ਕਰਕੇ ਡਾਲਰ/ਪੌਂਡ ਤਾਂ ਕਮਾ ਲਏ ਪਰ ਆਪਣੇ ਪੰਜਾਬ ਨੂੰ ਛੱਡਣ ਦਾ ਦੁੱਖ ਉਹਨਾਂ ਨੂੰ ਅਜੇ ਵੀ ਹੈ। ਉਹਨਾਂ ਦਾ ਕਹਿਣਾ ਹੈ ਕਿ





ਵਿਦੇਸ਼ਾਂ ਵਿੱਚ ਮਿਹਨਤਾਂ ਦਾ ਮੁੱਲ ਤਾਂ ਪੈ ਜਾਂਦਾ ਹੈ ਅਤੇ ਮਿਹਨਤ ਕਰਕੇ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਉਹਨਾਂ ਦੇ ਮਨਾਂ ਅੰਦਰ ਪੰਜਾਬ ਪੂਰੀ ਤਰ੍ਹਾਂ ਵਸਿਆ ਹੋਇਆ ਹੈ। ਪੰਜਾਬ ਦੀ ਵਾਰ ਵਾਰ ਯਾਦ ਆਉਣ ਕਾਰਨ ਹੀ ਅਨੇਕਾਂ ਪੰਜਾਬੀਆਂ ਨੇ ਹਿੰਮਤ ਕਰਕੇ ਵੱਖ- ਵੱਖ ਮੁਲਕਾਂ 'ਚ ਇੱਕ ਤਰ੍ਹਾਂ ਮਿੰਨੀ ਪੰਜਾਬ ਵਸਾਏ ਹੋਏ ਹਨ ਅਤੇ ਪੰਜਾਬ ਦੇ ਗੀਤ ਰਿਵਾਜ਼ ਉਥੇ ਪੰਜਾਬੀ ਤਰੀਕਿਆਂ ਨਾਲ ਹੀ ਮਨਾਏ ਜਾਂਦੇ ਹਨ। ਪੰਜਾਬ ਨੂੰ ਮੇਲਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਪੰਜਾਬ ਦੇ ਕਈ ਮੇਲੇ ਤਾਂ ਜਗਤ ਪ੍ਰਸਿੱਧ ਹਨ। ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਤੀਆਂ ਤੇ ਰੱਖੜੀ ਦੇ ਤਿਉਹਾਰ ਤੋਂ ਤਿਉਹਾਰੀ ਸੀਜਨ ਦੀ ਸ਼ੁਰੂਆਤ ਮੰਨੀ ਜਾਂਦੀ ਹੈ, ਜੋ ਕਿ ਲੋਹੜੀ ਦੇ ਤਿਉਹਾਰ ਤੱਕ ਚਲਦਾ ਰਹਿੰਦਾ ਹੈ। ਪੂਰਾ ਸਾਲ ਪੰਜਾਬ ਵਿੱਚ ਜੋ ਮੇਲੇ ਤੇ ਤਿਉਹਾਰ ਮਨਾਏ ਜਾਂਦੇ ਹਨ, ਉਹ ਦੁਨੀਆਂ ਦੇ ਵੱਖ- ਵੱਖ ਮੁਲਕਾਂ 'ਚ ਰਹਿੰਦੇ ਪੰਜਾਬੀਆਂ ਵੱਲੋਂ ਉਹਨਾਂ ਮੁਲਕਾਂ ਵਿੱਚ ਵੀ ਮਨਾਏ ਜਾਂਦੇ ਹਨ। ਵਿਦੇਸ਼ਾਂ ਦੀ ਬੇਗਾਨੀ ਧਰਤੀ 'ਤੇ ਮਨਾਏ ਜਾਂਦੇ ਪੰਜਾਬੀ ਮੇਲਿਆਂ ਤੇ ਤਿਉਹਾਰਾਂ ਨੂੰ ਵਿਦੇਸ਼ੀ ਲੋਕ ਬਹੁਣ ਧਿਆਨ ਨਾਲ ਵੇਖਦੇ ਹਨ। ਕਈ ਗੋਰੇ ਲੋਕ ਵੀ ਪੰਜਾਬੀਆਂ ਦੇ ਮੇਲਿਆਂ ਵਿੱਚ ਸ਼ਾਮਲ ਹੋ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਵਿਦੇਸ਼ਾਂ ਵਿੱਚ ਹੁਣ ਪੰਜਾਬੀਆਂ ਵੱਲੋਂ ਖੇਡ ਮੇਲੇ ਵੀ ਕਰਵਾਏ ਜਾਂਦੇ ਹਨ, ਜਿਹਨਾਂ ਵਿੱਚ ਪੰਜਾਬੀ ਖਿਡਾਰੀ ਤੇ ਖਿਡਾਰਨਾਂ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ। ਸਾਵਣ ਮਹੀਨੇ ਵੱਖ ਵੱਖ ਮੁਲਕਾਂ ਵਿੱਚ ਵਸਦੀਆਂ ਪੰਜਾਬਣਾਂ ਵੱਲੋਂ ਗੋਰਿਆਂ ਦੀ ਧਰਤੀ 'ਤੇ ਤੀਆਂ ਦੇ ਮੇਲੇ ਵੀ ਲਗਾਏ ਜਾਂਦੇ ਹਨ, ਜਿਥੇ ਕਿ ਪੰਜਾਬਣਾਂ ਗਿੱਧਾ ਪਾਉਂਦੀਆਂ, ਪੀਂਘਾਂ ਝੂਟਦੀਆਂ ਹਨ। ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਵੀ ਥਾਂ ਥਾਂ ਮਿੰਨੀ ਪੰਜਾਬ ਵਸਾਏ ਹੋਏ ਹਨ। ਕੈਨੇਡਾ ਵਰਗੇ ਦੇਸ਼ਾਂ ਵਿੱਚ ਤਾਂ ਕਈ ਸ਼ਹਿਰ ਪੰਜਾਬੀਆਂ ਦੇ ਗੜ੍ਹ ਮੰਨੇ ਜਾਂਦੇ ਹਨ, ਜਿਥੇ ਕਿ ਪੰਜਾਬੀਆਂ ਦੀ ਬਹੁਗਿਣਤੀ ਹੈ ਤੇ ਗੋਰੇ ਲੋਕ ਘੱਟ ਹਨ। ਪੰਜਾਬ ਤੋਂ ਪਹਿਲਾਂ ਸਿਰਫ਼ ਦੋਆਬੇ ਦੇ ਲੋਕ ਹੀ ਵਿਦੇਸ਼ ਜਾਂਦੇ ਸਨ। ਇਸ ਦਾ ਮੁੱਖ ਕਾਰਨ ਦੋਆਬਾ ਇਲਾਕੇ ਵਿੱਚ ਜ਼ਮੀਨਾਂ ਦੀ ਘਾਟ ਵੀ ਦੱਸਿਆ ਜਾਂਦਾ ਸੀ। ਦੋਆਬੇ ਦੇ ਲੋਕਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਬਹੁਤ ਤਰੱਕੀ ਕੀਤੀ ਅਤੇ ਵਿਦੇਸ਼ੀ ਡਾਲਰਾਂ ਤੇ ਪੌਂਡਾਂ ਨਾਲ ਦੋਆਬੇ ਦਾ ਵੀ ਵਿਕਾਸ ਕੀਤਾ। ਇਹੀ ਕਾਰਨ ਹੈ ਕਿ ਅੱਜਕੱਲ੍ਹ ਦੋਆਬਾ ਇਲਾਕੇ ਵਿੱਚ ਬਣੀਆਂ ਆਲੀਸ਼ਾਨ ਤੇ ਮਹੱਲਾਂ ਵਰਗੀਆਂ ਕੋਠੀਆਂ ਦੋਆਬੇ ਦੀ ਸ਼ਾਨ ਬਣੀਆਂ ਹੋਈਆਂ ਹਨ। ਉਸ ਤੋਂ ਬਾਅਦ ਪੰਜਾਬ ਦੇ ਮਾਝੇ ਤੇ ਮਾਲਵੇ ਤੋਂ ਵੀ ਪੰਜਾਬੀਆਂ ਦੇ ਜਹਾਜ਼ ਭਰ ਕੇ ਵਿਦੇਸ਼ ਜਾਣ ਲੱਗੇ। ਹੁਣ ਵਿਦੇਸ਼ਾਂ ਵਿੱਚ ਪੰਜਾਬ ਦਾ ਸਾਰਾ ਮਾਝਾ, ਮਾਲਵਾ ਤੇ ਦੋਆਬਾ ਇਕੱਠਾ ਹੋਇਆ ਬੈਠਾ ਹੈ। ਇਹ ਪੰਜਾਬੀ ਆਪਣੇ ਇਲਾਕੇ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਦੇ ਨਾਲ ਪੰਜਾਬ ਦੇ ਵਿਕਾਸ ਵਿੱਚ ਵੀ ਯੋਗਦਾਨ ਪਾਉਂਦੇ ਹਨ। ਇਹਨਾਂ ਪਰਦੇਸੀਆਂ ਦੇ ਦਿਲਾਂ ਵਿੱਚ ਪੰਜਾਬ ਵਸਦਾ ਹੈ। ਇਹ ਪਰਵਾਸੀ ਪੰਜਾਬੀ ਹਮੇਸ਼ਾ ਹੀ ਪੰਜਾਬ ਦਾ ਭਲਾ ਚਾਹੁੰਦੇ ਹਨ ਅਤੇ ਪੰਜਾਬੀ ਲਈ ਸੁੱਖਾਂ ਖੈਰਾਂ ਮੰਗਦੇ ਰਹਿੰਦੇ ਹਨ। ਪੰਜਾਬ ਨੂੰ ਵੀ ਆਪਣੇ ਪਰਦੇਸੀ ਪੁੱਤਰਾਂ 'ਤੇ ਬਹੁਤ ਮਾਣ ਹੈ।





# ਕਰਮਕਾਡਾਂ ਤੇ ਅੰਧ ਵਿਸ਼ਵਾਸਾਂ ਵਿੱਚ ਉਲਝਾਈ ਜਾ ਰਹੀ ਸਿੱਖ ਕੌਮ !



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
95920-93472

ਧੰਨ ਗੁਰੂ ਨਾਨਕ ਸਾਹਿਬ ਜੀ ਨੇ ਪਖੰਡਵਾਦ ਤੇ ਅੰਧ ਵਿਸ਼ਵਾਸ਼ਾਂ ਦੀ ਧੁੰਧ ਨੂੰ ਦੂਰ ਕਰਦਿਆਂ ਮਨੁੱਖ ਨੂੰ ਰੱਬੀ ਗਿਆਨ ਦਾ ਸਿੱਧਾ ਰਸਤਾ ਦਿੱਤਾ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੇ ਗਿਆਨ ਭਰਪੂਰ ਸ਼ਬਦਾਂ ਵਿੱਚ ਸਾਡੀ ਸਮਝ ਲਈ ਸੇਧ ਦੇਂਦੇ ਹਨ ' ਗੁਰਮੁਖ ਗਾਡੀ ਰਾਹੁ ਚਲੰਦਾ '।

ਸੋ ਆਪਾਂ ਕਹਿ ਸਕਦੇ ਹਾਂ ਕਿ ਰੱਬੀ ਗਿਆਨ ਦੇ ਸੂਰਜ ਨਾਲ ਕਰਮਕਾਂਡਾਂ, ਅੰਧ-ਵਿਸ਼ਵਾਸ਼ਾਂ ਤੇ ਸ਼ਖਸੀ ਪੂਜਾ ਦੀ ਸਦੀਆਂ ਤੋਂ ਪਸਰੀ ਸੰਘਣੀ ਧੁੰਧ ਨੂੰ ਦੂਰ ਕਰਕੇ ਮਨੁੱਖ ਲਈ ਸਹਜ ਸੌਖ ਵਾਲੀ ਜੀਵਨ ਜੁਗਤਿ ਵਾਲਾ ਮੋਕਲਾ ਰਸਤਾ ਦਿੱਤਾ ਹੈ। ਐਸੇ ਸਰਬ ਕਲਿਆਣ ਵਾਲੇ ਅਦੁੱਤੀ ਮਾਰਗ ਦੀ ਜਾਣਕਾਰੀ ਆਪਣੇ ਦਸਾਂ ਜਾਮਿਆਂ ਰਾਹੀਂ ਨਿਰੰਤਰ ਅਮਲੀ ਰੂਪ ਵਿੱਚ ਪੇਸ਼ ਕਰਕੇ ਜਗਤ ਦੇ ਪ੍ਰਾਣੀ ਨੂੰ ਜੀਵਨ ਜੀਊਣ ਦੀ ਸੇਧ ਦਿੱਤੀ। ਗੁਰਮਤਿ ਗਿਆਨ ਦੇ ਇਸ ਗਾਡੀ ਰਸਤੇ ਕਰੋੜਾਂ ਮਨੁੱਖ ਤੁਰਨ ਲਈ ਤਿਆਰ ਹੋ ਗਏ। ਸਭ ਨੇ ਆਪਣੇ ਪੁਰਖਿਆਂ ਕੋਲ ਪਹਿਲੇ ਗ੍ਰਹਿਣ ਕੀਤੀਆਂ ਮਜ਼ਹਬੀ ਮਾਨਤਾਵਾਂ ਨੂੰ ਮੁੱਢੋ ਤਿਆਗਦਿਆਂ ਦੇਰ ਨਾ ਲਾਈ। ਵਰਤ, ਸ਼ਰਾਧ, ਸ਼ਖਸੀ ਪੂਜਾ, ਕਰਮਕਾਡਾਂ ਤੇ ਭਰਮਾਂ ਨੂੰ ਜੀਵਨ ਵਿਚੋਂ ਵਗਾਹ ਮਾਰਿਆ। ਹੋਰ ਅਨਮੱਤੀਆਂ ਨੇ ਆਪਣੇ ਆਪਣੇ ਮਜ਼ਹਬ ਦੀਆਂ ਮਾਨਤਾਵਾਂ ਨੂੰ ਤਿਆਗ ਦਿੱਤਾ। ਆਪਣੇ ਅਖੌਤੀ ਮਾਣ ਸਨਮਾਨ ਵਾਲੀਆਂ ਖਾਹਿਸ਼ਾਂ ਦੀ ਰਤਾ ਭਰ ਪਰਵਾਹ ਨਾ ਕੀਤੀ। ਕਿੰਨੇ , ਸਾਨੂੰ ਇਸ ਤਰ੍ਹਾਂ ਦੇ ਸਬੂਤ ਚਾਹੀਦੇ ? ਸੋਚੀਏ, ਇਤਿਹਾਸ ਦੇ ਪੰਨਿਆਂ ਤੋਂ ਇਹ ਪਰਿਵਰਤਣ ਅਨੰਤ ਵਾਰ ਅਨੰਤ ਥਾਵਾਂ 'ਤੇ ਘਟਿਆ ਮਿਲਦਾ ਹੈ।

ਸਾਡੇ ਸਤਿਗੁਰੂ ਜੀ ਨੇ ਰੱਬੀ ਗਿਆਨ ਦਾ ਉਹ ਖਜ਼ਾਨਾ ਵੀ ਮਹਾਨ ਗੁਰਮੁਖ ਰੂਹਾਂ ਦੇ ਕੋਲ ਜਾ ਜਾ ਇਕੱਤਰ ਕੀਤਾ ਜਿਨ੍ਹਾਂ ਦਾ ਜੀਵਨ ਕਰਣੀਨਾਮਾ ਵੱਡੇ ਇਨਕਲਾਬ ਦੀ ਟੋਹ ਦੇਂਦਾ ਹੈ। ਸਮੂਹ ਭਗਤ ਸਹਿਬਾਨ, ਭੱਟ ਸਾਹਿਬਾਨ ਤੇ ਗੁਰਸਿੱਖ ਜੋ ਬਾਣੀ ਕਾਰ ਹਨ ਸਭ ਉੱਚੀ ਉੱਚੀ ਇਕੋ ਇਕ ਸੱਦ ਲਾ ਰਹੇ ਹਨ ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥ ਬਸਤੁ ਅਗੋਚਰ ਪਾਈ ॥ ਘਟਿ ਦੀਪਕ ਰਹਿਆ ਸਮਾਈ ॥

ਅੱਜ ਸਿੱਖ ਕਹਾਉਣ ਵਾਲਿਆਂ ਦਾ ਵੱਡਾ ਹਿੱਸਾ ਡੇਰੇਦਾਰਾਂ ਦਾ ਪਿੱਛਲੱਗ ਬਣ ਗਿਆ ਹੈ। ਇਹ ਡੇਰੇਦਾਰ ਕੌਣ ਹਨ ? ਇਨ੍ਹਾਂ ਬਾਰੇ ਸੋਚਣ ਵਿਚਾਰਨ ਦਾ ਸਮਾਂ ਹੀ ਵਰਤਮਾਨ ਸਮੇਂ ਮੇਰੀ ਕੌਮ ਦੇ ਮੁਹਤਬਰ ਸੱਜਣਾਂ ਪਾਸ ਨਹੀਂ ਜੋ ਧਰਮ ਪ੍ਰਚਾਰ-ਪ੍ਰਸਾਰ ਲਈ ਜ਼ਿੰਮੇਵਾਰ ਹਨ। ਜਿਨ੍ਹਾਂ ਨੇ ਗੁਰਮਤਿ ਤੇ ਮਨਮਤ ਦੇ ਨਿਖੇੜੇ ਕਰਨੇ ਸਨ। ਪੰਥ ਪ੍ਰਸਤੀ ਦੇ ਅਖੌਤੀ ਬੁਰਕੇ ਪਾ ਕੇ ਕੌਮ ਦੀਆਂ ਵੱਡੀਆਂ ਪ੍ਰਬੰਧਕੀ ਸੰਸਥਾਵਾਂ 'ਤੇ ਕਾਬਜ਼ ਹਨ ਤੇ ਪੱਕੀ ਤਰ੍ਹਾਂ ਕਾਬਜ਼ ਰਹਿਣ ਦੀ ਮਣਾਂ ਮੂੰਹੀ ਭੁੱਖ ਆਪਣੇ ਅੰਦਰ ਰੱਖ ਰਹੇ ਹਨ। ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜੋ ਪਿੰਡਾਂ ਸ਼ਹਿਰਾਂ ਕਸਬਿਆਂ ਵਿੱਚ ਬਹੁਤ ਲੰਮੇ ਸਮੇਂ ਤੋਂ ਪ੍ਰਬੰਧਕ ਹਨ ਉਹ ਵੀ ਬਹੁਤੇ ਇਮਾਰਤਾਂ ਬਣਾਉਣ ਜਾਂ ਢਾਹੁਣ ਦੀ ਵਿਖਾਵਾ ਵਾਦੀ ਬਿਰਤੀ ਨਾਲ ਅੱਖਾਂ ਬੰਦ ਕਰਕੇ ਕੰਮ ਕਰਦੇ ਲੱਭਦੇ ਹਨ।

ਸਭ ਗੁਰਦੁਆਰਿਆਂ ਅੰਦਰ ਸੇਵਾ ਨਿਭਾਉਣ ਵਾਲੇ ਰਾਗੀ, ਢਾਡੀ, ਗ੍ਰੰਥੀ, ਪ੍ਰਚਾਰਕ, ਕਵੀ ਕਵੀਸ਼ਰ, ਕਥਾਕਾਰ ਬਹੁਤੇ ਰੋਜ਼ੀ ਰੋਟੀ ਦੀ ਪ੍ਰਾਪਤੀ ਵਾਲੀ ਦ੍ਰਿਸ਼ਟੀ ਤੱਕ ਸੀਮਤ ਹਨ। ਦਾਸ ਦੀ ਆਪਣੀ ਸ਼ੁਰੂਆਤ ਵੀ ਇਸੇ ਬਿਰਤੀ ਨਾਲ ਹੋਈ ਸੀ। ਇਹ 'ਤੇ ਗੁਰੂ ਮਿਹਰ ਹੋਈ ਕਿ ਸਮਝ ਪੈ ਗਈ ਕਿ ਇਹ ਗੁਰੂ ਬਖਸ਼ਿਸ਼ ਭਰਿਆ ਮਾਰਗ ਜੀਵਨ ਜਾਚ ਸਿੱਖਣ ਲਈ ਹੈ।

ਅੱਜ ਅਸੀਂ ਬਹੁਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਅੰਦਰਲੇ ਗਿਆਨ ਤੱਕ ਨਾ ਖੁਦ ਪਹੁੰਚ ਬਣਾ ਕੇ ਅਮਲੀ ਜੀਵਨ ਦੇ ਵਾਰਸ ਹੋ ਪਾ ਰਹੇ ਹਾਂ ਨਾ ਹੀ ਸਿੱਖ ਸੰਗਤਾਂ ਨੂੰ ਇਸ ਲਾਸਾਨੀ ਰੱਬੀ ਗਿਆਨ ਦੀ ਸਮਝ ਵੱਲ ਲਾਉਣ ਦੀ ਕਿਰਿਆ ਲਈ ਕਰਮਸ਼ੀਲ ਹਾਂ।

ਬਹੁਤਾਤ ਗੁਰੂ ਘਰਾਂ ਅੰਦਰ ਇੱਕ ਸੂਚਨਾ ਤਖਤੀ 'ਤੇ ਧਿਆਨ ਨਾਲ ਵੇਖੀਏ ਤਾਂ ਮੱਸਿਆ, ਪੂਰਨਮਾਸ਼ੀ, ਦਸਵੀਂ, ਸੰਗਰਾਂਦ ਆਦਿ ਤੇ ਕਈ ਥਾਵਾਂ 'ਤੇ ਪੰਚਮੀ ਵੀ ਨੂੰ ਉਭਾਰਿਆ ਲਿਖਿਆ ਹੁੰਦਾ ਹੈ।

ਗੁਰਪੁਰਬ ਬਾਰੇ ਸਭ ਤੋਂ ਹੇਠਾਂ ਉਲੇਖ ਹੁੰਦਾ ਹੈ। ਕਦੀ ਸੋਚਿਆ ਇਸ ਜਾਣਕਾਰੀ ਨਾਲ ਸਵਾਏ ਗੁਰਪੁਰਬ ਦੇ ਵੇਰਵੇ ਤੋਂ ਬਾਕੀ ਦੀਆਂ ਮਾਨਤਾਵਾਂ ਨੂੰ ਗੁਰਬਾਣੀ ਅੰਦਰ ਕੋਈ ਮਾਨਤਾ ਹੈ ? ਇਨ੍ਹਾਂ ਦਿਨਾਂ ਨੂੰ ਕਿੱਧਰੇ ਵੀ ਕੋਈ ਮਹੱਤਵ ਨਹੀਂ ਦਿੱਤਾ ਮਿਲਦਾ। ਬਲਕਿ ਗੁਰਬਾਣੀ ਅੰਦਰ ਤਿਥਾਂ ਵਾਰਾਂ ਦੀ ਮਹਾਨਤਾ ਸਵੀਕਾਰਨ ਦੀ ਨਿਖੇਧੀ ਮਿਲਦੀ ਹੈ।

ਥਿਤੀ ਵਾਰ ਸੇਵਹਿ ਮੁਗਧ ਗਵਾਰੁ ॥ ਆਦਿ ਬੋਲਾਂ ਰਾਹੀਂ ਗਿਆਨ ਮਿਲਦਾ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦਾ ਸਹੀ ਲਾਭ ਜੀਵਨ ਸਵਾਰਨ ਲਈ ਕਿਵੇਂ ਲਿਆ ਜਾ ਸਕਦਾ ਹੈ ? ਇਸ ਗੱਲ ਦਾ ਪ੍ਰਚਾਰ ਤੇ ਅਮਲ ਦੀ ਬਾਤ ਜਿਸ ਪੱਧਰ 'ਤੇ ਹੋਣੀ ਚਾਹੀਦੀ ਹੈ ਅਸੀਂ ਨਹੀਂ ਕਰ ਪਾ ਰਹੇ। ਸਤਿਕਾਰ ਦਾ ਬਾਹਰੀ ਪੱਖ ਆਏ ਦਿਨ ਅੰਨੀ ਸ਼ਰਧਾ ਦੇ ਬਦਲਦੇ ਰੂਪਾਂ ਵਿੱਚ ਅਪਣਾਇਆ ਜਾ ਰਿਹਾ। ਜਿਵੇਂ ਕਿ ਸਿੱਖ ਜਗਿਆਸੂ ਵਿੱਚ ਵਹਿਮ ਪੈਦਾ ਕਰ ਦਿੱਤਾ ਗਿਆ ਹੈ ਕਿ ਜੇ ਵਧੀਆ ਤੋਂ ਵਧੀਆ ਰੁਮਾਲਾ ਗੁਰੂ ਨੂੰ ਚੜ੍ਹਾਇਆ ਤਾਂ ਹੀ ਮੇਰੇ ਪਰਦੇ ਕੱਜੇ ਜਾਣੇ ਹਨ। ਜੇ ਜਗਿਆਸੂ ਰੁਮਾਲਾ ਨਹੀਂ ਚੜਾ ਸਕੇਗਾ ਤਾਂ ਉਹ ਗੁਰੂ ਬਖ਼ਸ਼ਿਸ਼ ਤੋਂ ਵਾਂਝਾ ਰਹੇਗਾ। ਜਦੋਂ ਕਿ ਕੌਮ ਦੇ ਮਹਾਨ ਜਾਗਰੂਪ ਸਿੱਖ ਵਿਚਾਰਵਾਨਾਂ ਦਾ ਮੱਤ (ਵੀਚਾਰ) ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਰੁਮਾਲਾ ਅਰਪਨ ਕਰਨਾ ਮਜ਼ਬੂਰੀ ਜਾਂ ਜ਼ਰੂਰੀ ਨਹੀਂ !

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਦੀ ਲੋੜ ਅਨੁਸਾਰ ਵਸਤੂਆਂ ਅਰਪਨ ਕੀਤੀਆਂ ਜਾਣ। ਜਿਵੇਂ ਦਰੀਆਂ, ਬਰਤਨ, ਕੱਪੜੇ ਆਦਿ।

ਅੱਜ ਗੁਰਦੁਆਰਾ ਸਾਹਿਬ ਵਿਖੇ ਚੜ੍ਹਾਏ ਗਏ ਰੁਮਾਲਿਆਂ ਦੀ ਸੰਭਾਲ ਲਈ ਜਗ੍ਹਾ ਹੀ ਬਹੁਤਿਆਂ ਥਾਵਾਂ 'ਤੇ ਨਹੀਂ ਹੈ।

ਅਰਦਾਸ ਕਰਨ ਵਾਲੇ ਭਾਈ ਸਾਹਿਬ ਜੀ ਲਗਪਗ ਇਹ ਸ਼ਬਦ ਵਰਤਦੇ ਹਨ ਹੇ ਸਤਿਗੁਰੂ ਜੀ ! ਤੁਹਾਡੇ ਸੇਵਕ ਪਰਵਾਰ ਨੇ ਰੁਮਾਲਾ ਅਰਪਨ ਕੀਤਾ ਹੈ ਪਰਿਵਾਰ ਦੇ ਲੋਕ ਪਰਲੋਕ ਪਰਦੇ ਕੱਜਣੇ। ਇਨ੍ਹਾਂ ਸ਼ਬਦਾਂ ਦੀ ਦਹਾਕਿਆਂ ਤੋਂ ਹੁੰਦੀ ਆ ਰਹੀ ਵਰਤੋਂ ਨੇ ਰੁਮਾਲੇ ਪ੍ਰਤੀ ਇਹ ਅੰਧ ਵਿਸ਼ਵਾਸ਼ ਹੀ ਪੈਦਾ ਕਰ ਦਿੱਤਾ ਹੈ।

ਸ਼ੁਕਰ ਹੈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਿ ਥੋੜ੍ਹੇ ਜਿਹੇ ਗੁਰਮਤਿ ਨੂੰ ਸਮਝਣ ਵਾਲਿਆਂ ਨੇ ਰੁਮਾਲਿਆਂ ਦੀ ਥਾਂ ਹੋਰ ਵਸਤੂਆਂ ਦੇਣੀਆਂ ਆਰੰਭ ਕਰ ਦਿੱਤੀਆਂ ਹਨ। ਕਈ ਥਾਵਾਂ 'ਤੇ ਰੁਮਾਲਾ ਅਰਪਨ ਕਰਨ ਦੀ ਬਣਾ ਦਿੱਤੀ ਗਈ ਧਾਰਨਾ ਦੀ ਪੂਰਤੀ ਲਈ, ਗੁਰੂ ਘਰ ਮਾਇਆ ਜਮ੍ਹਾਂ ਕਰਵਾ ਕੇ ਪਹਿਲਾਂ ਵਰਤੇ ਰੁਮਾਲਿਆਂ ਵਿੱਚੋਂ ਹੀ ਗੁਰਦੁਆਰਾ ਸਾਹਿਬ ਤੋਂ ਰੁਮਾਲਾ ਲੈ ਕੇ ਅਰਪਨ ਕੀਤਾ ਜਾ ਰਿਹਾ ਹੈ।


ਦਾਸ ਨੂੰ ਪਠਾਨਕੋਟ ਸ਼ਹਿਰ ਵਿਖੇ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਜੀ ਦਾ ਪੋਤਰਾ ਮਿਲਿਆ। ਬਹੁਤ ਸਹਜ ਠਰੰਮੇ ਨਾਲ ਉਨ੍ਹਾਂ ਕਿਹਾ ਕਿ ਕੋਈ ਢੰਗ ਤਰੀਕਾ ਲੱਭ ਕੇ ਸਿੱਖ ਸੰਗਤਾਂ ਨੂੰ ਇਸ ਗੱਲ ਲਈ ਰਜ਼ਾਮੰਦ ਕਰੋ ਕਿ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਰੁਮਾਲੇ ਨਾ ਚੜ੍ਹਾਇਆ ਕਰਨ ! ਓਥੇ ਸਾਰਾ ਦਿਨ ਭਾਈ ਸਾਹਿਬ ਜੀ ਰੁਮਾਲਾ ਪਕੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੁਹਾਣ ਦੀ ਰਸਮੀ ਕਿਰਿਆ ਹੀ ਕਰਦੇ ਰਹਿ ਜਾਂਦੇ ਹਨ। ਕਿੰਨਾ ਚੰਗਾ ਹੋਵੇ ਕਿ ਰੁਮਾਲਿਆਂ 'ਤੇ ਖਰਚ ਹੋਣ ਵਾਲਾ ਪੈਸਾ ਲੋੜਵੰਦ ਕੌਮੀ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਹੋਵੇ ਤਾਂ !

ਕੌਮੀ ਸੱਥਾਂ ਵਿੱਚ ਅੰਧ ਵਿਸ਼ਵਾਸ਼ ਬਾਹਰੋਂ ਨਹੀਂ ਸਾਡੇ ਅੰਦਰੋਂ ਹੀ ਨਿੱਤ ਨਵੇਂ ਰੂਪ ਵਿੱਚ ਪਰੋਸਿਆ ਜਾ ਰਿਹਾ ਹੈ। ਗੁਰਬਾਣੀ ਸ਼ਬਦਾਂ ਨੂੰ ਵੀ ਵਰਤਣ ਤੋਂ ਗੁਰੇਜ਼ ਨਹੀਂ ਹੋ ਰਿਹਾ। ਕਿਸੇ ਸ਼ਬਦ ਰਾਹੀਂ ਕੋਈ ਸਿਧੀ(ਪਰਾਪਤੀ) ਕਿਸੇ ਰਾਹੀਂ ਕੋਈ ਹੋਰ ਸਿਧੀ ਤਥਾ ਪਰਾਪਤੀ ਦੀ ਗੱਲ ਜ਼ੋਰ ਸ਼ੋਰ ਨਾਲ ਲੰਮੇ ਅਰਸੇ ਤੋਂ ਪ੍ਰਚੱਲਿਤ ਹੈ ਤੇ ਅੱਜ ਕੱਲ੍ਹ ਵੀ ਹੈ। ਇਸੇ ਤਰ੍ਹਾਂ ਸ਼ਬਦਾਂ ਦੇ ਤਵੀਤ ਬਣਾ ਕੇ ਦੇਣੇ। ਇਥੋਂ ਤੱਕ ਸੁਣਨ ਵਿੱਚ ਆਇਆ ਹੈ ਕਿ ਸ਼ਬਦਾਂ ਨੂੰ ਲਿਖ ਕੇ ਘੋਲ ਕੇ ਪਾਣੀ ਵਿੱਚ ਪੀਣ ਦੀ ਗੱਲ ਵੀ ਕਿਧਰੇ ਹੈ।

ਸ਼ਰਧਾ ਪੂਰਨ, ਦੁਖਭੰਜਨੀ, ਸੁਖਮਨਾ, ਸੰਕਟ ਮੋਚਨ ਆਦਿ ਸਿਰਲੇਖਾਂ ਹੇਠ ਗੁਰਬਾਣੀ ਦੇ ਗੁਟਕੇ ਵੀ ਅੰਧ ਵਿਸ਼ਵਾਸ਼ ਵੱਲ ਸੇਧਤ ਹਨ। ਸਿੱਖ ਜਗਿਆਸੂ ਨੂੰ ਗੁਰਬਾਣੀ ਪੜ੍ਹਨ ਵੀਚਾਰਨ ਤੇ ਅਮਲਾਉਣ ਦੇ ਮਹੱਤਵ ਦਾ ਪ੍ਰਚਾਰ ਕਿਉਂ ਨਹੀਂ ਅਸੀਂ ਕਰਦੇ। ਗੁਰਬਾਣੀ ਸਾਡੇ ਪੂਰੇ ਸਤਿਗੁਰੂ ਜੀ ਹਨ। ਸਾਡੇ ਜੀਵਨ ਜਾਚ ਦਾ ਖਜ਼ਾਨਾ ਹਨ। ਅਸੀਂ ਗੁਰਬਾਣੀ ਨੂੰ ਆਪਣੇ ਅੰਦਰ ਜੀਊਣਾ ਹੈ। ਗੁਰਬਾਣੀ ਸਰੂਪ ਹੋਣਾ ਹੈ। ਸਾਡੇ ਪੁਰਖੇ ਜੋ ਸਦੀਆਂ ਪਹਿਲਾਂ ਗੁਰੂ ਜੀ ਦੇ ਅਨਿਨ ਸੇਵਕ ਹੋ ਕੇ ਵਿਚਰੇ ਹਨ ਉਹ ਅੱਜ ਵਾਲੇ ਅੰਧ ਵਿਸ਼ਵਾਸਾਂ ਤੇ ਕਰਮਕਾਂਡਾਂ ਭੇਖ ਭਰਮਾਂ ਦੇ ਨੇੜੇ ਵੀ ਨਹੀਂ ਸਨ। ਸਾਨੂੰ ਜਾਗਣ ਦੀ ਲੋੜ ਹੈ।

ਬਹੁਤ ਅਫ਼ਸੋਸ ਹੈ ਅੱਜ ਜੇਕਰ ਸਹੀ ਗੁਰਮਤਿ ਗਿਆਨ ਸਿਧਾਂਤ ਤੇ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਦੀ ਗੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਕਰਦਾ ਤਥਾ ਕਰਦੇ ਹਨ ਉਨ੍ਹਾਂ ਨੂੰ ਕੌਮੀ ਗਦਾਰ /ਗ਼ਦਾਰਾਂ ਵਾਂਗ ਵੇਖਿਆ ਵਰਤਿਆ ਜਾਣ ਲੱਗਿਆ ਹੈ। ਇਹ ਕੀ ਹੈ ਕਿਉਂ ਹੈ ? ਕੌਣ ਇਸ ਪੱਖੋਂ ਵੀਚਾਰ ਕਰਕੇ ਗੁਰਬਾਣੀ ਗਿਆਨ ਪ੍ਰਚਾਰ ਕਰਨ ਵਾਲਿਆਂ ਲਈ ਪਲਕਾਂ ਵਿਛਾ ਕੇ ਅਦਬੀ ਮਹੌਲ ਸਿਰਜਣ ਲਈ ਅੱਗੇ ਆਉਣਗੇ !

# ਭਾਰਤ ਵਿੱਚ ਤਾਜ਼ਾ ਮਰਦਮਸ਼ੁਮਾਰੀ ਦੀ ਲੋੜ



ਕੁੱਕੀ ਗਿੱਲ

ਤੱਥ ਬਹਿਸ ਦਾ ਵਿਸ਼ਾ ਨਹੀਂ ਬਣ ਸਕਦੇ। ਇਸ ਲਈ ਜਦੋਂ ਜਨਗਣਨਾ ਨਹੀਂ ਕਰਵਾਈ ਜਾਂਦੀ, ਅਤੇ ਇੱਕ ਉੱਘੇ ਅੰਕੜਾ-ਵਿਗਿਆਨੀ, ਜੋ ਇਸ ਦੀ ਮੰਗ ਕਰ ਰਹੇ ਸਨ, ਨੂੰ ਚੁੱਪ-ਚਾਪ ਬਰਖਾਸਤ ਕਰ ਦਿੱਤਾ ਜਾਂਦਾ ਹੈ ਤਾਂ ਇਹ ਚਿੰਤਾ ਕਰਨ ਦਾ ਸਮਾਂ ਹੈ। ਸਟੈਟਿਸਟਿਕਸ ਆਨ ਸਥਾਈ ਕਮੇਟੀ, ਜਿਸ ਦੀ ਅਗਵਾਈ ਪ੍ਰਣਬ ਸੇਨ, ਜੋ ਭਾਰਤ ਦੇ ਪਹਿਲੇ ਮੁੱਖ ਅੰਕੜਾ ਵਿਗਿਆਨੀ ਵੀ ਸਨ, ਨੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣੀ ਸੀ-ਸਰਕਾਰ ਨੂੰ ਸਾਰੇ ਸਰਵੇਖਣਾਂ ਬਾਰੇ ਸਲਾਹ ਦਿੱਤੀ। ਇਸ ਨੂੰ ਹਾਲ ਹੀ ਵਿੱਚ ਭੰਗ ਕੀਤਾ ਗਿਆ ਸੀ। ਇਸ ਕਮੇਟੀ ਦਾ ਮੁੱਖ ਉਦੇਸ਼ ਸਰਵੇਖਣ ਵਿਧੀ, ਨਮੂਨਾ ਡਿਜ਼ਾਈਨ, ਨਤੀਜੇ ਨੂੰ ਅੰਤਿਮ ਰੂਪ ਦੇਣ ਆਦਿ ਬਾਰੇ ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਦੀ ਸਮੀਖਿਆ, ਸਿਫ਼ਾਰਸ਼ ਕਰਨਾ ਅਤੇ ਸਲਾਹ ਦੇਣਾ ਸੀ। ਇਹਨਾਂ ਸਰਵੇਖਣਾਂ ਵਿੱਚ ਸਭ-ਮਹੱਤਵਪੂਰਣ ਰਾਸ਼ਟਰੀ ਨਮੂਨਾ ਸਰਵੇਖਣ ਸ਼ਾਮਲ ਹੈ ਜੋ ਨੀਤੀ ਨਿਰਮਾਣ ਨੂੰ ਸੂਚਿਤ ਕਰਦਾ ਹੈ।

ਸਥਾਈ ਕਮੇਟੀ ਦਾ ਕੰਮ ਆਮ ਅਬਜ਼ਰਵਰ ਨੂੰ ਅਸਪਸ਼ਟ ਅਤੇ ਅਕਾਦਮਿਕ ਜਾਪਦਾ ਹੈ। ਪਰ ਕੁਝ ਤਰੀਕਿਆਂ ਨਾਲ, ਇਸ ਕਮੇਟੀ ਦਾ ਢਾਂਚਾ ਤੈਅ ਕਰਦਾ ਹੈ ਕਿ ਇਸ ਦੇਸ਼ ਵਿੱਚ ਸੱਚਾਈ ਕੀ ਹੈ ? ਇਸ ਲਈ, ਇਹ ਨਾਜ਼ੁਕ ਬਣ ਜਾਂਦਾ ਹੈ-ਦੋਵੇਂ ਸੱਚਾਈ ਦੀ ਖੋਜ ਦੇ ਰੂਪ ਵਿੱਚ ਜਿਸਦਾ ਨਤੀਜਾ ਨੀਤੀ-ਨਿਰਮਾਣ ਵਿੱਚ ਹੁੰਦਾ ਹੈ ਅਤੇ ਰਾਜਨੀਤਿਕ ਧਾਰਨਾਵਾਂ ਦੇ ਰੂਪ ਵਿੱਚ, ਜੋ ਲੋਕਤੰਤਰ ਵਿੱਚ ਚੋਣਾਂ ਦਾ ਫ਼ੈਸਲਾ ਕਰਦੇ ਹਨ।

ਸੰਦਰਭ ਲਈ, ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕਮੇਟੀ ਦੇ ਇੱਕ ਮੈਂਬਰ, ਸ਼ਮਿਕਾ ਰਵੀ ਅਤੇ ਸੇਨ ਵਿਚਕਾਰ ਪਿਛਲੇ ਸਾਲ ਜਨਤਕ ਝਗੜੇ 'ਤੇ ਗੌਰ ਕਰੋ। ਸ਼ਮਿਕਾ ਰਵੀ ਨੇ ਸਰਕਾਰ ਲਈ ਬੱਲੇਬਾਜ਼ੀ ਕਰਦੇ ਹੋਏ ਕਿਹਾ ਕਿ ਭਾਰਤ ਵਿੱਚ ਸਰਵੇਖਣਾਂ ਨੂੰ ਜਿਸ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਹੈ, ਉਸ ਵਿੱਚ ਪੇਂਡੂ ਤਿਲਕਣ ਹੁੰਦੀ ਹੈ। ਉਸਨੇ ਦਲੀਲ ਦਿੱਤੀ ਕਿ ਇਹ ਦੇਸ਼ ਨੂੰ ਅਸਲ ਨਾਲੋਂ ਗਰੀਬ ਅਤੇ ਘੱਟ ਵਿਕਸਤ ਦਿਖਾ ਰਿਹਾ ਹੈ।

ਉਸਨੇ ਸਿੱਟਾ ਕੱਢਿਆ ਕਿ ਮੋਦੀ ਸਰਕਾਰ ਇਸ ਰਾਹੀਂ ਅਸਲ ਤੋਂ ਘੱਟ ਸਫ਼ਲ ਦਿਖਾਈ ਦਿੰਦੀ ਹੈ।

ਸਰਕਾਰ ਦੇ ਸੋਸ਼ਲ ਮੀਡੀਆ ਹੈਂਡਲ, ਆਪਣੇ ਹਿੱਸੇ ਲਈ, ਉਸ ਸਮੇਂ ਰਵੀ ਦੇ ਦ੍ਰਿਸ਼ਟੀਕੋਣ ਨੂੰ ਵਧਾ ਦਿੰਦੇ ਹਨ। ਇੱਕ ਚੋਣ ਜਿੱਤਣੀ ਸੀ ਅਤੇ ਹਰ ਕਿਸੇ ਨੂੰ ਇਹੀ ਉਮੀਦ ਸੀ। ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਚੋਣਾਂ ਜਿੱਤਣ ਤੋਂ ਬਾਅਦ ਵੀ, ਸਰਕਾਰ ਰਵੀ ਦੀਆਂ ਦਲੀਲਾਂ ਤੋਂ ਪ੍ਰਭਾਵਿਤ ਹੋਈ ਜਾਪਦੀ ਹੈ ਅਤੇ ਭਾਰਤ ਦੇ ਸਮਾਜਿਕ-ਆਰਥਿਕ ਅੰਕੜਿਆਂ ਦੇ ਉਸ ਗੁਲਾਬੀ ਨਜ਼ਰੀਏ ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ।

ਘੱਟੋ-ਘੱਟ, ਇਹ ਉਹ ਸੰਦੇਸ਼ ਹੈ ਜੋ ਬਿਨਾਂ ਕਿਸੇ ਅਧਿਕਾਰਤ ਤਰਕ ਦੇ ਅੰਕੜਿਆਂ ਦੀ ਸਥਾਈ ਕਮੇਟੀ ਦੇ ਭੰਗ ਹੋਣ ਤੋਂ ਲੈਣ ਲਈ ਮਜਬੂਰ ਹੈ। ਆਖ਼ਰਕਾਰ, ਨਮੂਨਾ ਲੈਣ ਦੀਆਂ ਵਿਧੀਆਂ ਡੇਟਾ ਨੂੰ ਥੋੜ੍ਹਾ ਇਸ ਤਰ੍ਹਾਂ ਜਾਂ ਉਸ ਤਰੀਕੇ ਨਾਲ ਘਟਾ ਸਕਦੀਆਂ ਹਨ; ਪਰ ਜ਼ਿਆਦਾ ਨਹੀਂ, ਜੇਕਰ ਨਮੂਨਾ ਚੁਣਨ ਲਈ ਫ਼ਰੇਮਵਰਕ ਵਿੱਚ ਅੰਡਰਲਾਈਂਗ ਡੇਟਾ ਮਜ਼ਬੂਤ ਹੈ। ਇੱਥੇ ਸਾਨੂੰ ਯਾਦ ਰੱਖਣਾ ਚਾਹੀਦਾ ਹੈ, ਭਾਰਤ ਨੇ ਆਪਣੀ 10 ਸਾਲ ਦੀ ਮਰਦਮਸ਼ੁਮਾਰੀ ਨਹੀਂ ਕਰਵਾਈ ਜੋ 2021 ਵਿੱਚ ਕੀਤੀ ਜਾਣੀ ਸੀ। ਸਾਡਾ ਡੇਟਾ ਪਹਿਲਾਂ ਹੀ 13 ਸਾਲ ਪੁਰਾਣਾ ਹੈ ਅਤੇ ਨਵੇਂ ਜਨਗਣਨਾ ਡੇਟਾ ਤੋਂ ਬਿਨਾਂ ਹਰ ਗੁਜ਼ਰਦਾ ਦਿਨ ਬਾਅਦ ਦੇ ਨਮੂਨੇ ਲੈਣ ਦੀਆਂ ਵਿਧੀਆਂ ਨੂੰ ਕਮਜ਼ੋਰ ਅਤੇ ਪਹੁੰਚਣਾ ਵਧੇਰੇ ਮੁਸ਼ਕਲ ਬਣਾਉਂਦਾ ਹੈ। ਜੋ ਕਿ ਇਸ ਨੂੰ ਵਧੇਰੇ ਸਿਆਸੀ ਦਖਲਅੰਦਾਜ਼ੀ ਅਤੇ ਹੇਰਾਫ਼ੇਰੀ ਲਈ ਖੁੱਲ੍ਹਾ ਬਣਾ ਦਿੰਦਾ ਹੈ।

ਉਦਾਹਰਨ ਲਈ, ਜੇਕਰ ਅਸੀਂ 2024 ਵਿੱਚ ਲੋਕਾਂ ਦਾ ਨਮੂਨਾ ਚਾਹੁੰਦੇ ਹਾਂ ਅਤੇ ਅਸੀਂ ਉਹਨਾਂ ਤੋਂ ਸਵਾਲ ਪੁੱਛਣਾ ਚਾਹੁੰਦੇ ਹਾਂ ਕਿ ਉਹਨਾਂ ਨੇ ਕੀ ਖਾਧਾ ਜਾਂ ਉਹਨਾਂ ਨੇ ਕਿੰਨੀ ਕਮਾਈ ਕੀਤੀ, ਤਾਂ ਸਾਨੂੰ ਇਹ 2011 ਦੇ ਸ਼ਹਿਰੀ-ਪੇਂਡੂ ਵੰਡ ਅਤੇ ਸਾਡੇ ਬਾਅਦ ਦੇ ਅੰਦਾਜ਼ੇ ਦੇ ਅਧਾਰ 'ਤੇ ਕਰਨਾ ਹੋਵੇਗਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਸ਼ਹਿਰੀਕਰਨ ਦੇ ਰੁਝਾਨ ਨੂੰ ਦੇਖਦੇ ਹੋਏ ਬਦਲ ਗਿਆ ਹੋਵੇ ਅਤੇ ਅੰਦਾਜ਼ੇ ਇਹੀ ਹਨ। ਉਹਨਾਂ ਅਨੁਮਾਨਾਂ ਨੂੰ ਅਸਲੀਅਤ ਦੀ ਇੱਕ ਖੁਰਾਕ ਦੇਣ ਲਈ ਇੱਕ ਅਸਲ ਜਨਗਣਨਾ ਮੌਜੂਦ ਹੈ ਅਤੇ ਇਸਦੀ ਅਣਹੋਂਦ ਵਿੱਚ, ਅਨੁਮਾਨ ਮਹੱਤਵਪੂਰਨ ਬਣ ਜਾਂਦੇ ਹਨ। ਮਰਦਮਸ਼ੁਮਾਰੀ ਦਾ ਡਾਟਾ ਜਿੰਨਾ ਪੁਰਾਣਾ ਹੋਵੇਗਾ, ਅਸਲ ਆਬਾਦੀ ਨੂੰ ਦਰਸਾਉਣ ਵਿੱਚ ਨਮੂਨਾ ਓਨਾ ਹੀ ਕਮਜ਼ੋਰ ਹੋਵੇਗਾ, ਭਾਵੇਂ ਵਿਧੀ ਕਿੰਨੀ ਚੰਗੀ ਹੋਵੇ। ਪ੍ਰੇਰਿਤ ਰਾਜਨੀਤਿਕ ਨਿਯੁਕਤੀਆਂ ਦੇ ਹੱਥਾਂ ਵਿੱਚ, ਉਹ ਅੰਕੜਿਆਂ ਦੀ ਧੋਖਾਧੜੀ ਦੇ ਹਥਿਆਰ ਵੀ ਬਣ ਸਕਦੇ ਹਨ।

ਸੇਨ ਵੀ ਕੁਦਰਤੀ ਤੌਰ 'ਤੇ ਨਵੀਂ ਮਰਦਮਸ਼ੁਮਾਰੀ ਦੀ ਮੰਗ ਕਰ ਰਹੇ ਹਨ। ਉਹ ਇਸ ਗੱਲ ਨੂੰ ਲਗਭਗ ਹਰ ਥਾਂ ਦੁਹਰਾਉਂਦੇ ਹਨ ਜਿੱਥੇ ਵੀ ਉਨ੍ਹਾਂ ਨੂੰ ਮੌਕਾ ਮਿਲਦਾ ਹੈ। ਅਤੇ ਸਰਕਾਰ, ਜਿਸ ਨੇ ਕਿਸੇ ਵੀ ਕਾਰਨ ਕਰਕੇ ਗਤੀਵਿਧੀ ਨਾ ਕਰਨ ਦੀ ਚੋਣ ਕੀਤੀ ਹੈ, ਅੰਕੜਾ ਵਿਗਿਆਨੀਆਂ ਦੁਆਰਾ ਬਣਾਏ ਗਏ ਅਨੁਮਾਨ ਮਾਡਲਾਂ ਲਈ ਅਸਲੀਅਤ ਦੀ ਉਸ ਬਾਹਰੀ ਖੁਰਾਕ ਦੀ ਲਗਾਤਾਰ ਮੰਗ ਤੋਂ ਥੱਕ ਗਈ ਹੈ। ਕਿਸੇ ਵੀ ਲੋਕਤੰਤਰ ਵਿੱਚ, ਸਰਕਾਰੀ ਅੰਕੜਿਆਂ ਦੀ ਭਰੋਸੇਯੋਗਤਾ ਵਿਵਾਦ ਦਾ ਵਿਸ਼ਾ ਨਹੀਂ ਬਣ ਸਕਦੀ। ਤੱਥ ਬਹਿਸ ਦਾ ਵਿਸ਼ਾ ਨਹੀਂ ਬਣ ਸਕਦੇ। ਅਤੇ ਇਸ ਲਈ ਜਦੋਂ ਮਰਦਮਸ਼ੁਮਾਰੀ ਨਹੀਂ ਕੀਤੀ ਜਾਂਦੀ, ਅਤੇ ਇੱਕ ਉੱਘੇ ਅੰਕੜਾ ਵਿਗਿਆਨੀ ਜੋ ਇਸਦੀ ਮੰਗ ਕਰ ਰਹੇ ਸਨ, ਨੂੰ ਚੁੱਪਚਾਪ ਬਰਖਾਸਤ ਕਰ ਦਿੱਤਾ ਜਾਂਦਾ ਹੈ, ਇਹ ਚਿੰਤਾ ਕਰਨ ਦਾ ਸਮਾਂ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਅੰਕੜਾ ਵਿਗਿਆਨੀ ਨੇ ਇੱਕ ਕਿਸਮ ਦੀ ਸਰਵੇਖਣ ਵਿਧੀ ਨੂੰ ਤਰਜੀਹ ਦਿੱਤੀ ਜਿਸ ਨੇ ਜੋ ਸਰਵੇਖਣ ਨਤੀਜੇ ਦਿੱਤੇ, ਉਹ ਸਿਆਸੀ ਲੋਕਾਂ ਦੀ ਪਸੰਦ ਦੇ ਨਹੀਂ ਸਨ। ਸਰਵੇਖਣਾਂ ਦੀ ਕਾਰਜਪ੍ਰਣਾਲੀ ਨੂੰ ਸਿਆਸੀ ਆਕਾਵਾਂ ਦੀ ਮਰਜ਼ੀ ਮੁਤਾਬਕ ਬਦਲਣਾ ਤਾਨਾਸ਼ਾਹੀ ਦਾ ਕੰਮ ਹੈ।

ਭਾਰਤ ਦਾ ਇੱਕ ਲੋਕਤੰਤਰ ਹੋਣ ਦਾ ਇੱਕ ਲੰਮਾ ਅਤੇ ਇਤਿਹਾਸਿਕ ਇਤਿਹਾਸ ਹੈ ਜੋ ਸਿਆਸੀ ਦਖਲਅੰਦਾਜ਼ੀ ਤੋਂ ਮੁਕਤ ਅੰਕੜਾਤਮਕ ਤੌਰ 'ਤੇ ਮਜ਼ਬੂਤ ਸਰਵੇਖਣ ਕਰਦਾ ਹੈ। ਹਾਲੀਆ ਘਟਨਾਵਾਂ ਚਿੰਤਾ ਪੈਦਾ ਕਰਦੀਆਂ ਹਨ ਕਿ ਕੀ ਇਹ ਖਤਮ ਹੋਣ ਵਾਲੀ ਹੈ। ਜੇਕਰ ਸਰਕਾਰ ਭਰੋਸੇਯੋਗਤਾ ਬਰਕਰਾਰ ਰੱਖਣਾ ਚਾਹੁੰਦੀ ਹੈ, ਤਾਂ ਉਸਨੂੰ ਘੱਟੋ-ਘੱਟ ਇਹ ਦੱਸਣਾ ਚਾਹੀਦਾ ਹੈ ਕਿ ਉਸਨੇ ਅਜਿਹਾ ਕਿਉਂ ਕੀਤਾ ਅਤੇ ਜਨਗਣਨਾ ਅਜੇ ਤੱਕ ਕਿਉਂ ਨਹੀਂ ਕਰਵਾਈ ਗਈ ਅਤੇ ਇਸ ਨੂੰ ਸੰਚਾਲਿਤ ਕਰਨ ਦੀਆਂ ਯੋਜਨਾਵਾਂ ਕੀ ਹਨ ?

# ਜੰਗੀ ਅਪਰਾਧਾਂ 'ਤੇ ਉਤਰਿਆ ਇਜ਼ਰਾਈਲ



ਦਰਬਾਰਾ ਸਿੰਘ ਕਾਹਲੋਂ
ਸਾਬਕਾ ਰਾਜ ਕਮਿਸ਼ਨਰ, ਪੰਜਾਬ)

ਆਧੁਨਿਕ ਮਾਨਵ ਜਾਤੀ ਲਈ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਉਸ ਅੰਦਰ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸਰਕਾਰ 7 ਅਕਤੂਬਰ 2023 ਨੂੰ ਹਮਾਸ ਲੜਾਕੂਆਂ ਦੀ ਕਾਰਵਾਈ ਤੋਂ ਬਾਅਦ ਆਏ ਦਿਨ ਗਾਜ਼ਾ ਪੱਟੀ, ਵੈਸਟ ਬੈਂਕ ਅਤੇ ਲਿਬਨਾਨ ਅੰਦਰ ਹਸਪਤਾਲਾਂ, ਸਕੂਲਾਂ, ਇਬਾਦਤਗਾਹਾਂ, ਸਿਵਲੀਅਨ ਰਿਹਾਇਸ਼ਗਾਹਾਂ ਅਤੇ ਪਨਾਹਗਾਹਾਂ ਵਿਖੇ ਸੈਂਕੜੇ ਲੋਕਾਂ ਦਾ ਘਾਤ ਕਰ ਰਹੀ ਹੈ। ਹੁਣ ਤੱਕ 50 ਹਜ਼ਾਰ ਬੇਗੁਨਾਹ ਲੋਕਾਂ ਦੇ ਘਾਤ ਦੇ ਬਾਵਜੂਦ ਉਸ ਦਾ ਨਿਸ਼ਾਨਾ ਜਦੋਂ ਪੂਰਾ ਨਹੀਂ ਹੋਇਆ ਤਾਂ ਉਹ ਬੂਬੀ ਟਰੈਪ ਇਲੈਕਟ੍ਰਾਨਿਕ ਹਮਲਿਆਂ 'ਤੇ ਉਤਰ ਆਇਆ ਜੋ ਖ਼ਾਲਸ ਘਿਨਾਉਣੇ ਜੰਗੀ ਅਪਰਾਧ ਹਨ।

ਜੰਗੀ ਅਪਰਾਧਾਂ ਕਰਕੇ ਪਹਿਲਾਂ ਹੀ ਕੌਮਾਂਤਰੀ ਅਪਰਾਧ ਅਦਾਲਤ ਵੱਲੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਰੱਖਿਆ ਮੰਤਰੀ ਯੋਅ ਗਾਲੰਟ ਵਿਰੁੱਧ ਜੰਗੀ ਅਪਰਾਧ ਅੰਜਾਮ ਦੇਣ ਦੇ ਸਬੂਤਾਂ ਨੂੰ ਲੈ ਕੇ ਵਾਰੰਟ ਜਾਰੀ ਹੋ ਚੁੱਕੇ ਹਨ। ਉਨ੍ਹਾਂ 'ਤੇ ਸਿਵਲੀਅਨਾਂ ਨੂੰ ਭੁੱਖ ਨਾਲ ਮਾਰਨ ਦੇ ਦੋਸ਼ ਵੀ ਲੱਗੇ ਹੋਏ ਹਨ।

ਜੰਗੀ ਅਪਰਾਧਾਂ ਦੀ ਇੰਤਹਾ ਵੱਲ ਵਧਦਿਆਂ 17 ਸਤੰਬਰ ਨੂੰ ਬੂਬੀਟਰੈਪ ਹਮਲਿਆਂ ਵਿਚ ਲਿਬਨਾਨ ਤੇ ਸੀਰੀਆ ਵਿਚ ਹਿਜ਼ਬੁੱਲਾ ਲੜਾਕੂਆਂ ਦੇ 12 ਲੋਕ ਮਾਰ ਦਿੱਤੇ ਜਿਨ੍ਹਾਂ ਵਿੱਚ ਇੱਕ ਨੌਂ ਸਾਲਾਂ ਦੀ ਲੜਕੀ ਅਤੇ 11 ਸਾਲਾਂ ਦਾ ਲੜਕਾ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 2800 ਲੋਕ ਜ਼ਖ਼ਮੀ ਹੋ ਗਏ। ਅਗਲੇ ਦਿਨ ਤਿੰਨ ਹਿਜ਼ਬੁੱਲਾ ਲੜਾਕੂਆਂ ਦੇ ਸਸਕਾਰ ਵੇਲੇ ਬੂਬੀ ਟਰੈਪ ਹਮਲੇ ਵਿੱਚ 25 ਲੋਕ ਮਾਰੇ ਗਏ ਤੇ 450 ਦੇ ਕਰੀਬ ਜ਼ਖ਼ਮੀ ਹੋ ਗਏ। ਇਸ 'ਤੇ ਹਿਜ਼ਬੁੱਲਾ ਲੜਾਕੂ ਸੰਗਠਨ ਦੇ ਸਕੱਤਰ ਜਨਰਲ ਹਸਨ ਨਸਰਾਲਾ ਵੱਲੋਂ ਦਿੱਤੀ ਚਿਤਾਵਨੀ ਕਿ ਇਨ੍ਹਾਂ ਹਮਲਿਆਂ ਦਾ ਭਿਆਨਕ, ਤਾਬੜਤੋੜ ਅਤੇ ਸਹੀ ਇਨਸਾਫ਼ ਕਰਨ ਵਾਲੀ ਸਜ਼ਾ ਦੇਣ ਵਾਲਾ ਜਵਾਬ ਦਿੱਤਾ ਜਾਵੇਗਾ। ਇਸ ਬਿਆਨ ਤੋਂ ਬਾਅਦ ਵੀਰਵਾਰ 19 ਸਤੰਬਰ ਦੀ ਰਾਤ ਨੂੰ ਇਜ਼ਰਾਈਲ ਦੀ ਫ਼ੌਜ ਆਈ.ਡੀ.ਐੱਫ਼. ਨੇ 52 ਹਵਾਈ ਹਮਲੇ ਅੰਜਾਮ ਦਿੱਤੇ। ਇਹ ਸਭ ਮਿੱਥੇ ਨਿਸ਼ਾਨਿਆਂ 'ਤੇ ਸੰਪੂਰਨ ਤੌਰ 'ਤੇ ਚੋਟ ਮਾਰਦੇ ਮਾਰੂ ਹਮਲੇ ਸਨ। ਇਨ੍ਹਾਂ ਵਿਚ ਹਿਜ਼ਬੁੱਲਾ ਲੜਾਕੂ ਸੰਗਠਨ ਦਾ ਬਹੁਤ ਵੱਡਾ ਨੁਕਸਾਨ ਹੋਇਆ। ਇਸ ਵਿਚ ਸੀਨੀਅਰ ਲੜਾਕੂ ਕਮਾਂਡਰਾਂ ਨਾਲ ਮੀਟਿੰਗ ਕਰ ਰਿਹਾ ਰੈਡਵਾਂ ਫ਼ੋਰਸ ਦਾ ਐਕਟਿੰਗ ਕਮਾਂਡਰ ਇਬਰਾਹੀਮ ਅਕੀਲ 12 ਵਿਅਕਤੀਆਂ ਸਮੇਤ ਮਾਰਿਆ ਗਿਆ, 59 ਲੋਕ ਜ਼ਖ਼ਮੀ ਹੋਏ। ਵੀਹ ਸਤੰਬਰ 1983 ਨੂੰ ਆਤਮਘਾਤੀ ਬੰਬਾਰਾਂ ਨਾਲ 241 ਅਮਰੀਕੀ ਮੈਰੀਨ ਮਾਰਨ ਦਾ ਮੁੱਖ ਮਾਸਟਰਮਾਈਂਡ ਇਹੀ ਵਿਅਕਤੀ ਸੀ ਜਿਸ ਦੇ ਸਿਰ ਦਾ ਇਨਾਮ ਅਮਰੀਕਾ ਵੱਲੋਂ 7 ਮਿਲੀਅਨ ਡਾਲਰ ਰੱਖਿਆ ਹੋਇਆ ਸੀ।

ਇਸੇ ਰਾਤ ਪੱਛਮੀ ਕਿਨਾਰੇ 'ਤੇ ਇਜ਼ਰਾਈਲੀ ਫ਼ੌਜੀ ਹਮਲੇ ਵਿੱਚ 7 ਫ਼ਲਸਤੀਨੀ ਕਿਊਬੱਤੀਆ ਕਸਬੇ ਵਿਚ ਮਾਰੇ ਗਏ। ਉਨ੍ਹਾਂ ਦੀਆਂ ਲਾਸ਼ਾਂ ਛੱਤ ਤੋਂ ਥੱਲੇ ਸੁੱਟਦੇ ਜੰਗੀ ਅਪਰਾਧ ਅੰਜਾਮ ਦਿੰਦੇ ਇਜ਼ਰਾਈਲੀ ਫ਼ੌਜੀ ਵੇਖੇ ਗਏ। ਇਸ ਸਾਲ ਜਨਵਰੀ ਵਿੱਚ ਇੱਕ ਟਾਰਗੈਟ ਹਵਾਈ ਹਮਲੇ ਵਿੱਚ ਹਮਾਸ ਦਾ ਡਿਪਟੀ ਲੀਡਰ ਸਾਲੇਹ ਅਲ ਅਰੋਰੀ ਇਜ਼ਰਾਈਲੀ ਹਵਾਈ ਹਮਲੇ ਵਿੱਚ ਬੈਰੂਤ (ਲਿਬਨਾਨ) ਵਿਖੇ ਮਾਰਿਆ ਗਿਆ। ਇਸੇ ਸਾਲ ਜੁਲਾਈ ਵਿੱਚ ਹਿਜ਼ਬੁੱਲਾ ਮਿਲਟਰੀ ਕਮਾਂਡਰ ਫ਼ੁਆਦ ਸ਼ੁਕਰ ਮਾਰਿਆ ਗਿਆ। ਅਗਸਤ ਵਿੱਚ ਇਰਾਨ ਦੀ ਰਾਜਧਾਨੀ ਤਹਿਰਾਨ ਵਿਖੇ ਇੱਕ ਰਿਹਾਇਸ਼ੀ ਇਲਾਕੇ ਵਿੱਚ ਹਮਾਸ ਆਗੂ ਇਸਮਾਈਲ ਹਾਨੀਯੇਹ ਇਜ਼ਰਾਈਲੀ ਬੰਬਾਰੀ ਵਿੱਚ ਮਾਰਿਆ ਗਿਆ। ਸਕੱਤਰ ਜਨਰਲ ਨਸਰਾਲਾ ਦਾ ਕਹਿਣਾ ਹੈ ਕਿ ਇਜ਼ਰਾਈਲ ਟਾਰਗੈਟ ਹਮਲਿਆਂ ਵਿੱਚ ਸਾਡੇ ਕਮਾਂਡਰਾਂ ਨੂੰ ਇੱਕ-ਇੱਕ ਕਰ ਕੇ ਨਿਸ਼ਾਨਾ ਬਣਾ ਰਿਹਾ ਹੈ।




ਗੱਲ ਬੂਬੀ ਟਰੈਪ ਹਮਲੇ ਦੀ ਕਰੀਏ ਤਾਂ ਇਹ ਜੰਗੀ ਅਪਰਾਧਾਂ ਨਾਲ ਜੁੜੀ ਤਕਨੀਕ ਕੋਈ ਨਵੀਂ ਨਹੀਂ ਹੈ। ਇਨ੍ਹਾਂ ਬਾਰੇ 300 ਪੰਨਿਆਂ ਦਾ ਇੱਕ ਪੇਪਰ ਫ਼ੀਲਡ ਮੈਨੂਅਲ 5-31 ਅਮਰੀਕੀ ਫ਼ੌਜੀ ਵਿਭਾਗ ਵੱਲੋਂ ਸੰਨ 1965 ਵਿੱਚ ਛਾਪਿਆ ਗਿਆ ਸੀ ਜਿਸ ਅਨੁਸਾਰ ਟੈਲੀਫ਼ੋਨ, ਭਾਂਡੇ, ਕੇਤਲੀਆਂ, ਟੀਵੀ ਸੈੱਟ, ਬਿਸਤਰੇ ਆਦਿ ਵਿਸਫ਼ੋਟਕ ਵਸਤਾਂ 'ਚ ਬਦਲ ਕੇ ਹਿੱਟ ਕੀਤੇ ਜਾ ਸਕਦੇ ਹਨ। ਫ਼ੌਜੀਆਂ ਦੇ ਹੈਂਡਸੈੱਟ ਵੀ ਇਨ੍ਹਾਂ ਵਿੱਚ ਸ਼ਾਮਲ ਸਨ। ਦੂਸਰੇ ਵਿਸ਼ਵ ਯੁੱਧ ਵਿੱਚ ਐਸੇ ਯੰਤਰਾਂ ਦਾ ਨਿਰਮਾਣ ਕੀਤਾ ਗਿਆ ਜੋ ਇਨ ਨੂੰ ਡੈਟੋਨੇਟ ਕਰਕੇ ਵਿਸਫ਼ੋਟ ਕਰਨ ਵਿੱਚ ਸਹਾਈ ਹੁੰਦੇ ਸਨ। ਸੰਨ 1966 ਵਿੱਚ ਟੀਐੱਮ 31-200-1 ਫ਼ੌਜੀ ਦਸਤਾਵੇਜ਼ ਅਨੁਸਾਰ ਕੰਨਾਂ ਨੂੰ ਲਗਾਏ ਜਾਣ ਵਾਲੇ ਯੰਤਰ, ਟੈਲੀਫ਼ੋਨ ਸੈੱਟ ਆਦਿ ਵਿਸਫ਼ੋਟ ਕੀਤੇ ਜਾ ਸਕਦੇ ਹਨ।

ਸੰਨ 2010 ਵਿੱਚ ਅਲਕਾਇਦਾ ਸਬੰਧੀ ਮੈਗਜ਼ੀਨ ਵਿੱਚ ਵਿਸਫ਼ੋਟਕ ਵਿਭਾਗ ਨਾਲ ਸਬੰਧਤ ਇਕਰਮਾ ਅਲ ਮੁਨੀਰ ਨੇ ਨੋਕੀਆ ਸੈੱਲਫ਼ੋਨ ਰਾਹੀਂ ਵਿਸਫ਼ੋਟ ਯੰਤਰ ਏਅਰਪੋਰਟ ਸੁਰੱਖਿਆ ਨੂੰ ਚਕਮਾ ਦੇਣ ਵਾਲੀ ਤਕਨੀਕ ਨਾਲ ਕਿਧਰੇ ਵੀ ਲਿਜਾਏ ਜਾਣ ਦਾ ਖ਼ੁਲਾਸਾ ਕੀਤਾ ਸੀ। ਸੰਨ 2023 ਵਿੱਚ ਈਕੁਆਡੋਰ ਦੇ ਪੱਤਰਕਾਰ ਨੇ ਬੂਬੀ ਟਰੈਪਡ ਯੂਐੱਸਬੀ ਸਲਾਖਾਂ ਰਾਹੀਂ ਕੰਪਿਊਟਰ ਵਿਸਫ਼ੋਟ ਕਰ ਕੇ ਟੈਲੀਵਿਜ਼ਨ ਪ੍ਰਸਾਰਨ ਕਰਤਾ ਜ਼ਖ਼ਮੀ ਕਰ ਦਿੱਤਾ ਸੀ। ਸਤਾਰਾਂ-ਅਠਾਰਾਂ ਸਤੰਬਰ ਨੂੰ ਬੈਰੂਤ, ਸਾਰੇ ਲਿਬਨਾਨ, ਸੀਰੀਆ ਵਿੱਚ 3000 ਪੇਜਰ, ਵਾਕੀ-ਟਾਕੀ, ਸੋਲਰ ਯੰਤਰ, ਹੈਂਡਸੈੱਟ ਹਸਪਤਾਲਾਂ, ਸਟੋਰਾਂ, ਸਿਵਲੀਅਨ ਥਾਵਾਂ 'ਤੇ ਵੀ ਹਿਜ਼ਬੁੱਲਾ ਲੜਾਕੂ ਨੂੰ ਹਿੱਟ ਕੀਤੇ। ਇਸ ਵਿੱਚ ਮਿਲਟਰੀ ਗਰੇਡ ਪਲਾਸਟਿਕ ਵਿਸਫ਼ੋਟਕ ਵਰਤੇ ਗਏ ਜੋ ਇਜ਼ਰਾਈਲੀ ਫ਼ਰੰਟ ਕੰਪਨੀ ਨੇ ਤਿਆਰ ਕੀਤੇ ਤੇ ਜਿਨ੍ਹਾਂ ਦਾ ਸਬੰਧ ਯੂਰਪੀ ਕੰਪਨੀਆਂ ਨਾਲ ਵੀ ਹੈ। ਇਹ ਵਪਾਰਕ ਵਿਸਫ਼ੋਟ ਯੰਤਰ ਨਹੀਂ ਹਨ। ਇਹ ਵਿਅਕਤੀ ਦੇ ਸਿਰ ਜਾਂ ਧੜ ਨੂੰ ਜ਼ਖ਼ਮੀ ਕਰ ਦਿੰਦੇ ਹਨ ਜਿਨ੍ਹਾਂ ਨਾਲ ਵਿਅਕਤੀ ਮਰ ਵੀ ਸਕਦਾ ਹੈ। ਵਾਕੀ-ਟਾਕੀ ਸੈੱਟਾਂ ਰਾਹੀਂ 70 ਥਾਵਾਂ 'ਤੇ ਅੱਗ ਲੱਗੀ। ਇਨ੍ਹਾਂ ਵਿੱਚ ਨਿੱਜੀ ਘਰ ਵੀ ਸ਼ਾਮਲ ਸਨ। ਇਨ੍ਹਾਂ ਨਾਲ ਕਾਰਾਂ ਅਤੇ ਮੋਟਰਸਾਈਕਲਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਹਸਪਤਾਲਾਂ ਵਿੱਚ ਡਾਕਟਰਾਂ ਨੇ ਦੱਸਿਆ ਕਿ ਕਈ ਜ਼ਖ਼ਮੀਆਂ ਦੀਆਂ ਅੱਖਾਂ, ਹੱਥ, ਬਾਹਾਂ ਉਂਗਲਾਂ ਉੱਡ ਗਈਆਂ।

ਹੈਰਾਨੀ ਇਸ ਗੱਲ ਦੀ ਹੈ ਕਿ ਇਨ੍ਹਾਂ ਅਪਰਾਧਕ ਕਾਰਨਾਮਿਆਂ ਦੀ ਜ਼ਿੰਮੇਵਾਰੀ ਅਜੇ ਤੱਕ ਨਾ ਤਾਂ ਇਜ਼ਰਾਈਲੀ ਸਰਕਾਰ ਤੇ ਫ਼ੌਜ ਨੇ ਲਈ ਹੈ, ਨਾ ਹੀ ਖ਼ੁਫ਼ੀਆ ਏਜੰਸੀ ਮੋਸਾਦ ਨੇ। ਪਰ ਇਸ ਕਿਸਮ ਦੇ ਜੰਗੀ ਅਪਰਾਧਾਂ ਲਈ ਕੌਮਾਂਤਰੀ ਕਾਨੂੰਨ ਮਾਹਿਰਾਂ ਅਨੁਸਾਰ ਇਜ਼ਰਾਈਲੀ ਫ਼ੌਜ ਅਤੇ ਸਰਕਾਰ ਨੂੰ ਤਾਂ ਜ਼ਿੰਮੇਵਾਰ ਠਹਿਰਾਇਆ ਹੀ ਜਾਵੇਗਾ, ਇਸ ਦੇ ਨਾਲ ਹੀ ਅਮਰੀਕਾ ਜੋ ਇਸ ਦੀ ਪਿੱਠ 'ਤੇ ਹੈ ਅਤੇ ਵੱਡਾ ਹਥਿਆਰ ਸਪਲਾਈ ਕਰਨ ਵਾਲਾ ਦੇਸ਼ ਹੈ, ਉਸ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਰਾਸ਼ਟਰਪਤੀ ਬਰਾਕ ਓਬਾਮਾ ਕਾਲ ਵੇਲੇ ਗ੍ਰਹਿ ਵਿਭਾਗ ਦੇ ਕਾਨੂੰਨੀ ਸਲਾਹਕਾਰ ਰਹੇ ਬਰਾਇਨ ਫ਼ਾਈਨੁਕੈਨ ਜੋ ਕੌਮਾਂਤਰੀ ਸੰਕਟ ਗਰੁੱਪ ਦੇ ਇਸ ਵੇਲੇ ਸੀਨੀਅਰ ਸਲਾਹਕਾਰ ਵੀ ਹਨ, ਦਾ ਕਹਿਣਾ ਹੈ ਕਿ ਅਮਰੀਕਾ, ਇਜ਼ਰਾਈਲੀ ਜੰਗ ਦਾ ਭਾਗੀਦਾਰ ਹੈ। ਸੋ ਅਪਰਾਧਕ ਦੋਸ਼ਾਂ ਤੋਂ ਨਹੀਂ ਬਚ ਸਕਦਾ। ਕੀ ਅਮਰੀਕਾ ਦੱਸੇਗਾ ਕਿ ਇਜ਼ਰਾਈਲ ਸਿਵਲੀਅਨਾਂ ਨੂੰ ਮਾਰਨ ਤੋਂ ਤੌਬਾ ਕਰੇਗਾ? ਕੀ ਉਹ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਐਸੀ ਜੰਗ ਨਾਲ ਵੱਡੇ ਪੱਧਰ 'ਤੇ ਸਿਵਲੀਅਨ ਨਿਸ਼ਾਨਾ ਬਣਨਗੇ? ਕੀ ਉਸ ਨੂੰ ਅੰਦਾਜ਼ਾ ਨਹੀਂ ਕਦੋਂ ਤੇ ਕਿਵੇਂ ਕਿਨ੍ਹਾਂ ਲਈ ਬੂਬੀ ਟਰੈਪ ਯੰਤਰ ਵਰਤੇ ਜਾਣਗੇ? ਇਜ਼ਰਾਈਲ ਨੂੰ ਆਪਣੀ ਸੁਰੱਖਿਆ ਦਾ ਪੂਰਾ ਹੱਕ ਹੈ ਪਰ ਅਪਰਾਧਕ ਕਾਰਵਾਈਆਂ ਲਈ ਕੋਈ ਕੌਮਾਂਤਰੀ ਕਾਨੂੰਨ ਇਜਾਜ਼ਤ ਨਹੀਂ ਦਿੰਦਾ ਜੋ ਉਹ ਲਗਾਤਾਰ ਕਰਦਾ ਆ ਰਿਹਾ ਹੈ। ਜੇ ਅਮਰੀਕਾ ਉਸ ਨੂੰ ਨਹੀਂ ਵਰਜਦਾ ਤਾਂ ਮੱਧ ਏਸ਼ੀਆ ਵਿੱਚ ਲਗਾਇਆ ਜਾ ਰਿਹਾ ਲਾਂਬੂ ਉਸ ਲਈ ਘਾਤਕ ਸਿੱਧ ਹੋ ਸਕਦਾ ਹੈ। ਉਸ ਨੂੰ ਤਾਂ

(ਬਾਕੀ ਸਫ਼ਾ 31 'ਤੇ)




## 50ਵੀਂ ਬਰਸੀ ’ਤੇ ਵਿਸ਼ੇਸ਼

# ਡਾ. ਬਲਬੀਰ ਸਿੰਘ : ਪ੍ਰਤਿਭਾਸ਼ਾਲੀ ਅਤੇ ਪ੍ਰਭਾਵਸ਼ਾਲੀ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡਾ. ਬਲਬੀਰ ਸਿੰਘ ਸਿੱਖ ਧਰਮ ਦੇ ਉੱਘੇ ਖੋਜੀ ਵਿਦਵਾਨ ਸਨ। 1896 ਵਿੱਚ, ਇਹਨਾਂ ਦਾ ਜਨਮ ਡਾ. ਚਰਨ ਸਿੰਘ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ ਸੀ। ਇਹ ਭਾਈ ਵੀਰ ਸਿੰਘ ਦੇ ਛੋਟੇ ਭਰਾਤਾ ਸਨ ਅਤੇ ਇਹਨਾਂ ਦਾ ਪਿਛੋਕੜ ਦੀਵਾਨ ਕੌੜਾ ਮੱਲ ਨਾਲ ਜਾ ਜੁੜਦਾ ਹੈ ਜਿਹੜਾ ਕਿ ਲਾਹੌਰ ਦਾ ਦੀਵਾਨ ਹੁੰਦਿਆਂ ਸਿੱਖਾਂ ਨਾਲ ਹਮਦਰਦੀ ਰੱਖਦਾ ਸੀ ਅਤੇ ਜਦੋਂ ਵੀ ਮੌਕਾ ਮਿਲਦਾ ਉਹਨਾਂ ਦੀ ਸਹਾਇਤਾ ਕਰ ਦਿੰਦਾ ਸੀ। ਇਸ ਕਰਕੇ ਇਸ ਨੂੰ ‘ਮਿੱਠਾ ਮੱਲ’ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਮੁਲਤਾਨ ਦਾ ਗਵਰਨਰ ਨਿਯੁਕਤ ਹੋਣ ’ਤੇ ਇਸ ਨੇ ਆਪਣੇ ਇਲਾਕੇ ਵਿੱਚ ਇੱਕ ਨਗਰ ਵਸਾਇਆ, ਜਿਸ ਨੂੰ ‘ਗੜ੍ਹ ਮਹਾਰਾਜ’ ਕਿਹਾ ਜਾਂਦਾ ਸੀ। ਇਸ ਦੀ ਵੰਸ਼ ਪਰੰਪਰਾ ਵਿੱਚ ਅੱਗੇ ਜਾ ਕੇ ਭਾਈ ਕਾਹਨ ਸਿੰਘ ਦਾ ਜਨਮ ਹੋਇਆ ਜਿਹੜੇ ਕਿ ਸਾਧੂ ਬਿਰਤੀ ਧਾਰਨ ਕਰ ਗਏ ਸਨ ਪਰ ਬਾਅਦ ਵਿੱਚ ਗ੍ਰਹਿਸਤੀ ਜੀਵਨ ਵੱਲ ਵਾਪਸ ਆ ਕੇ ਵੈਦਗੀ ਕਰਨ ਲੱਗੇ ਸਨ। ਇਹ ਸੰਸਕ੍ਰਿਤ, ਬ੍ਰਜ ਅਤੇ ਗੁਰਮੁਖੀ ਵਿੱਚ ਮੁਹਾਰਤ ਰੱਖਦੇ ਸਨ। ਇਹਨਾਂ ਦੇ ਘਰ ਇੱਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਚਰਨ ਸਿੰਘ ਰੱਖਿਆ ਗਿਆ। ਇਹ ਵੀ ਆਪਣੇ ਪਿਤਾ ਵਾਂਗ ਵੈਦਗੀ ਵਿੱਚ ਮਾਹਰ ਸਨ ਪਰ ਨਾਲ ਹੀ ਇਹਨਾਂ ਨੂੰ ਸੰਸਕ੍ਰਿਤ, ਬ੍ਰਜ, ਫ਼ਾਰਸੀ, ਗੁਰਮੁਖੀ ਆਦਿ ਭਾਸ਼ਾਵਾਂ ਦਾ ਵੀ ਭਰਪੂਰ ਗਿਆਨ ਸੀ। ਇਹਨਾਂ ਨੇ ਅਟਲ ਪ੍ਰਕਾਸ਼, ਅਭਿਗਿਆਨ ਸ਼ਕੁੰਤਲਮ, ਗੁਰਮਤਿ ਸੰਗੀਤ ਨਿਰਣਯ, ਸ੍ਰੀ ਗੁਰੂ ਗ੍ਰੰਥ ਸਾਹਿਬ ਬਾਣੀ ਬਿਓਰਾ, ਸ੍ਰੀ ਚਰਣਹਰਿ ਵਿਸਥਾਰ ਆਦਿ ਪੁਸਤਕਾਂ ਦੀ ਰਚਨਾ ਕੀਤੀ ਸੀ।

ਇਹਨਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਵੀ ਸਿੱਖ ਅਧਿਐਨ ਵਿੱਚ ਆਪਣੀ ਵੱਖਰੀ ਪਛਾਣ ਰੱਖਦੇ ਸਨ ਜਿਨ੍ਹਾਂ ਨੇ ਹੋਰਨਾਂ ਪੁਸਤਕਾਂ ਤੋਂ ਇਲਾਵਾ ਗੁਰੂ ਗ੍ਰੰਥ ਕੋਸ਼ ਦੀ ਤਿਆਰੀ ਅਤੇ ਫ਼ਿਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਵਿਆਖਿਆ ਕੀਤੀ ਸੀ। ਦਾਦਕਿਆਂ ਅਤੇ ਨਾਨਕਿਆਂ ਵੱਲੋਂ ਪ੍ਰਾਪਤ ਹੋਈ ਅਮੀਰ ਵਿਰਾਸਤ ਨੂੰ ਹਿਰਦੇ ਵਿੱਚ ਵਸਾ ਕੇ ਡਾ. ਬਲਬੀਰ ਸਿੰਘ ਨੇ ਵਿੱਦਿਆ ਦੇ ਖੇਤਰ ਵਿੱਚ ਵਿਲੱਖਣ ਕਾਰਜ ਕੀਤੇ ਸਨ। ਉਸ ਸਮੇਂ ਇਹ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਲੰਡਨ ਗਏ ਅਤੇ ਉੱਥੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਕੇ ਵਾਪਸ ਅੰਮ੍ਰਿਤਸਰ ਆ ਗਏ ਸਨ।

ਅੰਮ੍ਰਿਤਸਰ ਵਾਪਸ ਆ ਕੇ ਪਹਿਲਾਂ ਇਹ ਆਪਣੇ ਪਿਤਾ ਸਮਾਨ ਭਰਾਤਾ ਭਾਈ ਵੀਰ ਸਿੰਘ ਨੂੰ ਮਿਲੇ ਅਤੇ ਫ਼ਿਰ ਫ਼ਰੀਦਕੋਟੀ ਟੀਕੇ ਦੀ ਦੂਜੀ ਛਾਪ ਦਾ ਕੰਮ ਸਿਰੇ ਚਾੜ੍ਹਨ ਲਈ ਯੋਗਦਾਨ ਪਾਉਣ ਦੇ ਨਾਲ-ਨਾਲ ਸਾਹਿਤ ਦੇ ਅਧਿਐਨ ਦੇ ਕਾਰਜਾਂ ਵਿੱਚ ਰੁਚਿਤ ਹੋ ਗਏ। ਲਗਪਗ 2 ਸਾਲ ਇਸ ਕਾਰਜ ਵਿੱਚ ਰੁਚਿਤ ਰਹਿਣ ਉਪਰੰਤ ਦੇਹਰਾਦੂਨ ਵਿਖੇ ਆ ਕੇ ਇਹ ਕੈਂਬਰਿਜ ਪ੍ਰੈਪਰੇਟਰੀ ਸਕੂਲ ਵਿਖੇ ਪ੍ਰਿੰਸੀਪਲ ਵਜੋਂ ਨੌਕਰੀ ਕਰਨ ਲੱਗੇ। ਇਹਨਾਂ ਦੀ ਅਗਵਾਈ ਵਿੱਚ ਇਹ ਸਕੂਲ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਗਿਆ ਸੀ। ਇਸ ਸਕੂਲ ਦੀ ਪੜ੍ਹਾਈ ਅਤੇ ਡਿਸਪਲਿਨ ਦੀ ਗੁਣਵੱਤਾ ਤੋਂ ਪ੍ਰਭਾਵਿਤ ਹੋ ਕੇ ਕਈ ਰਾਜਿਆਂ, ਮਹਾਰਾਜਿਆਂ, ਅਮੀਰਾਂ ਅਤੇ ਵਜ਼ੀਰਾਂ ਦੇ ਬੱਚੇ ਇੱਥੇ ਪੜ੍ਹਨ ਲਈ ਆਉਣ ਲੱਗੇ ਸਨ। ਭਾਵੇਂ ਕਿ ਇਹ ਅੰਗਰੇਜ਼ੀ ਵਿੱਚ ਵਿੱਦਿਆ ਪ੍ਰਦਾਨ ਕਰਨ ਵਾਲਾ ਮਾਡਲ ਸਕੂਲ ਸੀ ਪਰ ਡਾ. ਬਲਬੀਰ ਸਿੰਘ ਨੇ ਬੱਚਿਆਂ ਵਿੱਚ ਭਾਰਤੀ ਸੱਭਿਅਤਾ ਦਾ ਸੰਚਾਰ ਕਰਨ ਦਾ ਵਡਮੁੱਲਾ ਕਾਰਜ ਅਰੰਭ ਕਰ ਦਿੱਤਾ ਸੀ। 1936 ਵਿੱਚ ਦੂਨ ਸਕੂਲ ਖੁੱਲ੍ਹ ਜਾਣ ਕਰਕੇ ਇਹਨਾਂ ਨੇ ਆਪਣਾ ਸਕੂਲ ਬੰਦ ਕਰ ਦਿੱਤਾ ਸੀ। ਦੇਹਰਾਦੂਨ ਵਿਖੇ ਪ੍ਰੋ. ਪੂਰਨ ਸਿੰਘ (1881-1931) ਅਤੇ ਡਾ. ਖ਼ੁਦਾਦਾਦ (ਦੇ. 1954) ਨਾਲ ਇਹਨਾਂ ਦੀ ਬਹੁਤ ਗਹਿਰੀ ਮਿੱਤਰਤਾ ਸੀ। ਇਹ ਤਿੰਨੇ ਹੀ ਕੈਮਿਸਟਰੀ ਦੇ ਵਿਦਿਆਰਥੀ ਸਨ ਅਤੇ ਤਿੰਨੇ ਹੀ ਸਾਹਿਤ ਵਿੱਚ ਵਿਸ਼ੇਸ਼ ਰੁਚੀ ਰੱਖਣ ਵਾਲੇ ਵਿਭਿੰਨ ਭਾਸ਼ਾਵਾਂ ਦੇ ਗਿਆਤਾ ਸਨ। ਇਹਨਾਂ ਸੰਬੰਧੀ ਇੱਕ ਮਹੱਤਵਪੂਰਨ ਟਿੱਪਣੀ ਸ. ਸ਼ਿਵਨਾਥ ਸਿੰਘ (1912-1992) ਨੇ ਕੀਤੀ ਹੈ ਜਿਹੜੇ ਕਿ ਭਾਰਤ ਸਰਕਾਰ ਦੀ ਸੇਵਾ ਤੋਂ ਮੁਕਤ ਹੋਣ ਉਪਰੰਤ ਲਗਪਗ 15 ਸਾਲ ਤਿੰਨ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਪੰਚਬਟੀ ਸੰਦੇਸ਼ ਮੈਗਜ਼ੀਨ ਦੀ ਸੰਪਾਦਨਾ ਕਰਦੇ ਰਹੇ। ਇਹ ਲਿਖਦੇ ਹਨ ਕਿ ‘ਉਮਰ ਵਿੱਚ ਪ੍ਰੋ. ਪੂਰਨ ਸਿੰਘ ਅਤੇ ਡਾ. ਖ਼ੁਦਾਦਾਦ ਡਾਕਟਰ ਸਾਹਿਬ ਤੋਂ ਕਾਫ਼ੀ ਵੱਡੇ ਸਨ ਪਰ ਉਨ੍ਹਾਂ ਦੀ ਅਕਲ ਬੁੱਧੀ, ਗਿਆਨ ਤੇ ਦਾਰਸ਼ਨਿਕ ਬਿਰਤੀ ਤੋਲ ਵਿਚ ਸਾਵੀਂ ਸੀ।’

ਲਗਪਗ 10 ਸਾਲ ਸਕੂਲ ਦੀ ਸੇਵਾ ਕਰਨ ਉਪਰੰਤ ਇਹ ਵਾਪਸ ਅੰਮ੍ਰਿਤਸਰ ਆ ਗਏ ਅਤੇ ਭਾਈ ਵੀਰ ਸਿੰਘ ਜੀ ਦੀ ਸੰਗਤ ਵਿੱਚ ਗੁਰਬਾਣੀ ਅਧਿਐਨ ਦੇ ਖੇਤਰ ਵਿਚ ਕਾਰਜ ਕਰਨ ਲੱਗੇ ਸਨ। 1937 ਵਿੱਚ, ਡਾ. ਬਲਬੀਰ ਸਿੰਘ ਪੰਜਾਬ ਐਂਡ ਸਿੰਧ ਬੈਂਕ ਦੇ ਡਾਇਰੈਕਟਰ ਬਣੇ ਅਤੇ ਫ਼ਿਰ 1947 ਵਿੱਚ ਇਹਨਾਂ ਨੂੰ ਮੈਨੇਜਿੰਗ ਡਾਇਰੈਕਟਰ ਦੀ ਪਦਵੀ ’ਤੇ ਨਿਯੁਕਤ ਕਰ ਦਿੱਤਾ ਗਿਆ। 1960 ਤੱਕ ਇਸ ਪਦਵੀ ’ਤੇ ਕਾਰਜਸ਼ੀਲ ਰਹਿਣ ਦੇ ਨਾਲ-ਨਾਲ ਇਹਨਾਂ ਨੇ ਸਿੱਖ ਸਾਹਿਤ ਦੇ ਅਧਿਐਨ ਵਿਚ ਆਪਣੀ ਰੁਚੀ ਕਾਇਮ ਰੱਖੀ। ਗੁਰਬਾਣੀ ਅਧਿਐਨ ਅਤੇ ਸਿੱਖੀ ਪ੍ਰੇਮ ਨੇ ਇਹਨਾਂ ਨੂੰ ਸਿੱਖ ਧਰਮ ਗ੍ਰੰਥਾਂ ਦੇ ਅਧਿਐਨ ਵੱਲ ਰੁਚਿਤ ਕਰ ਦਿੱਤਾ ਸੀ।

ਡਾ. ਬਲਬੀਰ ਸਿੰਘ ਨੇ ਇੱਕ ਵਿਗਿਆਨੀ ਅਤੇ ਗੁਰਬਾਣੀ ਦੇ ਵਿਆਖਿਆਕਾਰ ਵੱਜੋਂ ਪ੍ਰਸਿੱਧੀ ਪ੍ਰਾਪਤ ਕੀਤੀ। ਅੰਗਰੇਜ਼ੀ, ਸੰਸਕ੍ਰਿਤ, ਫ਼ਾਰਸੀ, ਗੁਰਮੁਖੀ ਆਦਿ ਭਾਸ਼ਾਵਾਂ ਦੇ ਗਿਆਨ ਦੇ ਨਾਲ-ਨਾਲ ਇਹਨਾਂ ਨੇ ਸਿੱਖ ਪਰੰਪਰਾ ਅਤੇ ਮਰਯਾਦਾ ਨੂੰ ਬਹੁਤ ਗੰਭੀਰਤਾ ਨਾਲ ਸਮਝਣ ਦਾ ਯਤਨ ਕੀਤਾ। ਇਹਨਾਂ ਦੁਆਰਾ ਰਚੀਆਂ ਕਲਮ ਦੀ ਕਰਾਮਾਤ (1944), ਲੰਮੀ ਨਦਰ (1959), ਸ਼ੁੱਧ ਸਰੂਪ (1966) ਸਿਰਲੇਖ ਅਧੀਨ ਰਚਨਾਵਾਂ ਦੀ ਤੁਲਨਾ ਗੰਗਾ, ਜਮੁਨਾ ਅਤੇ ਸਰਸਵਤੀ ਨਾਲ ਕੀਤੀ ਜਾਂਦੀ ਹੈ।

ਡਾ. ਬਲਬੀਰ ਸਿੰਘ ਜੀ ਨੇ ਜਿਸ ਤਰ੍ਹਾਂ ਸਿੱਖ ਧਰਮ ਅਤੇ ਦਰਸ਼ਨ ਨੂੰ ਸਮਝਣ ਅਤੇ ਸਮਝਾਉਣ ਦਾ ਯਤਨ ਕੀਤਾ ਹੈ ਉਸ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਸਾਇੰਸ ਦੀ ਪੜ੍ਹਾਈ ਨੇ ਇਹਨਾਂ ਨੂੰ ਆਪਣੀ ਵਿਰਾਸਤ ਅਤੇ ਸੰਸਕਾਰਾਂ ਨਾਲੋਂ ਤੋੜਨ ਦੀ ਬਜਾਏ ਉਹਨਾਂ ਨਾਲ ਹੋਰ ਵਧੇਰੇ ਸਾਂਝ ਪੈਦਾ ਕਰਨ ਦਾ ਕਾਰਜ ਕਰ ਦਿੱਤਾ ਸੀ। ਭਾਈ ਵੀਰ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਇਹਨਾਂ ਨੇ ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਕਾਰਜ ਬਹੁਤ ਹੀ ਲਗਨ ਨਾਲ ਸੰਪੂਰਨ ਕੀਤਾ।

ਡਾ. ਬਲਬੀਰ ਸਿੰਘ ਨੇ ਸਿੱਖ ਅਧਿਐਨ ਦੇ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ਸੀ ਪਰ ਇਹਨਾਂ ਦੇ ਮੱਥੇ ’ਤੇ ਕਦੇ ਕਿਸੇ ਨੇ ਵਿਦਵਤਾ ਦੇ ਹਉਮੈ ਵਾਲੇ ਭਾਵ ਅਨੁਭਵ ਨਹੀਂ ਕੀਤੇ ਸਨ। ਸੁਰਤਿ ਦੀ ਉੱਚਤਾ ਦੇ ਨਾਲ-ਨਾਲ ਮਨ ਦੀ ਨਿਰਮਾਣਤਾ ਇਹਨਾਂ ਦੇ ਜੀਵਨ ਦਾ ਅੰਗ ਸੀ ਜਿਸ ਦੇ ਆਸਰੇ ਇਹ ਆਪਣਾ ਖੋਜ ਕਾਰਜ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਕਰਦੇ ਸਨ ਅਤੇ ਛੋਟੇ ਤੋਂ ਛੋਟੇ ਬੰਦੇ ਦੀ ਸਲਾਹ ਲੈਣ ਵਿਚ ਵੀ ਕਦੇ ਕੰਜੂਸੀ ਨਹੀਂ ਕਰਦੇ ਸਨ।

ਪੰਜਾਬੀ ਯੂਨੀਵਰਸਿਟੀ ਨੇ ਇਹਨਾਂ ਦੀ ਵਿਦਵਤਾ ਨੂੰ ਦੇਖਦੇ ਹੋਏ ਇਹਨਾਂ ਨੂੰ ਡੀ.ਲਿਟ. ਦੀ ਡਿਗਰੀ ਨਾਲ ਸਨਮਾਨਿਤ ਕੀਤਾ ਸੀ। ਇਸ ਮੌਕੇ ਯੂਨੀਵਰਸਿਟੀ ਦਾ ਧੰਨਵਾਦ ਕਰਦੇ ਹੋਏ ਇਹਨਾਂ ਕਿਹਾ :

ਮੈਂ ਸਾਇੰਸ ਦਾ ਵਿਦਿਆਰਥੀ ਹਾਂ, ਇਸ
ਵਿੱਚ ਪੂਰੀ ਦਿਲਚਸਪੀ ਅਤੇ ਉਤਸ਼ਾਹ
ਨਾਲ ਰੁੱਝਾ ਰਿਹਾ ਹਾਂ। ਸਾਹਿਤਯ ਵੱਲ
ਮੈਂ ਕਿਵੇਂ ਆਇਆ, ਮੈਂ ਦੱਸਣ
ਤੋਂ ਅਸਮਰੱਥ ਹਾਂ। ਹਾਂ ਇੱਕ ਹੋਰ ਪੱਖ ਹੈ,
ਕੋਈ ਕਹਿ ਸਕਦਾ ਹੈ ਕਿ ਸਾਹਿਤਯ
ਦੇ ਰੂਪ ਵਿੱਚ ਪਿਤਰੀ ਧਨ ਮੈਨੂੰ ਵਿਰਾਸਤ
ਵਿਚ ਮਿਲਿਆ ਹੈ। ਇਸ ਸੂਰਤ ਵਿੱਚ
ਵਾਈਸ ਚਾਂਸਲਰ ਜੀਓ, ਤੁਹਾਡੀ
ਸਨਮਾਨ ਦੇਣ ਦੀ ਚੇਸ਼ਟਾ ਮੈਨੂੰ ਇੱਕ ਚਿੰਨ੍ਹ
ਬਣਾ ਕੇ ਉਸ ਵਿਰਾਸਤ ਨੂੰ ਸਨਮਾਨਣ
ਆਈ ਹੈ।...

ਡਾ. ਬਲਬੀਰ ਸਿੰਘ ਦੇ ਮਨ ਵਿੱਚ ਵੀ ਆਪਣੇ ਬਜ਼ੁਰਗਾਂ ਵਾਂਗ ਤਿਆਗ ਅਤੇ ਸੰਜਮ ਦੀ ਭਾਵਨਾ ਬਹੁਤ ਹੀ ਪ੍ਰਬਲ ਸੀ। ਅਧਿਆਤਮਿਕ ਵਿਕਾਸ ਨੂੰ ਇਹ ਮਾਇਆ ਦੇ ਵਿਕਾਸ ਤੋਂ ਉੱਤਮ ਮੰਨਦੇ ਸਨ। ਇਹਨਾਂ ਦਾ ਧਿਆਨ ਕਦੇ ਵੀ ਉਹਨਾਂ ਕਾਰਜਾਂ ਵੱਲ ਨਹੀਂ ਗਿਆ ਜਿਹੜੇ ਕਿ ਮਾਇਕ ਸੁਖ ਪ੍ਰਦਾਨ ਕਰਦੇ ਹੋਣ। ਨਹੀਂ ਤਾਂ 1923 ਵਿੱਚ, ਜਦੋਂ ਭਾਰਤ ਵਿਖੇ ਦਸਵੀਂ ਪਾਸ ਹੋਣਾ ਬਹੁਤ ਵੱਡੀ ਗੱਲ ਸਮਝੀ ਜਾਂਦੀ ਸੀ, ਲੰਡਨ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕਰਨ ਵਾਲਾ ਨੌਜਵਾਨ ਕਿਹੜੀ ਪ੍ਰਾਪਤੀ ਨਹੀਂ ਕਰ ਸਕਦਾ ਸੀ। ਇਹਨਾਂ ਦੇ ਤਿਆਗ ਅਤੇ ਸੰਜਮ ਨਾਲ ਜੁੜੀਆਂ ਹੋਈਆਂ ਘਟਨਾਵਾਂ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ। ਇੱਕ ਘਟਨਾ ‘ਗੜ੍ਹ ਮਹਾਰਾਜ’ ਦੀ ਹੈ। ਆਪਣੇ ਬਜ਼ੁਰਗ ਦੀਵਾਨ ਕੌੜਾ ਮੱਲ ਦੀ ਵਿਰਾਸਤ ਨੂੰ ਦੇਖਣ ਉਪਰੰਤ ਜਦੋਂ ਇਲਾਕਾ ਨਿਵਾਸੀਆਂ ਨੇ ਆਪਣੇ ਆਪ ਨੂੰ ਇਹਨਾਂ ਦੀ ਰਿਆਇਆ ਸਮਝ ਕੇ ਸਿਰੋਪਾ ਅਤੇ ਕੁੱਝ ਪਦਾਰਥ ਭੇਟ ਕਰਨੇ ਚਾਹੇ ਤਾਂ ਇਹਨਾਂ ਨੇ ਕਿਹਾ :

ਤੁਸੀਂ ਇਸ ਖ਼ਿਆਲ ਵਿੱਚ ਨਾ ਜਾਵੋ ਕਿ ਅਸੀਂ ਕੋਈ ਨਜ਼ਰਾਨੇ ਲੈਣ ਵਾਸਤੇ ਆਏ ਹਾਂ। ਹਾਂ, ਅਸੀਂ ਲੈਣ ਵਾਸਤੇ ਆਏ ਹਾਂ ਖੈਰਾਯਤ, ਖੈਰਾਯਤ ਇਸ ਦੇਸ਼ ਦੀ ਧੂੜ ਦੀ, ਜੋ ਸਾਡੇ ਵਡਿਆਂ ਦੀ ਚਰਣ ਰਜ (ਧੂੜ) ਦੀ ਛੋਹ ਨਾਲ ਪਵਿਤ੍ਰ ਹੈ। ਤੁਸੀਂ ਇਹ ਸਮਝੋ ਕਿ ਓਸੇ ਬਾਬਾ ਕਾਹਨ ਸਿੰਘ ਦੀ ਝੋਲੀ ਮੁੜ ਏਸ ਦੇਸ਼ ਵਿੱਚ ਇੱਕ ਬੇਲਾਗ ਫ਼ੇਰਾ ਪਾ ਗਈ ਹੈ। ਉਸ ਟੁਰੇ ਜਾਂਦੇ ਭਿਖਸ਼ੂ ਦੀ ਝੋਲੀ ਵਿੱਚ ਜੋ ਖੈਰ ਤੁਸੀਂ ਪਾ ਦਿਓਗੇ ਉਹ ਅਸੀਂ ਸਿਰ ਮੱਥੇ ’ਤੇ ਅਸੀਸ ਭਰੀ ਖੁਸ਼ੀ ਨਾਲ ਲੈ ਵੰਞਾਂਗੇ।

ਸੰਜਮ ਅਤੇ ਤਿਆਗ ਦੀ ਭਾਵਨਾ ਦੇ ਨਾਲ-ਨਾਲ ਡਾ. ਬਲਬੀਰ ਸਿੰਘ ਦਾ ਵੱਡਾ ਗੁਣ ਤੱਥਾਂ ਨੂੰ ਬਰੀਕੀ ਨਾਲ ਸਮਝਣਾ ਅਤੇ ਉਹਨਾਂ ਦੀ ਪੁਣਛਾਣ ਕਰਕੇ ਅੱਗੇ ਵਧਾਉਣਾ ਸੀ। ਇਹਨਾਂ ਨੇ ਭਾਈ ਵੀਰ ਸਿੰਘ ਦੀਆਂ ਸੰਥਯਾ ਪੋਥੀਆਂ ਦਾ ਗਹਿਰ ਗੰਭੀਰ ਅਧਿਐਨ ਕਰਕੇ ਉਹਨਾਂ ਨੂੰ ਇਕ ਸੂਤਰ ਵਿਚ ਪਰੋ ਕੇ ਪ੍ਰਕਾਸ਼ਿਤ ਕਰਾਉਣ ਦਾ ਕਾਰਜ ਕੀਤਾ ਸੀ। ਇਹਨਾਂ ਪੋਥੀਆਂ ਦੇ ਅਧਿਐਨ ਦੌਰਾਨ ਇਹਨਾਂ ਨੂੰ ਮਹਿਸੂਸ ਹੋਇਆ ਕਿ ਇਸ ਵਿੱਚ ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ੇਸ਼ ਮਹੱਤਵ ਹੈ। ਇਹ ਕਾਰਜ ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਵਾਲਿਆਂ ਲਈ ਸਹਾਇਤਾ ਪ੍ਰਦਾਨ ਕਰੇਗਾ। ਇਹਨਾਂ ਨੇ ਇਕੱਲਿਆਂ ਹੀ ਇਹ ਕਾਰਜ ਆਪਣੇ ਹੱਥਾਂ ਵਿਚ ਲਿਆ ਅਤੇ ਇਸ ’ਤੇ ਕੰਮ ਅਰੰਭ ਕਰ ਦਿੱਤਾ। ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਹਨਾਂ ਦੀ ਸਹਾਇਤਾ ਲਈ ਸਟਾਫ਼ ਵੀ ਭੇਜ ਦਿੱਤਾ ਸੀ। ਇਸ ਪ੍ਰੋਜੈਕਟ ਲਈ ਇਹਨਾਂ ਦੀ ਨਿਸ਼ਠਾ ਦਾ

ਜ਼ਿਕਰ ਕਰਦੇ ਹੋਏ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕ੍ਰਿਪਾਲ ਸਿੰਘ ਨਾਰੰਗ ਕਹਿੰਦੇ ਹਨ ਕਿ ‘ਨਿਰੁਕਤ ਦਾ ਕਾਰਜ ਬਹੁਤ ਬਹੁਤ ਕਠਿਨ ਹੈ। ਇਹ ਇਕ ਨਵਾਂ ਪ੍ਰਯਾਸ ਹੈ। ਇਸ ਲਈ ਅਨੇਕਾਂ ਧਰਮਾਂ ਦਾ ਤੁਲਨਾਤਮਕ ਅਧਿਐਨ ਕਰ ਸਕਣ ਵਾਲੇ ਵਿਅਕਤੀ ਦੀ ਲੋੜ ਹੈ। ਐਸੇ ਪੁਰਖ ਦਾ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਫ਼ਾਰਸੀ ਵਰਗੀਆਂ ਜ਼ਬਾਨਾਂ ਉਤੇ ਅਧਿਕਾਰ ਹੋਣਾ ਲਾਜ਼ਮੀ ਹੈ, ਨਾਲ ਹੀ ਉਸ ਦਾ ਆਤਮ ਚਿੰਤਨ ਵੀ ਗੰਭੀਰ ਹੋਵੇਗਾ। ਇਹ ਸਾਰੇ ਗੁਣ ਡਾਕਟਰ ਬਲਬੀਰ ਸਿੰਘ ਜੀ ਵਿਚ ਹਨ।’ ਡਾ. ਬਲਬੀਰ ਸਿੰਘ ਨੇ ਦੇਹਰਾਦੂਨ ਵਿਖੇ ਜਿਸ ਅਸਥਾਨ ਨੂੰ ਆਪਣੀ ਕਰਮ-ਭੂਮੀ ਬਣਾਇਆ ਸੀ ਉਹ ‘ਪੰਚਬਟੀ’ ਦੇ ਨਾਂ ਨਾਲ ਪ੍ਰਸਿੱਧ ਹੈ। ‘ਪੰਚਬਟੀ ਸੰਦੇਸ਼’ ਸਿਰਲੇਖ ਅਧੀਨ ਇੱਕ ਛਿਮਾਹੀ ਮੈਗਜ਼ੀਨ ਕੱਢਣ ਦੇ ਨਾਲ-ਨਾਲ ਇੱਥੇ ਨਿਰੁਕਤ ਦੀ ਸੰਪਾਦਨਾ ਦਾ ਕਾਰਜ ਚੱਲ ਰਿਹਾ ਹੈ। ਇੱਥੇ ਨਿਵਾਸ ਦੌਰਾਨ ਇਹਨਾਂ ਨੇ ਬਹੁਤ ਸਾਰਾ ਸਾਹਿਤਕ ਕਾਰਜ ਕੀਤਾ ਸੀ। ਭਾਈ ਵੀਰ ਸਿੰਘ ਦੁਆਰਾ ਇਕੱਤਰ ਕੀਤੀ ਦੁਰਲੱਭ ਲਾਇਬਰੇਰੀ ਇਹਨਾਂ ਨੇ ਆਪਣੇ ਨਿਵਾਸ ਅਸਥਾਨ ’ਤੇ ਸੰਭਾਲ ਲਈ ਸੀ ਜਿਹੜੀ ਕਿ ਮੌਜੂਦਾ ਸਮੇਂ ਵਿੱਚ ਇਹਨਾਂ ਦੀ ਯਾਦ ਵਿੱਚ ਬਣੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿਖੇ ਸੰਭਾਲ ਕੇ ਰੱਖੀ ਹੋਈ ਹੈ। 2 ਅਕਤੂਬਰ 1974 ਨੂੰ ਡਾ. ਸਾਹਿਬ ਇਸੇ ਕੇਂਦਰ ਵਿਖੇ ਹੀ ਅਕਾਲ ਚਲਾਣਾ ਕਰ ਗਏ ਸਨ ਅਤੇ ਇੱਥੇ ਹੀ ਇਹਨਾਂ ਦੀ ਯਾਦ ਸਥਾਪਿਤ ਕੀਤੀ ਹੋਈ ਹੈ। ਹਰ ਸਾਲ ਇਹਨਾਂ ਦੀ ਯਾਦ ਵਿਚ ਬਰਸੀ ਸਮਾਗਮ ਕਰਨ ਦੀ ਪਰੰਪਰਾ ਨਿਰੰਤਰ ਚਲਦੀ ਆ ਰਹੀ ਹੈ ਅਤੇ ਇਸ ਸਾਲ 2 ਅਕਤੂਬਰ ਨੂੰ ਇਹਨਾਂ ਦੇ ਅਕਾਲ ਚਲਾਣੇ ਦੇ 50 ਸਾਲ ਪੂਰੇ ਹੋ ਗਏ ਹਨ ਅਤੇ ਇਹਨਾਂ ਦੀ ਯਾਦ ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ।



# ਕੀਟਨਾਸ਼ਕ ਅਤੇ ਖਾਦਾਂ ਪੰਜਾਬ ਵਿੱਚ ਕੈਂਸਰ ਦਾ ਕਾਰਨ

**ਇੰਦਰਜੀਤ ਗੁਰਮ**

ਹਰ ਦੇਸ਼ ਦੀ ਅਰਥ-ਵਿਵਸਥਾ ਦੇ ਤਿੰਨ ਮਹੱਤਵਪੂਰਨ ਖੇਤਰ ਹੁੰਦੇ ਹਨ। ਸਨਅਤ ਖੇਤੀਬਾੜੀ ਅਤੇ ਇਨ੍ਹਾਂ ਨਾਲ ਜੁੜੀਆਂ ਸੇਵਾਵਾਂ। ਭਾਰਤ ਵਿੱਚ 18ਵੀਂ ਸਦੀ ਤੱਕ ਖੇਤੀ ਰਵਾਇਤੀ ਤਰੀਕਿਆਂ ਨਾਲ ਹੁੰਦੀ ਆ ਰਹੀ ਸੀ, ਜਿਸ ਕਾਰਨ ਦੇਸ਼ ਦੀ ਤਰੱਕੀ ਵਿੱਚ ਖੇਤੀ ਤੋਂ ਹੋਣ ਵਾਲੀ ਕਮਾਈ ਦਾ ਕੋਈ ਬਹੁਤ ਵੱਡਾ ਯੋਗਦਾਨ ਨਹੀਂ ਸੀ ਹੁੰਦਾ। ਭਾਰਤ ਵਿੱਚ 60-70 ਫ਼ੀਸਦੀ ਆਬਾਦੀ ਖੇਤੀ ਨਾਲ ਜੁੜੀ ਹੋਈ ਸੀ। ਦੁਨੀਆ ਦੇ ਬਾਕੀ ਦੇਸ਼ਾਂ ਦੀ ਤਰ੍ਹਾਂ ਭਾਰਤ ਵਿੱਚ ਵੀ ਆਬਾਦੀ ਬਹੁਤ ਤੇਜ਼ੀ ਨਾਲ ਵਧ ਰਹੀ ਸੀ। ਜਿਸ ਨਾਲ ਪੂਰੇ ਦੇਸ਼ ਵਿੱਚ ਅਨਾਜ ਦੀ ਕਮੀ ਆ ਰਹੀ ਸੀ। ਭਾਰਤ ਨੂੰ ਕਣਕ ਅਤੇ ਚੌਲ ਦਰਾਮਦ ਕਰਨੇ ਪੈਂਦੇ ਸਨ। ਇਸ ਨਾਲ ਖੇਤੀ ਤੋਂ ਹੋਣ ਵਾਲੀ ਕਮਾਈ ਵੀ ਕੋਈ ਜ਼ਿਆਦਾ ਨਹੀਂ ਸੀ। 1964-65 ਅਤੇ 1965-66 ਵਿੱਚ ਭਾਰਤ ਨੂੰ ਸੋਕੇ ਦਾ ਸਾਹਮਣਾ ਕਰਨਾ ਪਿਆ। 1966 ਵਿੱਚ ਭਾਰਤ ਦੀ ਉਸ ਵੇਲੇ ਦੀ ਸਰਕਾਰ ਨੇ ਭਾਰਤ ਵਿੱਚ ਹਰੀ ਕ੍ਰਾਂਤੀ ਨੂੰ ਅਜ਼ਮਾਉਣ ਦੇ ਨਿਰਦੇਸ਼ ਦਿੱਤੇ। ਪੰਜਾਬ ਦੀ ਜ਼ਮੀਨ ਉਪਜਾਊ ਹੋਣ ਕਾਰਨ ਪੰਜਾਬ ਵਿੱਚ ਇਸਨੂੰ ਅਜ਼ਮਾਉਣ ਦਾ ਫ਼ੈਸਲਾ ਹੋਇਆ। ਹਰੀ ਕ੍ਰਾਂਤੀ ਇੱਕ ਯੋਜਨਾਬੱਧ ਤਰੀਕੇ ਨਾਲ ਖੇਤੀ ਵਿੱਚ ਕੀਤੇ ਸੁਧਾਰਾਂ ਦੀ ਲੜੀ ਸੀ, ਜਿਸ ਨਾਲ ਫ਼ਸਲਾਂ ਦੀ ਪੈਦਾਵਾਰ ਵਧ ਸਕੇ। ਸਭ ਤੋਂ ਪਹਿਲਾਂ ਇੱਥੇ ਹਾਈਬ੍ਰਿਡ ਭਾਵ ਵੱਧ ਝਾੜ ਦੇਣ ਵਾਲੇ ਬੀਜਾਂ ਦੀ ਵਰਤੋਂ ਹੋਣ ਲੱਗੀ। ਕਣਕ ਅਤੇ ਝੋਨੇ ਦੀਆਂ ਨੀਵੇਂ ਜਾਂ ਮਧਰੇ ਕੱਦ ਵਾਲੀਆਂ ਫ਼ਸਲਾਂ ਦੀ ਖੇਤੀ ਕੀਤੀ ਗਈ। ਸੁਚੱਜੇ ਢੰਗ ਨਾਲ ਪਾਣੀ ਪਹੁੰਚਾਉਣ ਦੇ ਪ੍ਰਬੰਧ ਕੀਤੇ ਗਏ। ਟਿਊਬਵੈੱਲਾਂ ਦੇ ਕੁਨੈਕਸ਼ਨ ਅਤੇ ਹੋਰ ਸਿੰਚਾਈ ਦੇ ਸਾਧਨਾਂ ਦੀ ਪੈਦਾਵਾਰ ਵਧਾਈ ਗਈ। ਫ਼ਸਲਾਂ ਨੂੰ ਕੀੜੇ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਕੀਟਨਾਸ਼ਕ ਅਤੇ ਨਵੀਂ ਕਿਸਮ ਦੀਆਂ ਖਾਦਾਂ ਮੁਹੱਈਆ ਕਰਵਾਈਆਂ ਜਾਣ ਲੱਗੀਆਂ। ਛੋਟੇ ਕਿਸਾਨਾਂ ਨੂੰ ਘੱਟ ਵਿਆਜ ਦਰਾਂ 'ਤੇ ਕਰਜ਼ਾ ਮੁਹੱਈਆ ਕਰਵਾਇਆ ਜਾਣ ਲੱਗਾ, ਤਾਂ ਜੋ ਕਿਸਾਨ ਅਸਾਨੀ ਨਾਲ ਇਨ੍ਹਾਂ ਯੋਜਨਾਵਾਂ ਨੂੰ ਆਪਣੇ ਖੇਤਾਂ ਅੰਦਰ ਅਜ਼ਮਾ ਸਕਣ। ਫ਼ਸਲਾਂ ਨੂੰ ਬੀਜਣ ਅਤੇ ਕੱਟਣ ਲਈ ਆਧੁਨਿਕ ਮਸ਼ੀਨਾਂ ਅਤੇ ਔਜ਼ਾਰਾਂ ਨੂੰ ਵੀ ਵਧਾਇਆ ਗਿਆ ਅਤੇ ਉਨ੍ਹਾਂ ਦੀ ਪਹੁੰਚ ਕਿਸਾਨਾਂ ਤੱਕ ਆਸਾਨੀ ਨਾਲ ਕੀਤੀ ਗਈ। ਹਰੀ ਕ੍ਰਾਂਤੀ ਦੀਆਂ ਯੋਜਨਾਵਾਂ ਸ਼ੁਰੂ ਹੋਣ ਦਾ ਸਿੱਟਾ ਇਹ ਨਿਕਲਿਆ ਕਿ 1970 ਦੇ ਆਉਂਦੇ-ਆਉਂਦੇ ਦੇਸ਼ ਦੇ ਕੁੱਲ ਅਨਾਜ ਦਾ 70% ਹਿੱਸਾ ਪੰਜਾਬ ਤੋਂ ਜਾ ਰਿਹਾ ਸੀ। ਅਨਾਜ ਵਿੱਚ ਹਿੱਸਾ ਵਧਣ ਨਾਲ ਇੱਥੋਂ ਦੇ ਕਿਸਾਨਾਂ ਦੀ ਆਮਦਨ ਵੀ ਵਧਣ ਲੱਗੀ ਅਤੇ ਹਰੀ ਕ੍ਰਾਂਤੀ ਨੇ ਇੱਕ ਮਿਸਾਲ ਪੈਦਾ ਕੀਤੀ। ਆਉਣ ਵਾਲੇ ਕੁਝ ਸਾਲਾਂ ਵਿੱਚ ਹੀ ਭਾਰਤ ਭੁੱਖਮਰੀ ਤੋਂ ਬਾਹਰ ਆ ਗਿਆ ਅਤੇ ਅਨਾਜ ਦੂਸਰੇ ਦੇਸ਼ਾਂ ਨੂੰ ਭੇਜਣ ਯੋਗ ਵੀ ਬਣ ਗਿਆ। ਭਾਰਤ ਵਿੱਚ ਹਰੀ ਕ੍ਰਾਂਤੀ ਵਰਦਾਨ ਦੀ ਤਰ੍ਹਾਂ ਸਾਬਿਤ ਹੋਈ ਪਰ ਸਮਾਂ ਬੀਤਣ ਨਾਲ ਪੰਜਾਬ ਦੇ ਭਵਿੱਖ ਲਈ ਇਹ ਸਰਾਪ ਬਣ ਗਈ। ਇਸ ਨੇ ਪੰਜਾਬ ਦੇ ਛੋਟੇ ਕਿਸਾਨਾਂ ਦੇ ਜੀਵਨ ਨੂੰ ਮੁਸ਼ਕਿਲਾਂ ਨਾਲ ਭਰ ਦਿੱਤਾ। ਜ਼ਿਆਦਾ ਝਾੜ ਵਾਲੇ ਬੀਜ, ਫ਼ਸਲਾਂ ਦੀ ਪਨੀਰੀ, ਨਵੀਆਂ ਸਿੰਚਾਈ ਤਕਨੀਕਾਂ ਅਤੇ ਔਜ਼ਾਰਾਂ, ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ, ਇਨ੍ਹਾਂ ਸਭ ਚੀਜ਼ਾਂ ਨੂੰ ਖਰੀਦਣ ਲਈ ਛੋਟੇ ਕਿਸਾਨਾਂ ਨੂੰ ਕਰਜ਼ੇ ਲੈਣੇ ਪਏ। ਸਰਕਾਰੀ ਬੈਂਕਾਂ ਤੋਂ ਬਾਅਦ ਨਿੱਜੀ ਬੈਂਕ ਵੀ ਕਿਸਾਨਾਂ ਨੂੰ ਕਰਜ਼ੇ ਦੇਣ ਲੱਗ ਪਏ। ਪਰ। ਵਿਆਜ ਦਰ ਬਹੁਤ ਜ਼ਿਆਦਾ ਹੁੰਦੀ ਸੀ, ਜੋ ਕਿ ਜ਼ਿਆਦਾਤਰ ਘੱਟ ਪੜ੍ਹੇ-ਲਿਖੇ ਕਿਸਾਨ ਸਮਝ ਨਾ ਸਕੇ ਅਤੇ ਇੱਕ ਤੋਂ ਇੱਕ ਬਾਅਦ ਦੂਸਰੇ ਕਰਜ਼ੇ ਵਿੱਚ ਫ਼ਸਣ ਲੱਗੇ। ਬੀ.ਟੀ. ਕਪਾਹ ਦੇ ਬੀਜ ਵੇਚਣ ਵਾਲਿਆਂ ਦਾ ਦਾਅਵਾ ਸੀ ਕਿ ਫ਼ਸਲ ਦੀ ਕਾਸ਼ਤ ਲਈ ਕੀਟਨਾਸ਼ਕ ਦੀ ਲੋੜ ਨਹੀਂ ਰਹੇਗੀ। ਪਰ ਇਸ ਤਰ੍ਹਾਂ ਨਾ ਹੋਇਆ ਅਤੇ ਮਹਿੰਗੇ ਕੀਟਨਾਸ਼ਕਾਂ ਦਾ ਛਿੜਕਾਅ ਬੀ.ਟੀ. ਕਪਾਹ ਦੀ ਫ਼ਸਲ 'ਤੇ ਵੀ ਵਧਦਾ ਗਿਆ। ਨਤੀਜਾ ਇਹ ਨਿਕਲਿਆ ਕਿ ਬਹੁਤ ਸਾਰੇ ਕਿਸਾਨ ਕਰਜ਼ਾ ਨਾ ਮੋੜ ਸਕੇ ਅਤੇ ਖ਼ੁਦਕੁਸ਼ੀਆਂ ਦੇ ਰਾਹ ਵੱਲ ਤੁਰ ਪਏ।





ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਸਿਲਸਿਲਾ ਇਸੇ ਦੌਰ ਵਿੱਚ ਸ਼ੁਰੂ ਹੋਇਆ ਸੀ। ਕਿਸਾਨਾਂ ਤੋਂ ਇਲਾਵਾ ਹਰੀ ਕ੍ਰਾਂਤੀ ਦਾ ਮਾੜਾ ਪ੍ਰਭਾਵ ਵਾਤਾਵਰਨ ਅਤੇ ਆਮ ਲੋਕਾਂ ਨੂੰ ਵੀ ਸਹਿਣਾ ਪਿਆ। ਹਰੀ ਕ੍ਰਾਂਤੀ ਅੰਦਰ ਤੇਜ਼ੀ ਨਾਲ ਵਧਾਈ ਗਈ ਫ਼ਸਲਾਂ ਦੀ ਪੈਦਾਵਾਰ ਅਤੇ ਖ਼ਾਸ ਕਰਕੇ ਝੋਨੇ ਦੀ ਖੇਤੀ ਨੇ ਜ਼ਮੀਨ ਪਾਣੀ ਦੇ ਪੱਧਰ ਨੂੰ ਚਿੰਤਾਜਨਕ ਹੱਦ ਤੱਕ ਘਟਾ ਦਿੱਤਾ।

ਨਵੀਂ ਕਿਸਮ ਦੀਆਂ ਫ਼ਸਲਾਂ ਉੱਪਰ ਹੁੰਦੀਆਂ ਕੀਟਨਾਸ਼ਕਾਂ ਅਤੇ ਖਾਦਾਂ ਦੀਆਂ ਸਪਰੇਆਂ ਨੇ ਜ਼ਮੀਨ 'ਤੇ ਵੀ ਬਹੁਤ ਮਾੜਾ ਅਸਰ ਪਾਇਆ, ਨਾਲ ਹੀ ਇਨ੍ਹਾਂ ਨੇ ਫ਼ਸਲਾਂ ਦੇ ਪੋਸ਼ਕ ਤੱਤਾਂ ਨੂੰ ਵੀ ਖ਼ਤਮ ਕਰ ਦਿੱਤਾ। ਹੌਲੀ-ਹੌਲੀ ਇਹ ਕੀਟਨਾਸ਼ਕ ਅਤੇ ਖਾਦਾਂ ਬਿਮਾਰੀਆਂ ਦਾ ਕਾਰਨ ਬਣਨ ਲੱਗੇ। ਪਰ ਜ਼ਿਆਦਾ ਪੈਦਾਵਾਰ ਅਤੇ ਮੁਨਾਫ਼ੇ ਦੇ ਆਦੀ ਕਿਸਾਨਾਂ ਨੇ ਇਨ੍ਹਾਂ ਦਾ ਪ੍ਰਯੋਗ ਉਸੇ ਤਰ੍ਹਾਂ ਜਾਰੀ ਰੱਖਿਆ ਅਤੇ ਅੱਜ ਹਰੀ ਕ੍ਰਾਂਤੀ ਦੇ ਸ਼ੁਰੂ ਹੋਣ ਤੋ 58 ਸਾਲ ਬਾਅਦ ਵੀ ਇਹ ਸਾਰਾ ਕੁਝ ਉਸੇ ਤਰ੍ਹਾਂ ਚੱਲ ਰਿਹਾ ਹੈ। ਪੰਜਾਬ ਦੇ ਜ਼ਿਆਦਾਤਰ ਖੇਤਰ ਕੈਂਸਰ, ਚਮੜੀ ਦੇ ਰੋਗ, ਦਿਮਾਗ਼ੀ ਬਿਮਾਰੀਆਂ ਅਤੇ ਹੋਰ ਜਾਨਲੇਵਾ ਬਿਮਾਰੀਆਂ ਦੇ ਨਾਲ ਪੀੜਤ ਹਨ। ਇਨ੍ਹਾਂ ਤੋਂ ਇਲਾਵਾ ਔਰਤਾਂ-ਮਰਦਾਂ ਅੰਦਰ ਬਾਂਝਪਣ ਅਤੇ ਬੱਚਿਆਂ ਅੰਦਰ ਵਿਕਲਾਂਗਤਾ ਵੀ ਇਸੇ ਦੇ ਦੁਸ਼-ਪ੍ਰਭਾਵ ਹਨ। ਇਨ੍ਹਾਂ ਕੀਟਨਾਸ਼ਕਾਂ ਦਾ ਜ਼ਹਿਰ ਹੁਣ ਮਿੱਟੀ ਅਤੇ ਫ਼ਸਲਾਂ ਤੋਂ ਹੁੰਦਾ ਹੋਇਆ ਸਾਡੇ ਪਾਣੀ ਅਤੇ ਹਵਾ ਨੂੰ ਵੀ ਦੂਸ਼ਿਤ ਕਰ ਚੁੱਕਾ ਹੈ। ਮਾਲਵੇ ਦੇ ਜ਼ਿਆਦਾਤਰ ਖੇਤਰ ਹੁਣ ਪੰਛੀਆਂ ਅਤੇ ਜਾਨਵਰਾਂ ਤੋਂ ਵੀ ਸੱਖਣੇ ਹੁੰਦੇ ਜਾ ਰਹੇ ਹਨ ਅਤੇ ਕੈਂਸਰ ਦਾ ਗੜ੍ਹ ਬਣਦੇ ਜਾ ਰਹੇ ਹਨ। ਮਾਲਵੇ ਦੇ ਇਹ ਖੇਤਰ ਹਰੀ ਕ੍ਰਾਂਤੀ ਦੇ ਨਾਂਅ ਥੱਲ੍ਹੇ ਮਨੁੱਖੀ ਜਾਨਾਂ ਨਾਲ ਹੋਏ ਖਿਲਵਾੜ ਦਾ ਸਾਫ਼-ਸਾਫ਼ ਨਮੂਨਾ ਹਨ। ਅਖੀਰ ਵਿਚ ਇਹੀ ਕਹਾਂਗੇ ਕਿ ਹਰੀ ਕ੍ਰਾਂਤੀ ਨੇ ਦੇਸ਼ ਦਾ ਢਿੱਡ ਭਰਨ ਅਤੇ ਇੱਕ ਨਵੀਂ ਅਰਥ-ਵਿਵਸਥਾ ਖੜ੍ਹੀ ਕਰਨ ਦਾ ਕੰਮ ਤਾਂ ਬਹੁਤ ਵਧੀਆ ਕੀਤਾ ਪਰ ਇਸਦੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਸਮੇਂ ਸਿਰ ਕਾਬੂ ਕਰਨ ਦੀ ਸਖ਼ਤ ਲੋੜ ਸੀ ਤਾਂ ਜੋ ਹਵਾ, ਪਾਣੀ, ਮਿੱਟੀ ਅਤੇ ਇੱਥੋ ਦੇ ਲੋਕਾਂ ਦੀ ਸਿਹਤ ਨਾਲ ਹੋਰ ਖਿਲਵਾੜ ਨਾ ਹੁੰਦਾ ਪਰ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਦੇਸ਼ ਦੀਆਂ ਸਰਕਾਰਾਂ ਨੂੰ ਬਾਕੀ ਮਸਲਿਆਂ ਵਾਂਗ ਇਸ ਮਸਲੇ 'ਤੇ ਵੀ ਗੰਭੀਰਤਾ ਦਿਖਾਉਣੀ ਚਾਹੀਦੀ ਹੈ, ਤਾਂ ਜੋ ਰੰਗਲਾ ਪੰਜਾਬ ਮੁੜ ਹੋਂਦ ਵਿੱਚ ਆ ਸਕੇ। ਇਹ ਕਹਿਣਾ ਵੀ ਗ਼ਲਤ ਨਹੀ ਹੋਵੇਗਾ ਕਿ ਇਹ ਹਰੀ ਕ੍ਰਾਂਤੀ ਪੰਜਾਬ ਲਈ ਹੁਣ ਕੈਂਸਰ ਕ੍ਰਾਂਤੀ ਸਾਬਤ ਹੋ ਰਹੀ ਹੈ, ਜਿਸ ਦਾ ਸੰਤਾਪ ਪੰਜਾਬ ਅਜੇ ਹੋਰ ਪਤਾ ਨਹੀਂ ਕਿੰਨੇ ਸਾਲ ਤੱਕ ਭੁਗਤੇਗਾ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਗਡੀ-ਲੁਹਾਰ ਰਾਜਸਥਾਨ ਦੇ ਟੱਪਰੀਵਾਸ ਕਬੀਲੇ ਦਾ ਸੱਭਿਆਚਾਰ







**ਡਾ. ਬਿਕਰਮਜੀਤ ਸਿੰਘ**

ਗੱਡੀਆ ਲੋਹਾਰ ਜਾਂ ਗੱਡੀ-ਲੁਹਾਰ ਰਾਜਸਥਾਨ ਵਿੱਚ ਇੱਕ ਟੱਪਰੀਵਾਸ ਕਬੀਲਾ ਹੈ । ਇਹ ਲੋਕ ਮੱਧ ਪ੍ਰਦੇਸ਼ ਦੇ ਮਾਲਵਾ ਖੇਤਰ ਵਿੱਚ ਵੀ ਮਿਲਦੇ ਹਨ । ਇਹ ਟੋਲੀਆਂ ਵਿੱਚ ਜੀਵਨ ਬਤੀਤ ਕਰਦੇ ਹਨ ਅਤੇ ਆਪਣਾ ਸਾਰਾ ਸਾਮਾਨ ਗੱਡੀਆਂ ਉੱਤੇ ਲੱਦ ਕੇ ਰੱਖਦੇ ਹਨ। ਇਹ ਲੋਹਾਰਾ ਕੰਮ ਕਰਦੇ ਹਨ। ਇਸੇ ਲਈ ਇਨ੍ਹਾਂ ਨੂੰ ਗੱਡੀ ਲੋਹਾਰ ਕਿਹਾ ਜਾਂਦਾ ਹੈ । ਇਨ੍ਹਾਂ ਲੋਕਾਂ ਨੂੰ ਪੰਜਾਬ ਵਿੱਚ ਗੱਡੀਆਂ ਵਾਲੇ ਕਿਹਾ ਜਾਂਦਾ ਹੈ। ਛੋਟੇ-ਮੋਟੇ ਖੇਤੀ ਸੰਦਾਂ ਦੀ ਰਿਪੇਅਰ ਚਿਮਟੇ, ਤੱਕਲੇ, ਖੁਰਚਣੇ ਬਣਾਉਣਾ, ਬੱਠਲਾਂ, ਬਾਲਟੀਆਂ ਨੂੰ ਥੱਲੇ ਅਤੇ ਡੱਬਿਆਂ, ਪੀਪਿਆਂ ਨੂੰ ਢੱਕਣ ਲਾਉਣੇ ਇਨ੍ਹਾਂ ਦਾ ਮੁੱਖ ਕੰਮ ਹੈ। ਇਨ੍ਹਾਂ ਦਾ ਪਿਛੋਕੜ ਰਾਜਸਥਾਨ ਦੇ ਸ਼ਹਿਰ ਚਿਤੌੜਗੜ੍ਹ ਦਾ ਹੈ। ਪਿੰਡਾਂ ਵਿੱਚ ਆਪਣੀਆਂ ਬੈਲ ਗੱਡੀਆਂ ਨੂੰ ਕਾਫ਼ਲੇ ਦੇ ਰੂਪ 'ਚ ਲੈ ਕੇ ਘੁੰਮਣ ਵਾਲੇ ਇਨ੍ਹਾਂ ਲੋਕਾਂ ਨੂੰ ਪੰਜਾਬ ਵਿੱਚ ਗੱਡੀਆਂ ਵਾਲੇ ਸ਼ਬਦ ਨਾਲ ਪੁਕਾਰਿਆ ਜਾਂਦਾ ਹੈ। ਪਿੰਡਾਂ ਵਿੱਚ ਇਨ੍ਹਾਂ ਦਾ ਅਧਾਰ ਹੁਣ ਘੱਟ ਚੁੱਕਾ ਹੈ। ਪਰ ਫ਼ਿਰ ਵੀ ਘਰਾਂ ਦੇ ਚੁੱਲ੍ਹਿਆਂ ਦੀ ਸਵਾਹ ਕੱਢਣ ਵਾਲੀਆਂ ਕੜਛੀਆਂ, ਚਿਮਟੇ, ਤੱਕਲੇ, ਖੁਰਚਣੇ, ਬੱਠਲ ਰਿਪੇਅਰ ਕਰਨੇ, ਡੱਬਿਆਂ, ਪੀਪਿਆਂ ਨੂੰ ਢੱਕਣ ਲਾਉਣਾ ਇਨ੍ਹਾਂ ਦਾ ਮੁੱਖ ਕੰਮ ਜਾਰੀ ਹੈ । ਰਾਜਸਥਾਨ ਵਿੱਚ ਅਮਿਟ ਰਹਿਣ ਵਾਲੇ ਮਹਾਰਾਣਾ ਪ੍ਰਤਾਪ ਦੀ ਅਕਬਰ ਕੋਲੋਂ ਹੋਈ ਹਾਰ ਤੋਂ ਬਾਅਦ ਇਹ ਲੋਕ ਆਪਣੇ ਘਰਾਂ ਨੂੰ ਤਿਆਗ ਕਬੀਲਿਆਂ ਦੇ ਰੂਪ 'ਚ ਆਏ ਦੱਸੇ ਜਾਂਦੇ ਹਨ। ਇਸ ਦੀ ਪੁਸ਼ਟੀ ਪੰਜਾਬੀ







ਯੂਨੀਵਰਸਿਟੀ ਵਲੋਂ ਆਪਣੇ ਸੱਭਿਆਚਾਰ ਤੇ ਵਿਰਸੇ ਦੀ ਸੰਭਾਲ ਹਿੱਤ ਕਿਰਪਾਲ ਕਜ਼ਾਕ ਦੁਆਰਾ ਸੰਪਾਦਿਤ ਕਿਤਾਬ ਗੱਡੀ ਲੁਹਾਰ ਕਬੀਲੇ ਦਾ ਸੱਭਿਆਚਾਰ ਰਾਹੀਂ ਵੀ ਕੀਤੀ ਗਈ । ਕੁਝ ਸਦੀਆਂ ਪਹਿਲਾਂ ਗੱਡੀ ਲੁਹਾਰ ਰਾਜਪੂਤ ਸ਼ਾਨੋ-ਸ਼ੌਕਤ ਨਾਲ ਆਪਣੀ ਮੁੱਖ ਧਾਰਾ ਨਾਲੋਂ ਟੁੱਟ ਗਏ ਸਨ। ਆਪਣੀ ਜਨਮ ਭੋਇ ਨੂੰ ਤਿਆਗ ਕੇ ਟੱਪਰੀਵਾਸ ਕਬੀਲੇ ਦੇ ਰੂਪ 'ਚ ਪ੍ਰਵਰਤਿਤ ਹੋ ਗਏ ਸਨ। ਉਸ ਤੋਂ ਪਹਿਲਾਂ ਇਹ ਲੋਕ ਰਾਜਪੂਤਾਂ ਦੀਆਂ ਉਚ ਜਾਤੀਆਂ 'ਚੋਂ ਸਮਝੇ ਜਾਂਦੇ ਸਨ।

ਇਹ ਲੋਕ ਆਪਣੇ-ਆਪ ਨੂੰ ਮਹਾਰਾਣਾ ਪ੍ਰਤਾਪ ਸਿੰਘ ਦੇ ਪੈਰੋਕਾਰ ਸਮਝਦੇ ਹਨ, ਜਿਸ ਸੰਬੰਧੀ ਇਤਿਹਾਸਕ ਹਵਾਲੇ ਵੀ ਦਿੱਤੇ ਜਾ ਸਕਦੇ ਹਨ, ਜਿਨ੍ਹਾਂ ਵਿੱਚ ਇਨ੍ਹਾਂ ਦਾ ਪ੍ਰਣ ਹੈ ਕਿ ਚਿਤੌੜ ਉਦੋਂ ਤੱਕ ਨਹੀਂ ਜਾਣਾ ਜਦੋਂ ਤੱਕ ਬਣਦਾ ਸਤਿਕਾਰ ਫ਼ਿਰ ਪ੍ਰਾਪਤ ਨਾ ਕੀਤਾ ਜਾ ਸਕੇ। ਮਹਾਰਾਣਾ ਪ੍ਰਤਾਪ ਦੇ ਨਾਲ ਜੁੜੇ ਰਾਜਪੂਤਾਂ ਨੇ ਇਸ ਅਹਿਦ ਦੀ ਪੂਰਤੀ ਲਈ ਹੀ ਘਰ-ਬਾਰ ਤਿਆਗੇ ਸਨ। ਆਪਣੇ ਪਰਿਵਾਰ ਸਮੇਤ ਜੰਗਲਾਂ 'ਚ ਰਹਿ ਕੇ ਮੁਗ਼ਲ ਸ਼ਾਸਕਾਂ ਵਿਰੁੱਧ ਲੜੀ ਲੰਬੀ ਲੜਾਈ ਨੂੰ ਇਹ ਹਾਰ ਗਏ ਸਨ ਤੇ ਇਨ੍ਹਾਂ ਦਾ ਵਕਾਰ ਗੁਆਚ ਗਿਆ ਸੀ ।

ਪਰ ਇਤਿਹਾਸਕਾਰਾਂ ਅਨੁਸਾਰ ਵੀ ਰਾਜਪੂਤ ਲੋਕ ਅਕਬਰ ਤੋਂ ਹਾਰਨ ਉਪਰੰਤ ਆਪਣੀ ਅਣਖ ਆਬਰੂ ਦੀ ਦੁਬਾਰਾ ਪ੍ਰਾਪਤੀ ਤੱਕ ਚਿਤੌੜ ਦੀ ਮਿੱਟੀ ਨੂੰ ਨਾ ਛੂਹਣ ਲਈ ਵਚਨਬੱਧ ਹੋ ਗਏ ਸਨ। ਉਨ੍ਹਾਂ ਦਾ ਖੁਫ਼ੀਆ ਐਲਾਨ ਸੀ, ਜਦੋਂ ਤੱਕ ਚਿਤੌੜ 'ਚ ਗੁਆਚਿਆ ਵਕਾਰ ਬਹਾਲ ਨਹੀਂ ਹੋ ਜਾਂਦਾ, ਉਹ ਉਦੋਂ ਤੱਕ ਟਿਕ ਕੇ ਨਹੀਂ ਬੈਠਣਗੇ। ਕਾਫ਼ਲਿਆਂ 'ਚ ਘੁੰਮਦੇ ਰਹਿਣਗੇ ਤੇ ਕਿਸੇ ਤੋਂ ਮੰਗ ਕੇ ਨਹੀਂ ਖਾਣਗੇ। ਹੁਣ ਤੱਕ ਇਹ ਛੋਟਾ-ਮੋਟਾ ਤਰਖਾਣਾ, ਲੁਹਾਰਾ ਕੰਮ ਕਰਕੇ ਆਪਣਾ ਡੰਗ ਟਪਾ ਰਹੇ ਹਨ। ਰਾਣਾ ਪ੍ਰਤਾਪ ਨੇ ਰਾਜਪੂਤਾਂ ਦੀਆਂ ਖਿਲਰੀਆਂ ਸ਼ਕਤੀਆਂ ਨੂੰ ਇਕੱਠਾ ਕਰਨ ਦਾ ਕੰਮ ਆਰੰਭਿਆ। ਉਸ ਨੇ ਰਾਜਪੂਤ ਕੌਮ ਵਿੱਚ ਨਵੀਂ ਰੂਹ ਫ਼ੂਕੀ। ਰਾਣਾ ਪ੍ਰਤਾਪ ਦੇ ਮਨਾਹੀਆ ਨਿਯਮਾਂ ਦੀ ਗੱਡੀਆਂ ਵਾਲੇ ਅੱਜ ਵੀ ਪਾਲਣਾ ਕਰ ਰਹੇ ਹਨ। ਜਿਵੇਂ ਕਿ ਮੇਵਾੜ ਦੀ ਸੁਤੰਤਰਤਾ ਤੱਕ, ਰਾਜ ਮਹਿਲਾਂ ਦਾ ਤਿਆਗ। ਪੰਜ ਧਾਤੂ- ਸੋਨਾ, ਚਾਂਦੀ, ਤਾਂਬਾ, ਪਿੱਤਲ ਬਰਤਨਾਂ ਦੀ ਭੋਜਨ ਸਮੇਂ ਵਰਤੋਂ ਦੀ ਮਨਾਹੀ। ਪਲੰਘਾਂ ਦੀ ਸੇਜ-ਵਰਜਨਾ, ਦਾੜ੍ਹੀ-ਮੁੱਛ ਕਤਰਨੀਂ ਵਰਜਿਤ, ਯੁੱਧ ਨਗਾਰੇ ਦੀ ਵਰਤੋਂ ਮਨ੍ਹਾਂ ਇਤਿਹਾਸ ਅਨੁਸਾਰ ਮੇਵਾੜ ਦੀ ਅਕਬਰ ਦੁਆਰਾ ਕੀਤੀ ਤਬਾਹੀ ਦੀ ਹਾਲਤ ਵੇਖ ਕੇ ਰਾਣਾ ਪ੍ਰਤਾਪ ਦੇ ਮਨ 'ਚ ਪੀੜਾ ਉੱਠਦੀ ਸੀ। ਦੁਬਾਰਾ ਜਿੱਤ ਦੀ ਲਾਲਸਾ ਨੂੰ ਲੈ ਕੇ ਟੁੱਟ ਚੁੱਕੇ ਲੋਕਾਂ ਨੇ ਕਮਲਮੀਰ ਕਿਲ੍ਹੇ 'ਚ ਇਕੱਠ ਕੀਤਾ। ਗੁਰੀਲਾ ਫ਼ੌਜ ਲਈ ਵੱਡੇ ਪੱਧਰ 'ਤੇ ਭਰਤੀ ਆਰੰਭੀ। ਭਰਤੀ ਦੌਰਾਨ ਪ੍ਰਤਾਪ ਵਲੋਂ ਸ਼ਰਤ ਰੱਖੀ ਗਈ ਕਿ ਜੋ ਯੋਧਾ ਲੜਨਾ ਚਾਹੁੰਦਾ ਹੈ, ਉਹ ਘਰ-ਬਾਰ ਛੱਡ ਕੇ ਮੇਰੇ ਕੋਲ ਆਵੇ। ਗੱਡੀਆਂ ਵਾਲਿਆਂ ਲੋਕਾਂ ਦੇ ਵਡੇਰੇ ਰਾਣਾ ਪ੍ਰਤਾਪ ਵਲੋਂ ਬਣਾਈ ਜਾ ਰਹੀ ਫ਼ੌਜ 'ਚ ਸ਼ਾਮਿਲ ਹੋ ਗਏ। ਇਸ ਤੋਂ ਇਲਾਵਾ ਕਬੀਲਾ ਬਜ਼ੁਰਗਾਂ ਦੇ ਦੱਸਣ ਅਨੁਸਾਰ ਲੁਹਾਰਗੜ੍ਹ ਵਿੱਚ ਰਹਿਣ ਵਾਲੇ ਗੱਡੀ ਲੁਹਾਰ ਰਾਜਪੂਤਾਂ ਨੇ ਚਿਤੌੜਗੜ੍ਹ ਦੇ ਸ਼ਾਸਕਾਂ ਲਈ ਕਈ ਤਰ੍ਹਾਂ ਦੇ ਹਥਿਆਰ ਬਣਾਉਣ ਦਾ ਕੰਮ ਵੀ ਕੀਤਾ ਹੈ, ਜਿਨ੍ਹਾਂ 'ਚ ਵਿਸ਼ੇਸ਼ ਤੌਰ 'ਤੇ ਤੋਪਾਂ ਦਾ ਨਾਂਅ ਲਿਆ ਜਾਂਦਾ ਹੈ।

1. ਕੰਕਰਪਾਨੀ, 2. ਧੁਰਧਾਨੀ

ਇਹ ਦੋਵੇਂ ਤੋਪਾਂ ਅਕਬਰ ਚਿਤੌੜਗੜ੍ਹ ਨੂੰ ਜਿੱਤ ਲੈਣ ਉਪਰੰਤ ਵੀ ਨਾਲ ਨਹੀਂ ਲਿਜਾ ਸਕਿਆ। ਹੋਰ ਬਹੁਤ ਕੁਝ ਲੁੱਟਣ ਦੇ ਨਾਲ ਉਹ ਸ਼ਿਆਮ ਚੈਰਾਗ ਅਤੇ ਰਣਜੀਤ ਨਗਾਰਾ ਵੀ ਨਾਲ ਲੈ ਗਿਆ ਸੀ। ਗੱਡੀਆਂ ਵਾਲੇ ਕਬੀਲੇ ਦੇ ਲੋਕ ਇਸ ਨੂੰ ਕਲੰਕ ਦੇ ਰੂਪ 'ਚ ਮੰਨਦੇ ਹਨ, ਕਿਉਂਕਿ ਕਬੀਲੇ ਦੇ ਪੁਰਖੇ ਉਸ ਸਮੇਂ ਲੋਹਗੜ੍ਹ ਦੀ ਲਖੋਦਾ ਬਾਰੀ ਵਿਚੋਂ ਭੱਜ ਨਿਕਲੇ ਸਨ, ਜਿਸ ਸਮੇਂ ਜੈਮਲ ਅਤੇ ਪੱਤੋ, ਅਕਬਰ ਦੇ ਵਿਰੁੱਧ ਵੱਡਾ ਜੰਗ ਲੜ ਰਹੇ ਸਨ।

ਬੇਸ਼ੱਕ ਇਸ ਕਬੀਲੇ ਨੇ ਵੱਖ-ਵੱਖ ਥਾਵਾਂ ਉੱਪਰ ਜਾ ਕੇ ਜ਼ਿੰਦਗੀ ਦੀ ਬਸਰ ਕੀਤੀ ਹੈ ਪਰ ਇਹ ਕਬੀਲਾ ਖੁਸ਼ਨੁਮਾ ਜ਼ਿੰਦਗੀ ਛੋਟੇ-ਛੋਟੇ ਪਲਾਂ ਵਿੱਚ ਗੁਜ਼ਾਰਦਾ ਹੈ।

# ਗਲ਼ੀ-ਗਲ਼ੀ ਵਣਜਾਰਾ ਫ਼ਿਰਦਾ



**ਸੋਮ ਸਿੰਘ ਰਾਠੌਰ**

ਪੰਜਾਬੀ ਸੱਭਿਆਚਾਰ ਖ਼ਾਸ ਕਰਕੇ ਪੇਂਡੂ ਖੇਤਰ ਵਿਚੋਂ ਬਹੁਤ ਸਾਰੇ ਅਜਿਹੇ ਕਿੱਤੇ ਸਨ ਜੋ ਸਮੇਂ ਦੇ ਨਾਲ ਨਾਲ ਆਪਣੀ ਹੋਂਦ ਗੁਆ ਚੁੱਕੇ ਹਨ। ਇਨ੍ਹਾਂ ਹੀ ਕਿੱਤਿਆਂ 'ਚੋਂ ਇਕ ਕਿੱਤਾ ਸੀ 'ਵਣਜਾਰਾ' ਜੋ ਸਾਡੇ ਸਮਾਜ ਵਿੱਚ ਵੱਖਰੀ ਪਛਾਣ ਰੱਖਦਾ ਸੀ। ਭਾਵੇਂ ਕਿ ਇਨ੍ਹਾਂ ਕਿੱਤਿਆਂ ਨਾਲ ਸਬੰਧਿਤ ਲਿਖੇ ਗਏ ਅਤੇ ਗਾਏ ਗਏ ਗੀਤ ਅੱਜ ਵੀ ਸਾਡੇ ਸਮਾਜ ਵਿੱਚ ਆਪਣਾ ਮੁਕਾਮ ਬਾਖ਼ੂਬੀ ਬਣਾਈ ਬੈਠੇ ਹਨ-

'ਆ ਵਣਜਾਰਿਆ, ਬਹਿ ਵਣਜਾਰਿਆ ਕਿਥੇ ਕੁ ਤੇਰਾ ਘਰ ਵੇ'

ਆਮ ਜ਼ਿੰਦਗੀ ਵਿੱਚ ਬਦਲਦੇ ਹਾਲਾਤ ਮੁਤਾਬਿਕ ਸ਼ਹਿਰਾਂ ਵਾਲੀਆਂ ਸਹੂਲਤਾਂ ਪਿੰਡਾਂ ਵਿੱਚ ਮਿਲਣ ਕਰਕੇ ਵਣਜਾਰੇ ਦਾ ਕਿੱਤਾ ਤਕਰੀਬਨ-ਤਕਰੀਬਨ ਆਪਣੀ ਹੋਂਦ ਗੁਆ ਚੁੱਕਾ ਹੈ। ਪੇਂਡੂ ਖੇਤਰ ਵਿੱਚ ਉਨ੍ਹਾਂ ਪੁਰਾਣੇ ਸਮਿਆਂ ਵਿੱਚ ਅੱਜ ਦੀ ਤਰ੍ਹਾਂ ਸ਼ਹਿਰੀ ਸਹੂਲਤਾਂ ਨਹੀਂ ਸਨ। ਕਿਤੇ ਸਾਲ ਛਿਮਾਹੀ ਕਿਸੇ ਮੇਲੇ 'ਤੇ ਹੀ ਕੁੜੀਆਂ ਜਾਂ ਵਿਆਹੀਆਂ (ਨੂੰਹਾਂ) ਆਪਣੀਆਂ ਸੱਸਾਂ ਨਾਲ ਨਨਾਣਾਂ ਨਾਲ ਜਾ ਸਕਦੀਆਂ ਸਨ ਅਤੇ ਆਪਣੇ ਹਾਰ-ਸ਼ਿੰਗਾਰ ਦਾ ਸਮਾਨ ਖ਼ਰੀਦ ਸਕਦੀਆਂ ਸਨ। ਉਨ੍ਹਾਂ ਹੀ ਸਮਿਆਂ ਵਿੱਚ ਪਿੰਡ-ਪਿੰਡ ਵਣਜਾਰੇ ਫ਼ੇਰੀ ਲਾ ਕੇ ਆਪਣੇ ਸਮਾਨ ਵੇਚਿਆ ਕਰਦੇ ਸਨ। ਇਹ ਫ਼ੇਰੀ ਵਾਲੇ ਆਪਣੇ ਸਾਇਕਲ ਪਿਛੇ ਬੰਨ੍ਹੀ ਲੱਕੜ ਦੀ ਪੇਟੀ ਵਿੱਚ ਸਾਰਾ ਸਮਾਨ ਰੱਖ ਕੇ ਗਲੀ-ਗਲੀ ਹੋਕਾ ਦੇ ਕੇ ਆਪਣਾ ਸਮਾਨ ਵੇਚਦੇ ਸਨ। ਕਈ-ਕਈ ਵਣਜਾਰੇ ਪਿੰਡ ਵਿੱਚ ਕਿਤੇ ਖੁੱਲ੍ਹੀ ਜਗ੍ਹਾ 'ਤੇ ਆਪਣਾ ਸਮਾਨ ਸੁਨਿਆਰੀ ਦੀ ਦੁਕਾਨ ਵਾਂਗੂੰ ਸਜਾ ਕੇ ਫ਼ਿਰ ਗਲੀ ਦੇ ਇੱਕ ਸਿਰੇ ਤੋਂ ਦੂਸਰੇ ਸਿਰੇ ਤੱਕ ਹੋਕਾ ਦਿੰਦਾ ਸੀ ਕਿ ਮੈਂ ਇਸ ਜਗ੍ਹਾ ਸਮਾਨ ਲਗਾਇਆ ਹੈ। ਉਸ ਦੇ ਇਸ ਸਜਾਏ ਹੋਏ ਸਮਾਨ ਵਿੱਚ ਚੂੜੀਆਂ, ਸੁਰਖੀਆਂ, ਪਾਊਡਰ ਨੇਲ ਪਾਲਿਸ਼, ਬਿੰਦੀਆਂ ਤੋਂ ਇਲਾਵਾ ਕੁੜੀਆਂ, ਵਹੁਟੀਆਂ ਦੇ ਵਰਤਣ ਵਾਲਾ ਸਾਰਾ ਸਮਾਨ ਹੁੰਦਾ ਸੀ। ਕੁੜੀਆਂ ਅਤੇ ਸੱਜ-ਵਿਆਹੀਆਂ ਆਣ ਕੇ ਆਪੋ-ਆਪਣੀ ਪਸੰਦ ਦਾ ਸਮਾਨ ਖ਼ਰੀਦ ਲੈਂਦੀਆਂ ਸਨ।

ਕੁੜੀਆਂ ਵੀ ਰੰਗ-ਬਰੰਗੀਆਂ ਚੂੜੀਆਂ ਚੜ੍ਹਾ ਕੇ ਅਤੇ ਇਕ ਦੂਸਰੀ ਨੂੰ ਮਜ਼ਾਕ ਕਰਦੀਆਂ। ਇਸ ਤਰ੍ਹਾਂ ਦੁਕਾਨ 'ਤੇ ਖ਼ੂਬ ਰੌਣਕ ਲੱਗੀ ਰਹਿੰਦੀ। ਨੌਜਵਾਨ ਮੁੰਡੇ ਵੀ ਉਸ ਦੀ ਦੁਕਾਨ 'ਤੇ ਕੰਘਾ, ਸ਼ੀਸ਼ਾ, ਮੋਚਨਾ, ਰੁਮਾਲ ਆਦਿ ਕੇ ਵੀ ਖ਼ਰੀਦ ਲੈਂਦੇ। ਇਦਾਂ ਵਣਜਾਰੇ ਨੂੰ ਚੋਖੀ ਕਮਾਈ ਹੋ ਜਾਂਦੀ ਸੀ। ਭਲੇ ਵੇਲੇ ਹੋਣ ਕਰ ਕੇ ਦੁਕਾਨ ਦੇ ਸਾਹਮਣੇ ਜਾਂ ਆਂਢ-ਗੁਆਂਢ ਦੇ ਘਰ ਤੋਂ ਹੀ ਉਹ ਰੋਟੀ ਪਾਣੀ ਛੱਕ ਲੈਂਦਾ ਸੀ। ਇਹ ਕਿੱਤਾ ਚੰਗੇ ਆਚਰਣ ਦਾ ਹੁੰਦਾ ਸੀ ਕਿਉਂਕਿ ਕਿਸੇ ਵੀ ਅਣਜਾਣ ਵਿਅਕਤੀ ਕੋਲੋਂ ਹਰੇਕ ਧੀ-ਧਿਆਣੀ ਨੇ ਵੰਗਾਂ ਚੜ੍ਹਾਉਣੀਆਂ ਹੁੰਦੀਆਂ ਸਨ। ਕਈ ਵਣਜਾਰਿਆਂ ਦੇ ਨਾਲ ਉਨ੍ਹਾਂ ਦੀਆਂ ਪਤਨੀਆਂ ਵੀ ਆ ਕੇ ਕੰਮ ਵਿੱਚ ਹੱਥ ਵਟਾਉਂਦੀਆਂ ਸਨ। ਕਈ ਪੱਕੇ ਵਣਜਾਰੇ ਮਹੀਨੇ ਕੁ ਬਾਅਦ ਫ਼ੇਰੀ ਪਾਈ ਰੱਖਦੇ ਸਨ। ਉਨ੍ਹਾਂ ਦੀ ਚੰਗੀ ਰੋਟੀ-ਰੋਜ਼ੀ ਚੱਲਦੀ ਸੀ। ਸਮੇਂ ਦੇ ਪਰਿਵਰਤਨ ਨਾਲ ਪੜ੍ਹੀਆਂ-ਲਿਖੀਆਂ ਲੜਕੀਆਂ ਦਾ ਸ਼ਹਿਰਾਂ 'ਚ ਆਮ ਆਉਣਾ-ਜਾਣਾ ਜਾਂ ਪੜ੍ਹਨ ਆਉਣਾ, ਬਾਕੀ ਪਿੰਡਾਂ 'ਚ ਸੁਨਿਆਰੀ ਦੀਆਂ ਦੁਕਾਨਾਂ ਦਾ ਖੁੱਲ੍ਹਣਾ ਤੇ ਬਿਊਟੀ ਪਾਰਲਰ ਖੁੱਲ੍ਹਣ ਕਰ ਕੇ ਇਸ ਕਿੱਤੇ ਦੀ ਹੋਂਦ ਖ਼ਤਮ ਹੋ ਚੁੱਕੀ ਹੈ ਪਰ ਵਣਜਾਰਿਆਂ ਨਾਲ ਸਬੰਧਿਤ ਇਹ ਗੀਤ ਇੰਨਾ ਮਕਬੂਲ ਹੈ ਕਿ ਅੱਜ ਵੀ ਸੁਣ ਕੇ ਮਨ ਸਕੂਨ ਨਾਲ ਭਰ ਜਾਂਦਾ ਹੈ। ਵਣਜਾਰਿਆਂ ਦੇ ਕਿੱਤੇ ਨਾਲ ਜੁੜੇ ਇਸ ਗੀਤ ਨੇ ਬਹੁਤ ਨਾਮਣਾ ਖੱਟਿਆ ਹੈ-

'ਗਲੀ ਗਲੀ ਵਣਜਾਰਾ ਫ਼ਿਰਦਾ,
ਹਾਕ ਮਾਰ ਲਿਆਂ ਕੀ ਬੁਲਾ,
ਭਲਾ ਜੀ ਮੈਨੂੰ ਤੇਰੀ ਸਹੁੰ,
ਹਾਕ ਮਾਰ ਲਿਆ ਨੀ ਬੁਲਾ।
ਸੱਸ ਨੂੰ ਨਾ ਪੁੱਛਿਆ,
ਨਣਦ ਨੂੰ ਨਾ ਪੁੱਛਿਆ,
ਵੰਗਾਂ ਤਾਂ ਲਈਆਂ ਮੈਂ ਚੜ੍ਹਾ।
ਚੁੱਕ ਕੇ ਪਰਾਣੀ ਉਹ ਨੇ ਵੰਗਾਂ
ਉਤੇ ਮਾਰੀ,
ਵੰਗਾਂ ਤਾਂ ਕੀਤੀਆਂ ਫ਼ਨਾਹ।
ਚੁਗ-ਚੁਗ ਟੋਟੇ ਮੈਂ ਝੋਲੀ ਵਿੱਚ ਪਾਏ,
ਪੇਕਿਆਂ ਦਾ ਪੁੱਛਦੀ ਆਂ ਰਾਹ।
ਚੁੱਕ ਕੇ ਥਾਲੀ ਭਾਬੀ ਕੋਲ ਜਾਂਦਾ,
ਕਹਿੰਦਾ ਰੋਟੀਆਂ ਤਾਂ ਦੇਵੀਂ ਨੀਂ
ਪਕਾ।
ਭਾਬੋ ਦੀਆਂ ਪੱਕੀਆਂ ਬਥੇਰੀ
ਚਿਰ ਖਾਧੀਆਂ,
ਵਹੁੱਟੀ ਦੀਆਂ ਪੱਕੀਆਂ ਖਾਹ।
ਪੀੜ ਕੇ ਘੋੜਾ ਵਹੁਟੀ ਕੋਲ ਜਾਂਦਾ
ਚੱਲ ਪੰਜਾਂ ਦੀਆਂ ਚੂੜੀਆਂ ਚੜ੍ਹਾ।
ਪੰਜ ਨੀ ਲੈਣੇ ਪੰਜਾਹ ਨਹੀਂ ਲੈਣੇ,
ਜਾਹ ਭਾਬੋ ਦੀਆਂ ਪੱਕੀਆਂ ਖਾਹ।'

# ਜੀਵਨ ਜਾਚ ਦਾ ਸਰਬੋਤਮ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਤੇ ਗੌਰਵਤਾ ਅਦੁੱਤੀ ਹੈ। ਇਸ ਵਿੱਚ ਦਰਜ ਇਲਾਹੀ ਬਾਣੀ ਇਨ-ਬਿਨ ਉਸੇ ਸ਼ੁੱਧ ਰੂਪ ਵਿੱਚ ਮੌਜੂਦ ਹੈ, ਜਿਵੇਂ ਇਸ ਨੂੰ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਨੇ ਉਚਾਰਨ ਕੀਤਾ ਸੀ। ਗੁਰਬਾਣੀ ਦੇ ਪਾਵਨ ਬਚਨ ਸਮੁੱਚੀ ਮਨੁੱਖਤਾ ਨੂੰ ਅਧਿਆਤਮਿਕਤਾ ਅਤੇ ਮਾਨਵਤਾ ਦਾ ਉਪਦੇਸ਼ ਦ੍ਰਿੜ ਕਰਵਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਗੁਰਬਾਣੀ ਅੰਦਰ ਮਨੁੱਖ ਲਈ ਅਧਿਆਤਮਿਕ ਤੇ ਧਾਰਮਿਕ ਸੇਧਾਂ ਦੇ ਨਾਲ-ਨਾਲ ਸਮਾਜਿਕ, ਆਰਥਿਕ, ਵਿਗਿਆਨਕ ਆਦਿ ਹਰ ਤਰ੍ਹਾਂ ਦੀ ਪ੍ਰੇਰਣਾ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਗੁਰੂ ਸਾਹਿਬਾਨ ਨੇ ਜਿਥੇ ਆਪ ਬਾਣੀ ਉਚਾਰਨ ਕੀਤੀ, ਉਥੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਵੱਖ-ਵੱਖ ਮਹਾਂਪੁਰਖਾਂ ਦੀ ਰਚਨਾ ਨੂੰ ਵੀ ਪੋਥੀਆਂ ਦੇ ਰੂਪ ਵਿੱਚ ਆਪਣੇ ਪਾਸ ਸੰਭਾਲਿਆ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪਾਵਨ ਬਾਣੀ ਨੂੰ ਸੰਪਾਦਿਤ ਕਰਨ ਲਈ ਸ੍ਰੀ ਅੰਮ੍ਰਿਤਸਰ ਵਿਖੇ ਜਿਸ ਰਮਣੀਕ ਥਾਂ ਨੂੰ ਚੁਣਿਆ ਉਥੇ ਹੁਣ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਸੁਭਾਇਮਾਨ ਹੈ। ਇਸ ਅਸਥਾਨ 'ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਨੇ ਕੀਤੀ। ਸੰਮਤ 1661 (1604 ਈ:) ਨੂੰ ਸੰਪਾਦਨਾ ਦਾ ਕਾਰਜ ਸੰਪੂਰਨ ਹੋਇਆ ਅਤੇ ਇਸੇ ਸਾਲ ਹੀ ਭਾਦੋਂ ਸੁਦੀ ਇੱਕ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਸੇਵਾ-ਸੰਭਾਲ ਕਰਨ ਲਈ ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ। ਇਸ ਤੋਂ ਬਾਅਦ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਦੇ ਸਥਾਨ 'ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸ਼ਾਮਿਲ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ ਅਤੇ ਆਪ ਜੀ ਨੇ ਅੰਤਲੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ ਸਿੱਖਾਂ ਨੂੰ ਸ਼ਬਦ ਗੁਰੂ ਨਾਲ ਅਮਲੀ ਰੂਪ ਵਿੱਚ ਜੋੜ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੇ ਪ੍ਰਕਾਸ਼ ਦਾ ਇਤਿਹਾਸਕ ਹਵਾਲਾ ਇਸ ਦੀ ਵਡਿਆਈ ਨੂੰ ਸਪੱਸ਼ਟ ਕਰਨ ਵਾਲਾ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਇੱਕ ਵਿਸ਼ੇਸ਼ ਨਗਰ ਕੀਰਤਨ ਦੇ ਰੂਪ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੈ ਕੇ ਆਏ। ਇਹ ਪ੍ਰੰਪਰਾ ਹੁਣ ਵੀ ਬਰਕਰਾਰ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਗਿਆਨ ਦਾ ਅਜਿਹਾ ਸੋਮਾ ਹੈ, ਜੋ ਅਗਿਆਨਤਾ ਦੇ ਹਨੇਰੇ ਤੋਂ ਛੁਟਕਾਰੇ ਦਾ ਮਾਰਗ ਦਰਸਾਉਂਦਾ ਹੈ। ਗੁਰੂ ਸਾਹਿਬ ਨੇ ਫ਼ੁਰਮਾਨ ਕੀਤਾ ਹੈ:

ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥
ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 370)

ਆਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੁੰਦਿਆਂ ਖੰਡੇ ਦੀ ਪਾਹੁਲ ਛਕ ਬਾਣੀ ਤੇ ਬਾਣੇ ਦੇ ਧਾਰਨੀ ਹੋਈਏ।

# ਸੰਤਹੁ ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥

ਡਾ. ਸਤਿੰਦਰ ਪਾਲ ਸਿੰਘ



ਧੰਨ ਧੰਨ ਗੁਰੂ ਰਾਮਦਾਸ ਸਾਹਿਬ ਜੀ ਦਾ ਜੀਵਨ ਤੇ ਬਾਣੀ ਦੋਵੇਂ ਹੀ ਅੰਮ੍ਰਿਤ ਭਰਪੂਰ ਸਰੋਵਰ ਵਾਂਗ ਹਨ। ਆਪ ਨਿੱਕੇ ਬਾਲ ਹੀ ਸਨ ਤਾਂ ਮਾਤਾ ਜੀ ਪਰਲੋਕ ਗ਼ਮਨ ਕਰ ਗਏ। ਸੱਤ ਵਰ੍ਹਿਆਂ ਦੇ ਹੋਏ ਤਾਂ ਪਿਤਾ ਜੀ ਵੀ ਨਾ ਰਹੇ। ਗੁਰੂ ਸਾਹਿਬ ਦਾ ਨਾਮ ਰਾਮਦਾਸ ਰੱਖਿਆ ਗਿਆ ਸੀ ਪਰ ਸਭ ਤੋਂ ਵੱਡੀ ਸੰਤਾਨ ਹੋਣ ਕਾਰਨ ਉਨ੍ਹਾਂ ਨੂੰ ਜੇਠਾ ਕਹਿ ਕੇ ਬੁਲਾਇਆ ਜਾਂਦਾ ਸੀ। ਬਾਸਰਕੇ ਤੇ ਗੋਇੰਦਵਾਲ ਸਾਹਿਬ ਵਿੱਚ ਛੋਲੇ ਵੇਚਦਿਆਂ ਵੀ ਸ੍ਰੇਸ਼ਟ ਰਹੇ ਕਿਉਂਕਿ ਕਦੇ ਮਨ ਦੀ ਅਵਸਥਾ ਡਿੱਗੀ ਨਹੀਂ। ਗੁਰੂ ਅਮਰਦਾਸ ਸਾਹਿਬ ਦੇ ਜਵਾਈ ਬਣੇ ਤਾਂ ਸ੍ਰੇਸ਼ਟਤਾ ਸੇਵਾ ਵਿੱਚ ਮਿਸਾਲ ਬਣ ਕੇ ਪ੍ਰਗਟ ਹੋਈ। ਗੁਰੂ ਰਾਮਦਾਸ ਸਾਹਿਬ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਏ ਤਾਂ ਸ੍ਰੇਸ਼ਟਤਾ ਸਰੋਵਰ ਬਣ ਗਈ। ਪਿਤਾ ਦੇ ਦੇਹਾਂਤ ਤੋਂ ਬਾਅਦ ਗੁਰੂ ਸਾਹਿਬ ਇਕੱਲੇ ਰਹਿ ਗਏ ਤਾਂ ਬਿਰਧ ਨਾਨੀ ਲਾਹੌਰ ਤੋਂ ਆਪਣੇ ਨਾਲ ਬਾਸਰਕੇ ਲੈ ਆਈ। ਬਾਸਰਕੇ ਗੁਰੂ ਅਮਰਦਾਸ ਸਾਹਿਬ ਦਾ ਪਿੰਡ ਸੀ। ਗੁਰੂ ਅਮਰਦਾਸ ਸਾਹਿਬ ਤਕਰੀਬਨ 62 ਸਾਲ ਦੇ ਹੋ ਚੁੱਕੇ ਸਨ ਤੇ ਅਜੇ ਗੁਰੂ ਅੰਗਦ ਸਾਹਿਬ ਨਾਲ ਮੇਲ ਦਾ ਸਬੱਬ ਨਹੀਂ ਬਣਿਆ ਸੀ। ਗੁਰੂ ਅਮਰਦਾਸ ਸਾਹਿਬ ਸਮਾਜਿਕ ਵਿਵਹਾਰ ਤਹਿਤ ਬਾਲ ਰੂਪ ਗੁਰੂ ਰਾਮਦਾਸ ਸਾਹਿਬ ਨੂੰ ਮਿਲਣ ਆਏ। ਗੁਰੂ ਅਮਰਦਾਸ ਸਾਹਿਬ ਭਾਵੇਂ ਖਡੂਰ ਸਾਹਿਬ ਆ ਗਏ ਸਨ ਪਰ ਗੁਰੂ ਰਾਮਦਾਸ ਸਾਹਿਬ ਦੀ ਸਾਰ ਲੈਂਦੇ ਰਹੇ। ਗੁਰੂ ਅੰਗਦ ਸਾਹਿਬ ਦੀ ਆਗਿਆ ਮੰਨ ਜਦੋਂ ਗੁਰੂ ਅਮਰਦਾਸ ਸਾਹਿਬ ਗੋਇੰਦਵਾਲ ਸਾਹਿਬ ਆ ਗਏ ਤਾਂ ਗੁਰੂ ਰਾਮਦਾਸ ਸਾਹਿਬ ਵੀ ਆਪਣੀ ਨਾਨੀ ਨਾਲ ਬਾਸਰਕੇ ਛੱਡ ਕੇ ਗੋਇੰਦਵਾਲ ਸਾਹਿਬ ਆ ਗਏ। ਪਰਮਾਤਮਾ ਜਿਸ ਹਾਲ ਵਿੱਚ ਰੱਖ ਰਿਹਾ ਸੀ ਉਸ ਹਾਲ ਵਿੱਚ ਖੁਸ਼ ਰਹਿਣਾ ਗੁਰੂ ਰਾਮਦਾਸ ਸਾਹਿਬ ਨੇ ਸੱਤ ਸਾਲ ਦੀ ਉਮਰ ਵਿੱਚ ਹੀ ਸਿੱਖ ਲਿਆ ਸੀ।

ਤੂ ਅੰਤਰਜਾਮੀ ਹਰਿ ਆਪਿ ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥

ਗੁਰੂ ਰਾਮਦਾਸ ਸਾਹਿਬ ਦੇ ਉਪਰੋਕਤ ਕਥਨ ਦੀ ਗਵਾਹੀ ਆਪ ਗੁਰੂ ਸਾਹਿਬ ਦਾ ਜੀਵਨ ਹੈ। ਬਾਸਰਕੇ ਦੀਆਂ ਗਲੀਆਂ ਵਿੱਚ ਘੁੰਘਣੀਆਂ ਵੇਚਦਿਆਂ ਜੇ ਤਿਲ ਮਾਤਰ ਵੀ ਦੀਨ ਭਾਵ ਰਿਹਾ ਹੁੰਦਾ ਤਾਂ ਗੁਰੂ ਸਾਹਿਬ ਲੋੜਵੰਦ ਲੋਗਾਂ ਨੂੰ ਮੁਫ਼ਤ ਘੁੰਘਣੀਆਂ ਵੰਡਦੇ ਨਜ਼ਰ ਨਾ ਆਉਂਦੇ। ਗੁਰੂ ਰਾਮਦਾਸ ਸਾਹਿਬ ਦੀ ਵਡਿਆਈ ਇਹ ਸੀ ਕਿ ਜੋ ਵੀ ਹਾਲਾਤ ਸਾਹਮਣੇ ਆਏ ਉਨ੍ਹਾਂ ਦਾ ਸੱਚ ਸਵੀਕਾਰ ਕਰਦਿਆਂ ਆਪ ਉਸ ਦਿਸ਼ਾ ਵੱਲ ਵੱਧਦੇ ਗਏ। ਬਾਸਰਕੇ ਛੱਡ ਕੇ ਗੋਇੰਦਵਾਲ ਸਾਹਿਬ ਆ ਜਾਣਾ ਇਸ ਯਾਤਰਾ ਦਾ ਅਹਿਮ ਫ਼ੈਸਲਾ ਸੀ।

ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥
ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥੧ ॥ਰਹਾਉ ॥



ਪਰਮਾਤਮਾ ਨੇ ਪਰਿਵਾਰਕ ਸਬੰਧ ਜੋੜੇ ਤੇ ਤੋੜੇ ਵੀ। ਗੁਰੂ ਰਾਮਦਾਸ ਸਾਹਿਬ ਸੰਸਾਰਕ ਸਬੰਧਾਂ ਤੇ ਸੰਸਾਰਕ ਬਲ ਦਾ ਸੱਚ ਜਾਣ ਲਿਆ ਤੇ ਜੀਵਨ ਪਰਮਾਤਮਾ ਦੇ ਹੁਕਮ ਅੰਦਰ ਪਾਬੰਦ ਕਰ ਲਿਆ। ਇਹ ਗੁਰੂ ਸਾਹਿਬ ਦਾ ਸੱਚਾ ਬਲ ਬਣ ਗਿਆ। ਗੋਇੰਦਵਾਲ ਸਾਹਿਬ ਵਿੱਚ ਗੁਰੂ ਸਾਹਿਬ ਦੀ ਕੀਤੀ ਸੇਵਾ ਦਾ ਆਧਾਰ ਇਹ ਬਲ ਹੀ ਸੀ। ਇਸ ਬਲ ਨੇ ਹੀ ਗੁਰੂ ਅਮਰਦਾਸ ਸਾਹਿਬ ਦੀ ਪਸੰਦ ਦਾ ਥੜ੍ਹਾ ਬਣਾਉਣ ਦੀ ਵਿਧੀ ਤੋਂ ਜਾਣੂੰ ਕਰਾਇਆ। ਸੇਵਾ ਦੀ ਮਹੱਤਾ ਦਾ ਗਿਆਨ ਪ੍ਰਦਾਨ ਕੀਤਾ। ਗੁਰੂ ਅਮਰਦਾਸ ਜੀ ਨੇ ਸਰਬ ਪੱਖੋਂ ਸੰਪੂਰਨ ਜਾਣ ਕੇ ਹੀ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੇ ਵਰ ਲਈ ਉਨ੍ਹਾਂ ਦੀ ਚੋਣ ਕੀਤੀ ਹੋਵੇਗੀ।

**ਸਹਿਜ ਪ੍ਰਾਪਤੀ ਨੂੰ ਦੱਸਿਆ ਜੀਵਨ ਦਾ ਮਨੋਰਥ**

ਭੱਟ ਸਾਹਿਬਾਨ ਨੇ ਤਾਂ ਗੁਰੂ ਸਾਹਿਬ ਦੀ ਸੱਤਾ ਵਿੱਚ ਸਾਰੇ ਬ੍ਰਹਮੰਡ, ਸਾਰੇ ਯੁੱਗ ਸਮੋਏ ਵੇਖੇ। ਗੁਰੂ ਰਾਮਦਾਸ ਸਾਹਿਬ ਨੇ ਸਿੱਖਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਖ਼ਾਸ ਯਤਨ ਕੀਤੇ। ਆਪ ਨੇ ਗੁਰਬਾਣੀ ਦੇ ਉਤਾਰੇ ਕਰਾ ਕੇ ਸੰਗਤਾਂ ਨੂੰ ਉਪਲਬਧ ਕਰਾਏ। ਪਹਿਲੀ ਵਾਰ ਗੁਰੂ ਸਾਹਿਬ ਨੇ ਕੱਚੀ ਤੇ ਸੱਚੀ ਬਾਣੀ ਦਾ ਭੇਦ ਸਪੱਸ਼ਟ ਕਰਦਿਆਂ ਸੁਚੇਤ ਕੀਤਾ। ਆਪ ਨੇ ਆਪਣੀ ਬਾਣੀ ਅੰਦਰ ਗੁਰਸਿੱਖ ਦੇ ਜੀਵਨ ਦੀ ਮਰਿਆਦਾ ਵੀ ਬੰਨੀ। ਆਪ ਨੇ ਕਿਹਾ ਕਿ ਗੁਰਸਿੱਖ ਦਾ ਸਮਰਪਣ ਚਾਰ ਸੰਕਲਪਾਂ ਲਈ ਹੈ। ਪਹਿਲਾ ਸੰਕਲਪ ਸੰਸਾਰ ਤੋਂ ਨਿਰਲੇਪ ਹੋਣ ਦਾ, ਦੂਜਾ ਪਰਮਾਤਮਾ ਦੇ ਨਿਰਮਲ ਭੈਅ ਦਾ, ਤੀਜਾ ਸੰਕਲਪ ਪਰਮਾਤਮਾ ਦੇ ਪ੍ਰੇਮਮਈ ਵੈਰਾਗ ਦਾ ਤੇ ਚੌਥਾ ਸੰਕਲ਼ਪ ਸਹਿਜ ਅਵਸਥਾ ਦੀ ਪ੍ਰਾਪਤੀ ਦਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਚਾਰ ਲਾਵਾਂ ਕਿਹਾ। ਇਹ ਜੀਵਨ ਦੇ ਚਾਰ ਥੰਮ੍ਹ ਵੀ ਹਨ ਤੇ ਭਗਤੀ ਦੀਆਂ ਚਾਰ ਪੌੜੀਆਂ ਵੀ। ਗੁਰੂ ਸਾਹਿਬ ਨੇ ਸਹਿਜ ਦੀ ਪ੍ਰਾਪਤੀ ਨੂੰ ਜੀਵਨ ਦਾ ਮਨੋਰਥ ਦੱਸਿਆ।

**ਨਿਮਰਤਾ ਦੇ ਪੁੰਜ ਗੁਰੂ ਰਾਮਦਾਸ ਜੀ**

ਗੁਰੂ ਸਾਹਿਬ ਦੇ ਕੁਲ 679 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਸ਼ੋਭਿਤ ਹਨ। ਹਰ ਗੁਰਸਿੱਖ ਗੁਰੂ ਰਾਮਦਾਸ ਸਾਹਿਬ ਦੀ ਸ਼ਰਣ ਮੰਗਦਾ ਹੈ। ਗੁਰੂ ਰਾਮਦਾਸ ਸਾਹਿਬ ਸੇਵਾ, ਨਿਮਰਤਾ, ਦਇਆ, ਪਰੋਪਕਾਰ ਦੇ ਪ੍ਰਕਾਸ਼ ਪੁੰਜ ਸਨ। ਗੁਰੂ ਰਾਮਦਾਸ ਸਾਹਿਬ ਦੀ ਸ਼ਰਨ ਅਤੁੱਲ ਰਾਮਦਾਸ ਸਰੋਵਰ ਵਿੱਚ ਇਸ਼ਨਾਨ ਕਰ ਗੁਰੂ ਸਾਹਿਬ ਦੀ ਵਡਿਆਈ ਨਾਲ ਤਨ ਤੇ ਮਨ ਨਿਰਮਲ ਕਰਨਾ ਹੈ।

ਆਪ ਸੰਨ 1574 ਵਿੱਚ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਏ। ਗੁਰੂ ਸਾਹਿਬ ਨੇ ਗੁਰੂ ਅਮਰਦਾਸ ਸਾਹਿਬ ਦੇ ਹੁਕਮ ਤਹਿਤ ਅੰਮ੍ਰਿਤ ਸਰੋਵਰ ਦੀ ਉਸਾਰੀ ਨੂੰ ਪਹਿਲੀ ਤਰਜੀਹ ਦਿੱਤੀ ਨਾਲ ਹੀ ਨਵਾਂ ਨਗਰ ਵਸਾਉਣ ਦਾ ਕਾਰਜ ਆਰੰਭ ਕਰ ਦਿੱਤਾ। ਸੰਨ 1577 ਵਿੱਚ ਗੁਰੂ ਸਾਹਿਬ ਦੇ ਵਸਾਏ ਨਗਰ ਦਾ ਨਾਮ ਰਾਮਦਾਸਪੁਰ (ਅੰਮ੍ਰਿਤਸਰ) ਪਿਆ। ਸਰੋਵਰ ਨੂੰ ਪੱਕਾ ਕਰਾਉਣ ਦਾ ਸੁਭਾਗ ਗੁਰੂ ਅਰਜਨ ਸਾਹਿਬ ਨੂੰ ਆਪਣੇ ਗੁਰਤਾ ਕਾਲ 'ਚ ਪ੍ਰਾਪਤ ਹੋਇਆ ਤਾਂ ਆਪ ਨੇ ਸਰੋਵਰ ਦੀ ਵਡਿਆਈ ਬਾਣੀ ਵਿੱਚ ਪ੍ਰਗਟ ਕੀਤੀ-

ਸੰਤਹੁ ਰਾਮਦਾਸ ਸਰੋਵਰੁ ਨੀਕਾ ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥ ( ਅੰਗ ੬੨੩ )

ਗੁਰੂ ਅਰਜਨ ਸਾਹਿਬ ਨੂੰ ਗਿਆਤ ਸੀ ਕਿ ਕਿਸ ਪਾਵਨ ਭਾਵਨਾ ਨਾਲ ਗੁਰੂ ਰਾਮਦਾਸ ਸਾਹਿਬ ਨੇ ਇਸ ਦੀ ਉਸਾਰੀ ਕਰਾਈ ਹੈ। ਉਸ ਭਾਵਨਾ ਨੇ ਇਸ ਸਰੋਵਰ ਨੂੰ ਪੁਨੀਤ ਕਰ ਦਿੱਤਾ ਹੈ। ਗੁਰੂ ਰਾਮਦਾਸ ਸਾਹਿਬ ਦੀ ਵਡਿਆਈ ਇਸ ਸਰੋਵਰ ਵਿੱਚ ਸਦਾ ਲਈ ਉਤਰ ਆਈ ਹੈ। ਇਸ ਸਰੋਵਰ ਵਿੱਚ ਇਸ਼ਨਾਨ ਆਪਣੇ ਤਨ ਮਨ ਨੂੰ ਗੁਰੂ ਸਾਹਿਬ ਦੀ ਵਡਿਆਈ ਨਾਲ ਨਿਰਮਲ, ਨਿਹਾਲ ਕਰਨਾ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# 'ਖ਼ਵਾਜ਼ਾ ਫ਼ਰਦ ਫ਼ਕੀਰ'

## (1720-1790)

ਫ਼ਰਦ ਫ਼ਕੀਰ ਅਠਾਰਵੀਂ ਸਦੀ ਦਾ ਮਸ਼ਹੂਰ ਸ਼ਰਹੀ ਦਰਵੇਸ਼ ਸੂਫ਼ੀ ਕਵੀ ਹੋਇਆ ਹੈ, ਜਿਸ ਨੇ ਸਮੇਂ ਦੇ ਹਾਕਮਾਂ ਦੇ ਜ਼ੁਲਮ ਅਤੇ ਅਨਿਆਏ ਦੇ ਵਿਰੁਧ ਆਵਾਜ ਉਠਾਈ। ਇਸ ਫ਼ਕੀਰ ਦੇ ਕੋਲ ਸਾਰੇ ਵਰਗਾਂ ਜਾਤਾਂ ਦੇ ਸੇਵਕ ਆਉਂਦੇ ਸਨ। ਉਹ ਜੁਲਾਹਿਆਂ ਅਤੇ ਨਾਈਆਂ ਦਾ ਪੀਰ ਸੀ। ਉਹ ਆਮ ਜਨਸਾਧਾਰਣ ਵਿਚ ਹਰਮਨ ਪਿਆਰਾ ਸੀ। ਮੌਲਾ ਬਖਸ਼ ਕੁਸ਼ਤਾ ਫ਼ਰਦ ਬਾਰੇ ਲਿਖਦੇ ਹਨ ਕਿ ਬੜੇ ਨੇਕ ਅਤੇ ਸਲਾਹ ਬਜ਼ੁਰਗ ਇਨਸਾਨ ਦਰਵੇਸ਼ ਸਨ। ਲੋਕਾਂ ਨੂੰ ਇਲਮ ਪੜ੍ਹਾਉਂਦੇ, ਅਰਬੀ ਫ਼ਾਰਸੀ ਫ਼ਕਾ, ਹਦੀਸ ਦੇ ਮਾਹਿਰ ਸਨ। ਅਰਬੀ ਫ਼ਾਰਸੀ ਤੇ ਮਾਹਰ ਹੋਣ ਕਰਕੇ ਸ਼ੇਅਰਾਂ ਵਿਚ ਫ਼ਾਰਸੀ ਦੇ ਲਫ਼ਜ ਤੇ ਅਬੀ ਆਇਤਾਂ ਕਲਾਮ ਵਿਚ ਰਵਾਨਗੀ ਪੁਖਤਗੀ ਉੱਚ ਖਿਆਲ ਤੇ ਸੋਜ਼ ਹੈ। ਉਹ ਝੂਠ ਤੋਂ ਦੂਰ ਇਕ ਨੇਕ ਸਾਦਾ ਅਤੇ ਮੁਹੱਬਤ ਦੀ ਜ਼ਿੰਦਗੀ ਦੇ ਹਾਮੀ ਸਨ। ਕਿੱਸਾ ਸੈਲਫ਼ ਮਲੂਕ ਦੇ ਕਰਤਾ ਮੀਆਂ ਮੁਹੰਮਦ ਬਖਸ਼ ਇਨ੍ਹਾਂ ਬਾਰੇ ਲਿਖਦੇ ਹਨ :

ਫ਼ਰਦ ਫ਼ਕੀਰ ਹੋਇਆ ਕੋਈ ਖਾਸਾ, ਮਰਦ ਸਫ਼ਾਈ ਵਾਲਾ।
ਫ਼ਿਕਾਅ ਅੰਦਰ ਵੀ ਚੁਸਤ ਸੁਖਨ ਹੈ, ਇਸ਼ਕ ਅੰਦਰ ਖੁਸ਼ਹਾਲਾ।
ਬਾਬ ਓ ਬਾਬ ਫ਼ਕਰ ਦੇ ਅੰਦਰ ਵੜਿਆ ਨਾਲ ਸੰਭਾਲ।
ਬੈਂਤ ਤਰਾਜੂ ਤੋਲ ਬਣਾਇਆ ਮਸਲੇ ਦਸਿਉਸੁ ਨਾਲੇ।

ਫ਼ਰਦ ਦੇ ਜੀਵਨ ਬਾਰੇ ਲਿਖਤੀ ਜਾਂ ਮੌਖਿਕ ਤੱਥ ਨਹੀਂ ਮਿਲਦੇ। ਉਸ ਦੀਆਂ ਪਰੰਪਰਾਵਾਂ ਗੁਜਰਾਤ ਜ਼ਿਲ੍ਹੇ (ਪਾਕਿਸਤਾਨ) ਨਾਲ ਜੁੜੀਆਂ ਹਨ। ਉਹ ਗੁਜਰਾਤ ਦੇ ਕਿਸੇ ਪਿੰਡ ਦਾ 1720 ਦਾ ਜੰਮਪਲ ਹੈ। ਗੁਜਰਾਤ ਜਿੱਥੇ ਦਫ਼ਤਰੀ ਪ੍ਰਸ਼ਾਸਨਿਕ ਤੌਰ 'ਤੇ ਪ੍ਰਸਿੱਧ ਹੈ, ਉੱਥੇ ਇਸ ਦਾ ਸਿੱਖ ਧਰਮ ਨਾਲ ਨੇੜੇ ਦਾ ਸਬੰਧ ਹੈ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਮੁੜੇ ਤਾਂ ਏਸੇ ਸ਼ਹਿਰ ਵਿਚ ਬਿਰਾਜਮਾਨ ਹੋਏ। ਆਪ ਜੀ ਦੀ ਯਾਦ ਵਿਚ ਕਾਬਲੀ ਦਰਵਾਜੇ ਇਕ ਗੁਰਦੁਆਰਾ ਹੈ। ਸਿੱਖ ਫ਼ੌਜ ਅਤੇ ਅੰਗਰੇਜ਼ਾਂ ਦੀ ਆਖਰੀ ਜੰਗ 21 ਫ਼ਰਵਰੀ 1849 ਨੂੰ ਗੁਜਰਾਮ ਵਿਖੇ ਹੋਈ। ਫ਼ਰਦ ਆਪਣੀਆਂ ਰਚਨਾਵਾਂ ਰਾਹੀਂ ਆਪਣੀ ਜਾਣਕਾਰੀ ਦੇਂਦਾ ਹੈ। ਆਪਣੇ ਕਾਵਿ ਕਾਸਬ-ਨਾਮਾ ਵਿਚ ਲਿਖਦਾ ਹੈ :-

ਯਾਰਾਂ ਸੈ ਤਰ੍ਹੇਸਠ ਬਰਸਾ ਸੰਨ ਨਬੀ ਦਾ ਆਇਆ।
ਇਹ ਰਸਾਲਾ ਕਾਮਿਲ ਹੋਯਾ ਹੁਕਮ ਧੁਰਾਹੋਂ ਪਾਇਆ।

ਭਾਵ ਪੈਗੰਬਰ ਦੇ ਯੁੱਗ ਦੇ ਗਿਆਰਾਂ ਸੌ ਅਤੇ ਸਠਵੇਂ ਸਾਲ ਹੈ ਆਉਣਾ ਅਤੇ ਇਹ ਕਿਤਾਬ ਉਸ ਕ੍ਰਮ ਅਨੁਸਾਰ ਮੁਕੰਮਲ ਹੈ ਜੀ। ਇਸ ਤੋਂ ਪਤਾ ਲਗਦਾ ਹੈ ਕਿ ਜਦੋਂ ਉਸ ਨੇ ਏ.ਐਚ. 1163(1751) ਵਿਚ ਕਿਤਾਬ ਖਤਮ ਕੀਤੀ, ਉਸ ਵੇਲੇ ਉਸ ਦੀ ਉਮਰ 30-40 ਸਾਲ ਦੀ ਹੋਵੇਗੀ, ਕਿਉਂਕਿ ਉਸ ਨੇ ਆਪਣੇ ਜੁਲਾਹੇ ਚੇਲੇ ਦੇ ਕਹਿਣ ਤੇ ਕਾਸਬ-ਨਾਮਾ ਲਿਖਿਆ ਹੈ। ਲੰਮੇ ਅਧਿਐਨ ਤੋਂ ਬਾਅਦ ਉਸ ਉਮਰ ਵਿਚ ਆਪਣੇ ਚੇਲੇ ਬਣਾਉਣ ਦੇ ਯੋਗ ਹੋਇਆ ਹੋਵੇਗਾ। ਇਸ ਲਈ ਉਸ ਨੇ ਫ਼ਕੀਰੀ ਦਾ ਪ੍ਰਚਾਰ ਉਸ ਉਮਰ ਵਿਚ ਕੀਤਾ ਹੈ। ਡਾ. ਲਾਜਵੰਤੀ ਜੀ ਨੇ ਫ਼ਰਦ ਦਾ ਸਮਾਂ 1720-1790 ਮੰਨ ਲਿਆ ਹੈ।

ਉਸ ਦੀਆਂ ਰਚਨਾਵਾਂ ਵਿਚ ਬਾਰਾਂ ਮਾਹ, ਸੀਹਰਫ਼ੀ ਕਸਬ-ਨਾਮਾ, ਬਫ਼ਿੰਦਗਾ ਦਰਿਆ-ਏ-ਪਾਰਵਤੀ ਇਕ ਹੋਰ ਚਰਨਾ, ਰੋਸ਼ਨ ਦਿਲ ਇਸ ਦੀ ਆਖੀ ਜਾਂਦੀ ਹੈ, ਪਰ ਕਈ ਵਿਦਵਾਨ ਇਸ ਨੂੰ ਮੌਲਵੀ ਅਬਦ ਅਲਾ ਦੀ ਰਚਨਾ ਮੰਨਦੇ ਹਨ।

ਉਹ ਆਪਣੀਆਂ ਰਚਨਾਵਾਂ ਵਿਚ ਬੁਰਾਈ ਤੋਂ ਬਚ ਕੇ ਜੀਵਨ ਸੰਵਾਰਨ ਦਾ ਹੋਕਾ ਦਿੰਦਾ ਹੈ ਕਿ ਪਾਪਾਂ ਦਾ ਹਿਸਾਬ ਰੱਬ ਮੰਗੇਗਾ ਤਦ ਮਨੁੱਖ ਪਛਤਾਏਗਾ।

ਆਖਿਰ ਰੋਸ਼ਨ ਜਾਰ ਜਾਰ ਹੋ ਸਨ ਮੰਦੇ ਹਾਲ।
ਫ਼ਰਦਾ ਲੇਖਾ ਲੈਸੀਆ ਰੱਬ ਕਾਦਰ ਜਲ ਜਲਾਲ।

ਰੱਬ ਨੂੰ ਰਾਜ਼ੀ ਕਰਨ ਦੀ ਯੁਗਤ ਦਸਦਾ ਹੈ ਕਿ ਪੰਜ ਵਖਤ ਨਮਾਜ ਪੜ੍ਹ, ਰੋਜ਼ੇ ਰੱਖ, ਮੱਕੇ ਦੇ ਹੱਜ ਜਾਂ ਧਰਮ ਵਿਚ ਪੱਕਾ ਹੈ।

ਰੇ ਰਾਜ਼ੀ ਕਰ ਤੂੰ ਰੱਬ ਰੋਜ਼ਾ ਹਜ਼ ਜਕਾਤ,
ਕਲਮਾਂ ਤਈਆਬ ਆਖਣਾ ਪੰਜ ਵਕਤ ਸਲਾਤ,
ਕਰਨੀ ਤਰਕ ਹਰਾਮ ਥੀ ਖਾਵਣ ਢੂੰਡ ਹਲਾਲ।
ਫ਼ਰਦਾ ਲੇਖਾ ਲੈਸੀਆ ਰੱਬ ਕਾਦਿਰ ਜਲ ਜਲਾਲ।

ਡਾ. ਲਾਜਵੰਤੀ ਫ਼ਰਦ ਫ਼ਕੀਰ ਦੀ ਕਾਵਿ ਪ੍ਰਤਿਭਾ ਬਾਰੇ ਉੱਚ ਵਿਚਾਰ ਨਹੀਂ ਰੱਖਦੇ। ਉਹ ਦੀ ਕੱਟੜਤਾ ਉਸ ਦੇ ਸੂਫ਼ੀ ਹੋਣ ਦੇ ਨਾਮ ਤੇ ਵੱਟਾ ਹੈ, ਜਦ ਉਹ ਹਿੰਦੂਆਂ ਨੂੰ ਨਿੰਦਦਾ ਹੈ।

ਲਾਮ ਲਾਮੋ ਲਾਹਨਤ ਕਾਫ਼ਰਾਂ ਹੋਰ ਕਰਾੜਾ ਦੇਹ।

ਰਾਮ ਕ੍ਰਿਸ਼ਨ ਅਵਤਾਰ ਤੇ ਵਿਅੰਗ ਕਸਦਾ ਹੈ :

ਜਿਹੜੇ ਇਸ਼ਮ ਖੁਦਾਇ ਦੇ ਲਿਖੇ ਅੰਦਰ ਨਸ
ਉਹੇ ਨਾ ਭੁਲਾਵਨਾ ਰਾਮ ਕ੍ਰਿਸਨ ਸਿਰ ਭੱਸ।

ਉਹ ਹਿਦੂਆਂ ਨੂੰ ਨਸੀਹਤ ਦੇਂਦਾ ਹੈ ਕਿ ਬਾਕੀ ਸਾਰੇ ਝੂਠੇ ਰਾਹ ਛੱਡ ਕੇ ਇਸਲਾਮ ਕਬੂਲ ਕਰ ਲਵੋ।

ਮਨ ਮੁਹੰਮਦ ਮੁਸਤਫ਼ਾ ਲੰਘੀ ਪਹਿਲੇ ਪੂਰ।
ਚਹੁੰਆਂ ਯਾਰਾਂ ਦੀ ਦੋਸਤੀ ਮੰਨ ਨਬੀ ਦੀ ਆਲ।
ਫ਼ਰਦਾ ਲੇਖਾ ਲੈਸੀਆ ਰੱਬ ਕਾਦਰ ਜਲ ਜਲਾਲ।

ਜੇਕਰ ਤੂੰ ਭਵਸਾਗਰ ਨੂੰ ਪਾਰ ਕਰਨਾ ਹੈ ਤਾਂ ਮੁਹੰਮਦ ਦੇ ਰਾਹ ਤੇ ਆ ਜਾ ਨਹੀਂ ਤਾਂ ਉਹ ਤੇਰੇ ਪਾਪਾਂ ਦਾ ਹਿਸਾਬ ਕਰੇਗਾ। ਤੈਨੂੰ ਨਰਕ ਵਿਚ ਸੁੱਟ ਦੇਵੇਗਾ।

ਉਹ ਸ਼ਰੀਅਤ ਦੇ ਚਾਰ ਪੜ੍ਹਾਵਾਂ ਨੂੰ ਪਛਾਣਦਾ ਹੈ। 1. ਸ਼ਰੀਅਤ, 2. ਤਰੀਕਤ, 3. ਹਕੀਕਤ, 4. ਮਾਰਫ਼ਤ

ਅਵਲ ਕਾਸਿਬ ਵਿਚ ਸ਼ਰਾ ਦੇ ਖੱਡੀ ਕਦਮ ਟਿਕਾਏ।
ਰਾਹ ਤਰੀਕ ਕਸਬ ਦਾ ਜਾਣੇ, ਤਾਂ ਹੱਥ ਪਾਏ।
ਚਸ਼ਮ ਹਕੀਕਤ ਦੇ ਵਲ ਰੱਖ ਕੇ, ਟੁਰੇ ਨਾ ਉਲਟੀ ਚਾਲ।
ਨਾ ਮਾਰਫ਼ਤ ਦਿਲ ਨੂੰ ਧੋ ਕੇ ਹੋਵੇ ਜਾਨ ਸੁਖਾਲ਼।

ਸਭ ਤੋਂ ਪਹਿਲਾਂ ਤੂੰ ਸ਼ਰਾ ਦੇ ਰਾਹ ਤੇ ਪੱਕੇ ਪੈਰੀਂ ਚੱਲ। ਸੂਫ਼ੀ ਦਾ ਰਾਹ ਚੰਗੀ ਤਰ੍ਹਾਂ ਜਾਣ ਕਿ ਤੀਸਰੇ ਪੜ੍ਹਾਅ ਤੇ ਮਨ ਨੂੰ ਕਾਬੂ ਰੱਖ, ਹੱਕ ਤੇ ਰਹਿ। ਆਪਣਾ ਮਨ ਸਾਫ਼ ਕਰਕੇ ਚੌਥੇ ਪੜ੍ਹਾਅ ਮਾਰਫ਼ਤ ਵੱਲ ਜਾਹ, ਜਿੱਥੇ ਤੈਨੂੰ ਮੁਕਤੀ ਮਿਲੇਗੀ। ਤੇਰੀ ਯੋਗਤਾ ਭਰੋਸੇ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਰੁੱਖੇਪਣ ਦੀ ਹੋਵੇ।

ਲਾਮ ਲੱਖਾਂ ਪੜਦੇ ਆਦਮੀ ਡੰਗਰਾਂ ਵਾਂਗ ਕੁਰਾਨ।
ਪਾਵਣ ਕਿਉਂ ਹਰਾਮ ਨੂੰ ਹੱਕ ਪਰਾਇਆ ਜਾਣ।
ਤਸਬੀਰ ਖਿਰਕਾਂ ਮੁਕਰਰ ਦਾ ਅੱਗੇ ਅੰਦਰ ਜਾਲ।
ਫ਼ਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਉਹ ਦੁਨਿਆਵੀ ਸੁੱਖਾਂ ਦੀ ਨਿੰਦਾ ਕਰਦਾ ਹੈ। ਅਸਥਿਰ ਅਤੇ ਵਿਅਰਥ ਨੂੰ ਤਿਆਗ ਦੇਣ ਦੀ ਸਲਾਹ ਦੇਂਦਾ ਹੈ। ਸੰਸਾਰ ਵਿਚ ਚੰਗੇ ਕੰਮ ਕਰਨ ਦੀ ਸਲਾਹ ਦਿੰਦਾ ਹੈ।

ਅਫ਼ਲ ਅਲਾ ਬਿਨ ਗਾਫ਼ਲਾ ਫ਼ਿਰਿਓਂ ਸਾਰਾ ਜੱਗ।
ਰਾਹ ਭੁਲਾਇ ਉਈ ਹੱਕ ਦਾ ਦੁਨੀਆ ਪਿੱਛੇ ਲੱਗ।
ਦੁਨੀਆ ਕੌਡੀ ਚਾਰ ਦਿਨ ਰਾਹ ਸ਼ਰਾ ਦਾ ਭਾਲ।
ਫ਼ਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਤੂੰ ਦੁਲੀਆ ਵਿਚ ਉਦੇਸ਼ ਰਹਿਤ ਭਟਕਦਾ ਹੈ। ਸੰਸਾਰੀ ਲੋਕਾਂ ਦੇ ਪਿੱਛੇ ਲਗ ਕੇ ਰੱਬ ਦਾ ਨਾਮ ਭੁਲ ਗਿਆ ਹੈ। ਸੰਸਾਰ ਦੇ ਸੁੱਖ ਅਸਥਾਈ ਹਨ ਅਤੇ ਭਰਮਪੂਰਨ ਹਨ। ਤੂੰ ਸ਼ਰਾ ਦੇ ਰਾਹ ਚੱਲ, ਤੇਰੇ ਕੰਮਾਂ ਦਾ ਹਿਸਾਬ ਰੱਬ ਲਵੇਗਾ। ਵੈਸ਼ਨਵਾਦ ਅਧੀਨ ਪਤਨੀ ਭਗਤੀ ਦਾ ਪ੍ਰਭਾਵ ਦੱਸਿਆ ਹੈ। ਜੋ ਬਾਰਾਮਾਹ ਵਿਚ ਲਿਖਿਆ ਹੈ। ਪਰ ਚਰਨਾ ਦਰਿਆਈ ਮਾਰਫ਼ਤ ਵਿਚ ਉਲਟ ਲਿਖਿਆ ਹੈ ਕਿ ਉਹ ਇਸ਼ਕ ਮਿਜਾਜੀ ਨੂੰ ਇਕ ਪਾਪ ਸਮਝਦਾ ਹੈ। ਲਿਖਦਾ ਹੈ:

ਕਰ ਤੋਬਾ ਇਸ਼ਕ ਮਿਜਾਜ਼ ਥੀਨ।
ਪੜ੍ਹ ਸਬ ਹਕਾਨੀ ਰਾਜ਼ ਥੀਨ।

ਆਪਣੇ ਪਿਆਰ ਨੂੰ ਤਿਆਗਣ ਲਈ ਸੁਚੇਤ ਹੋ ਕੇ ਸੰਕਲਪ ਕਰੋ। ਸ਼ਾਨਦਾਰ ਸੁੰਦਰਤਾ ਅਤੇ ਆਪਣੇ ਅਤੀਤ ਤੋਂ ਤੋਬਾ ਕਰੋ। ਆਚਰਣ ਸ਼ੁਧ ਕਰਨ ਦੇ ਸੱਚੇ ਭੇਦ ਨੂੰ ਜਾਣੋ।

ਬਾਰਾਮਾਹ ਵਿਚ ਇਸ ਦਾ ਖੰਡਨ ਕਰਦਾ ਹੈ ਅਤੇ ਜੁਲੇਖਾਂ ਨੂੰ ਯੂਸਫ਼ ਨਾਲ ਆਦਰਸ਼ ਪ੍ਰੇਮੀ ਵਜੋਂ ਸਵੀਕਾਰ ਕਰਦਾ ਹੈ।

ਮੈਂ ਵਾਂਗ ਜੁਲੇਖਾਂ ਪੁੱਛਦੀ।
ਗਲ ਯੂਸਫ਼ ਮਿਸਰ ਬਾਜ਼ਾਰ ਦੀ।

ਮੈਂ ਉਸੇ ਪ੍ਰਮਾਤਮਾ ਬਾਰੇ ਪੁੱਛਦਾ ਹਾਂ ਜਿਵੇਂ ਜੁਲੇਖਾਂ ਨੇ ਯੂਸਫ਼ ਬਾਰੇ ਮਿਸਰ ਦੇ ਬਾਜ਼ਾਰ ਵਿਚ ਪੁੱਛਿਆ ਹੈ। ਬਾਰਾਮਾਹ ਵਿਚ ਉਹ ਔਰਤ ਦਾ ਬਰਾਬਰ ਦਾ ਸ਼ੁਧਤਾ ਦਾ ਦਰਜਾ ਦੱਸਦਾ ਹੈ। ਭਾਵੇਂ ਉਹ ਇਕ ਸੂਫ਼ੀ ਕਿਹਾ ਜਾਂਦਾ ਹੈ ਪਰ ਜਿਹੜੇ ਸੂਫ਼ੀ ਆਪਣੇ ਮਤ ਵਿਚ ਸੱਚੇ ਨਹੀਂ ਹਨ ਦਾ ਪ੍ਰਚਾਰ ਕਰਦਾ ਹੈ ਕਿ :

ਬਾਹਰ ਬਾਣਾ ਸੂਫ਼ੀਆਂ ਅੰਦਰ ਦਗਾ ਕਮਾਏ।
ਫ਼ਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਜਾਂ ਅੱਗੇ ਹੋਰ ਕਹਿੰਦਾ ਹੈ :

ਮੀਮ ਮੀਮੋ ਮੂਲ ਵਿਕਾਉਂਦੀ ਅੱਜ ਫ਼ਕੀਰੀ ਹੱਟ।
ਇਕ ਪੈਸੇ ਦੀ ਉਨ ਲੈ ਗਲ਼ ਨੂੰ ਸੇਹਲੀ ਵੱਟ।
ਗਿਰੀ ਰੰਗ ਲੈ ਕੱਪੜੇ ਖੋਲ੍ਹ ਸਿਰੇ ਦੇ ਵਾਲ਼।
ਫ਼ਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਫ਼ਕੀਰੀ ਅੱਜ ਹੱਟੀਆਂ ਤੇ ਮੁੱਲ ਵਿਕਦੀ ਹੈ। ਇਕ ਪੈਸੇ ਦੀ ਉਨ ਲੈ ਸੇਲੀ ਵਟ ਕੇ ਗਲੇ ਦੁਆਲੇ ਬੰਨ੍ਹ ਲੈ। ਗੇਰੂ ਰੰਗ ਦੇ ਕੱਪੜੇ ਪਾ ਕੇ ਸਿਰ ਦੇ ਵਾਲ਼ ਖੋਲ੍ਹ ਲੈ। ਪਰ ਇਸ ਭੇਖ ਦਾ ਹਿਸਾਬ ਉਹ ਸੱਚਾ ਰੱਬ ਲਵੇਗਾ।

ਫ਼ਰਦ ਦੇ ਜਮਾਨੇ ਵਿਚ ਕਲਾ ਦਾ ਵਿਕਾਸ ਨਹੀਂ ਹੋਇਆ। ਔਰੰਗਜੇਬ ਦੀ 1707 ਵਿਚ ਮੌਤ ਹੋਈ ਤਾਂ ਪੰਜਾਬ ਵਿਚ 1739-1770 ਤੱਕ ਰਾਜਨੀਕਤ ਉਥਲ ਪੁਥਲ ਰਹੀ। ਨਾਦਰ ਦੇ 1739 ਅਤੇ ਅਹਿਮਦ ਸ਼ਾਹ ਦੁਰਾਨੀ ਦੇ ਹਮਲੇ 1748 ਵਿਚ ਸ਼ੁਰੂ ਹੋਏ। ਦਿੱਲੀ ਦੇ ਤਖਤ ਦੇ ਮੁਗਲ ਅਤੇ ਦੁਰਾਨੀ ਰਾਜਗੱਦੀ ਲਈ ਸੰਘਰਸ਼ ਕਰ ਰਹੇ ਸਨ। ਇਸ ਤਰ੍ਹਾਂ ਅਰਾਜਕਤਾ ਫ਼ੈਲ ਗਈ। ਇਸ ਸਮੇਂ ਸਿੱਖਾਂ ਕੋਲ ਆਪਣੀ ਤਾਕਤ ਵਧਾਉਣ ਦਾ ਸੁਨਹਿਰੀ ਮੌਕਾ ਸੀ। ਉਹ ਸ਼ਾਸਕਾਂ ਲਈ ਵੱਡੀ ਚੁਣੌਤੀ ਸਨ। ਮਰਾਠਾ ਅਤੇ ਦੁਰਾਨੀ ਦੀਆਂ ਝੜਪਾਂ ਜਾਰੀ ਸਨ। ਮਰਾਠੇ 1761 ਵਿਚ ਹਾਰ ਗਏ। ਹੁਣ ਮੁਕਾਬਲਾ ਕਮਜ਼ੋਰ ਹੋ ਰਹੇ ਦੁਰਾਨੀਆਂ ਅਤੇ ਚੜ੍ਹਦੀ ਕਲਾ ਵਾਲੇ ਸਿੱਖਾਂ ਵਿਚਕਾਰ ਸੀ। ਸੰਨ 1770 ਵਿਚ ਸਿੱਖਾਂ ਦਾ ਪੰਜਾਬ ਤੇ ਕਬਜਾ ਹੋ ਗਿਆ। ਕੁਝ ਹੀ ਸਾਲਾਂ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਸਥਾਪਤ ਹੋ ਗਿਆ ਜੋ 12 ਅਪ੍ਰੈਲ 1801 ਤੋਂ 27 ਜੂਨ 1839 ਤੱਕ ਰਿਹਾ। ਅਜਿਹੇ ਅਸ਼ਾਂਤ ਸਮੇਂ ਵਿਚ ਜਦ ਸਿੱਖ ਰਾਜ ਤੋਂ ਪਹਿਲਾਂ ਵੱਖ ਵੱਖ ਦਾਅਵੇਦਾਰਾਂ ਵਲੋਂ ਰਾਜਗੱਦੀ ਲਈ ਸੰਘਰਸ਼ ਚਲਦੇ ਰਹੇ ਤਾਂ ਕਲਾ ਦਾ ਵਿਕਾਸ ਨਹੀਂ ਹੋ ਸਕਿਆ। ਵੱਖ ਵੱਖ ਭਾਈਚਾਰਿਆਂ ਵਿਚ ਸਹਿਣਸ਼ੀਲਤਾ ਦੀ ਘਾਟ ਸੀ। ਆਪਸੀ ਸਾਂਝੀਵਾਲਤਾ ਨੂੰ ਠੇਸ ਪਹੁੰਚੀ ਸੀ। ਅਜਿਹੇ ਅਨਿਸਚਿਤ ਸਮੇਂ ਵਿਚ ਵੱਖ ਵੱਖ ਪੀਰਾਂ ਵਲੋਂ ਪ੍ਰਚਾਰ ਕੀਤਾ ਗਿਆ। ਉਨ੍ਹਾਂ ਨੇ ਆਪਣੇ ਬਚਾਅ ਲਈ ਯਤਨ ਵੀ ਕੀਤੇ। ਸੂਫ਼ੀਵਾਦ ਪ੍ਰਸਿੱਧ ਹੋਇਆ ਜਿਸ ਨੇ ਲੋਕਾਂ ਵਿਚ ਮੁੜ ਉਤਸ਼ਾਹ ਭਰਿਆ। ਫ਼ਰਦ ਦੀ ਵੱਡੀ ਭੂਮਿਕਾ ਰਹੀ ਹੈ। ਫ਼ਰਦ ਨੂੰ ਅਰਬੀ ਫ਼ਾਰਸੀ ਅਤੇ ਆਇਤਾਂ ਦਾ ਵੱਡਾ ਗਿਆਨ ਸੀ। ਉਹ ਪੰਜਾਬੀ ਨੂੰ ਹਿੰਦੀ ਸਮਝਦਾ ਰਿਹਾ ਕਿ ਉਸ ਦੇ ਧਿਆਨ ਵਿਚ ਕਿ ਇਹ ਹਿੰਦੁਸਤਾਨ ਦੀ ਭਾਸ਼ਾ ਹੈ। ਕਸਬ-ਨਾਮਾ ਬਕਫ਼ੰਗਦੀ ਵਿਚ ਲਿਖਦਾ ਹੈ ਕਿ :

ਨਸਰ ਫ਼ਾਰਸੀ ਨੂੰ ਛੱਡ ਅਸਾਂ ਨੇ,
ਹਿੰਦੀ ਨਜ਼ਮ ਬਣਾਇਆ।

ਉਸ ਦੀ ਪੰਜਾਬੀ ਕਵਿਤਾ ਵਿਚ ਹਾਵ ਭਾਵ ਵਿਚਾਰ ਉੱਚੇ ਅਤੇ ਰਚਨਾਤਮਕ ਹਨ, ਪਰ ਉਸ ਵਿਚ ਪੇਂਡੂ ਪੰਜਾਬੀ ਲਹਿਜੇ ਦੀ ਮਿਠਾਸ ਘੱਟ ਹੈ, ਲੈਅ ਦੀ ਕਮੀ ਹੈ।

ਫ਼ਰਦ ਦੀ ਸੂਫ਼ੀ ਵਿਚਾਰਾਂ ਵਿਚ ਪ੍ਰਪੱਕਤਾ ਹੈ। ਸੀਹਰਫ਼ੀ ਨਸੀਹਤ ਵਿਚ ਇਲਮ ਨੂੰ ਮੁੱਲ ਨਾ ਵੇਚਣ ਦੀ ਨਸੀਹਤ ਕਰਦਾ ਲਿਖਦਾ ਹੈ :

ਜਾਲ਼ ਜ਼ਿਕਰ ਖੁਦਾਇਦਾ ਨਾ ਕਰ ਜ਼ਾਹਿਰ ਖਲਕ ਦਿਖਾਇ।
ਅੰਦਰ ਕਰ ਤੂੰ ਬੰਦਗੀ, ਬਾਹਰ ਪਰਦਾ ਪਾਇ।
ਮੁੱਲ ਨਾ ਵੇਚੀਂ ਇਲਮ ਨੂੰ, ਨਾ ਕਰ ਕਿਸੇ ਸਵਾਲ।
ਫ਼ਰਦਾ ਲੇਖਾ ਲੈਸੀਆ, ਰੱਬ ਕਾਦਿਰ ਜਲ ਜਲਾਲ।

ਗਿਆਨ ਤਾਂ ਹੀ ਕਲਿਆਣਕਾਰੀ ਹੈ ਜੇ ਇਸ ਵਿਚ ਅਮਲ ਸ਼ਾਮਲ ਹੋਵੇ। ਇਲਮ ਤੇ ਅਮਲ ਦਾ ਨੇੜੇ ਦਾ ਵਾਸਤਾ ਹੋਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਫ਼ਰਦ ਕਹਿੰਦਾ ਹੈ ਕਿ :

ਸੀਨ ਸੁਣਾਵੇ ਖਲਕ ਨੂੰ ਕਰ ਕਰ ਮਸਲੇ ਰੋਜ਼।
ਲੋਕਾਂ ਦਏਂ ਨਸੀਹਤਾਂ ਅੰਦਰ ਤੇਰੇ ਚੋਰ।
ਕੀ ਹੋਇਆ ਜੇ ਲੱਦਿਆਂ ਗੱਧਾ ਕਿਤਾਬਾਂ ਨਾਲ।
ਫ਼ਰਦਾ ਲੇਖਾ ਲੈਸੀਆਂ ਰੱਬ ਕਾਦਰ ਜਲ ਜਲਾਲ।

ਉਹ ਅੰਧਵਿਸ਼ਵਾਸ਼ ਵਿਚ ਪੰਡਿਤਾਂ ਦੇ ਗਿਆਨ ਦੇ ਗਿਆਨ ਤੇ ਵਿਅੰਗ ਕਰਦਾ ਹੈ :

ਮੈਂ ਵੇਦੀ ਪਾਸ ਪੜੋਸਨ ਨਿੱਤ ਪੁੱਛਦੀ ਪੰਡਿਤ ਜੋਤਸ਼ੀ

ਜਾਂ ਫ਼ਿਰ ਅੱਗੇ ਗੱਲ ਤੋਰਦਾ ਹੈ :

ਰਹੀ ਢੂੰਡ ਕਿਤਾਬਾਂ ਫ਼ੋਲ ਕੇ ਸਬ ਪੋਥੀ ਪੰਡਿਤ ਖੋਲ੍ਹ ਕੇ।

ਕਿ ਮੈਂ ਗਿਆਨ ਪ੍ਰਾਪਤ ਕਰਨ ਲਈ ਸਭ ਪੋਥੀਆਂ ਪੰਡਿਤਾਂ ਦੀ ਫ਼ੋਲ ਥੱਕੀ ਹਾਂ। ਪਰ ਸੂਫ਼ੀ ਦੀ ਵਿਚਾਰਧਾਰਾ ਵਿਚ ਰੱਬ ਨੂੰ ਪਾਉਣ ਦਾ ਕਿਆਸ ਹੈ। ਰੱਬ ਸੱਚੀ ਸ਼ਰਧਾ ਨਾਲ ਮਿਲਦਾ ਹੇ। ਪਾਖੰਡ ਨਾਲ ਨਹੀਂ।

ਅੱਜ ਹੋਵਣ ਲੇਫ਼ ਨਿਹਾਲੀਆਂ।
ਕੋਈ ਨੇਅਮਤ ਭਰੀਆਂ ਥਾਲੀਆਂ।
ਬਹਿ ਨਾਲ ਪਿਆਰੇ ਖਾਵੀਏ।
ਹੋਰ ਮੁਸਕ ਗਲਾਬ ਲਗਾਵੀਏ।
ਜੇ ਭਾਗ ਨਾ ਹੋਵਣ ਆਪਣੇ
ਤਦ ਕਾਹਨੂੰ ਬਾਤ ਚਿਤਾਰਦੀ।

ਉਸ ਦੀ ਰਚਨਾ ਵਿਚ ਸਮਾਜਿਕ ਚੇਤਨਾ ਦੀ ਚਿਣਗ ਵੀ ਪ੍ਰਤੱਖ ਦਿਖਾਈ ਦਿੰਦੀ ਹੈ। ਐਸ਼-ਆਰਾਮ ਕਰਨ ਵਾਲੀ ਹਾਕਮ ਜਮਾਤ ਨੂੰ ਨਿੰਦਦਿਆਂ ਫ਼ਰਦ ਫ਼ਕੀਰ ਕਾਮਿਆਂ ਅਤੇ ਕਸਬੀਆਂ ਦਾ ਪੱਖ ਪੂਰਦਾ ਹੈ :

ਹਾਕਮ ਹੋ ਕੇ ਬਹਿਣ ਗਲੀਚੇ ਬਹੁਤਾ ਜ਼ੁਲਮ ਕਮਾਂਦੇ।
ਮਿਹਨਤੀਆਂ ਨੂੰ ਕੰਮੀ ਆਖਣ ਖੂਨ ਉਨ੍ਹਾਂ ਦਾ ਖਾਂਦੇ।
ਪਕੜ ਵਗਾਰੀ ਲੈ ਲੈ ਜਾਵਣ, ਖੌਫ਼ ਖੁਦਾ ਦਾ ਨਾਹੀ।
ਫ਼ਰਦ ਫ਼ਕੀਰ ਦਰਦਮੰਦਾਂ ਦੀਆ ਪੋਸਨ ਆਹੀ।
ਕਾਸਬੀਆਂ ਨੂੰ ਮਿਹਰ ਮੁਕੱਦਮ, ਜਬਰਨ ਚੱਟੀ ਪਾਂਦੇ।
ਭਾਰ ਗਰੀਬਾਂ ਦਾ ਸਿਰ ਲੈ ਕੇ ਆਪੇ ਦੋਜ਼ਖ ਜਾਂਦੇ।

ਜਿੱਥੇ ਉੱਚੇ ਕਿਰਤੀਆਂ ਅਤੇ ਕਾਮਿਆਂ ਨੂੰ ਸਲਾਹੁੰਦਿਆਂ ਉਨ੍ਹਾਂ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ ਹੈ, ਉੱਥੇ ਅਖੌਤੀ ਵਰਗ ਨੂੰ ਨਿੰਦਿਆ ਵੀ ਹੈ।

ਤਾਣੀ ਮਣਕੇ ਭਿਉਂ ਪਾਣੀ ਵਿਚ ਕਲਮਾਂ ਆਖ ਜਬਾਨੋ।
ਇਹ ਚੰਗਾ ਕਸਬ ਹਲਾਲ ਵਜਾ ਦਾ ਸਿੱਖੋ ਮੁਸਲਮਾਨੋ।

ਫ਼ਰਦ ਦੀਆਂ ਰਚਨਾਵਾਂ ਕਈ ਨਿੱਜੀ ਤੌਰ 'ਤੇ ਪਾਠਕਾਂ ਕੋਲ ਹਨ ਅਤੇ ਕਈ ਸੰਸਕਰਣ ਲਾਇਬ੍ਰੇਰੀਆਂ ਵਿਚ ਉਪਲਬਧ ਹਨ। ਉਸ ਦਾ ਕਾਵਿ ਸਾਹਿਤ ਵਿਚ ਉਪਯੋਗੀ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949






## ਇੱਕ ਪੱਖ ਇਹ ਵੀ ...

# ਵਾਤਾਵਰਨ ਦੇ ਸੰਤੁਲਨ ਲਈ ਮਹੱਤਵਪੂਰਨ ਹਨ ਹੜ੍ਹ

## ਹੜ੍ਹ ਆਪਣੇ ਨਾਲ ਲੈ ਜਾਂਦੇ ਹਨ ਮਿੱਟੀ ਦੇ ਕਣਾਂ, ਪੌਸ਼ਟਿਕ ਤੱਤ ਅਤੇ ਕੁਝ ਮਹੱਤਵਪੂਰਨ ਪ੍ਰਜਾਤੀਆਂ ਨੂੰ

ਹੜ੍ਹਾਂ ਦੌਰਾਨ ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ। ਘਰਾਂ ਦੇ ਹੇਠਲੇ ਹਿੱਸੇ ਪਾਣੀ ਵਿੱਚ ਡੁੱਬ ਜਾਂਦੇ ਹਨ। ਲੋਕਾਂ ਕੋਲ ਨਾ ਤਾਂ ਸਿਰ ਛੁਪਾਉਣ ਲਈ ਥਾਂ ਹੁੰਦੀ ਹੈ ਅਤੇ ਨਾ ਹੀ ਕਿਤੇ ਜਾਣ ਲਈ ਕੋਈ ਰਸਤਾ। ਪਾਣੀ ਦੇ ਤੇਜ਼ ਵਹਾਅ ਵਿੱਚ ਪਸ਼ੂ ਵੀ ਰੁੜ੍ਹ ਜਾਂਦੇ ਹਨ। ਲੋਕਾਂ ਦੀ ਸਾਰੀ ਜ਼ਿੰਦਗੀ ਦੀ ਬੱਚਤ ਪਾਣੀ ਵਿੱਚ ਰੁੜ੍ਹ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਕੀ ਕੋਈ ਸੋਚ ਸਕਦਾ ਹੈ ਕਿ ਹੜ੍ਹਾਂ ਦੇ ਕੁਝ ਫ਼ਾਇਦੇ ਵੀ ਹਨ?

1980 ਅਤੇ 2022 ਦੇ ਵਿਚਕਾਰ ਯੂਰਪੀਅਨ ਯੂਨੀਅਨ ਵਿੱਚ ਦਰਜ ਕੀਤੀਆਂ ਸਾਰੀਆਂ ਜਲਵਾਯੂ-ਸਬੰਧਿਤ ਅਤਿਅੰਤ ਘਟਨਾਵਾਂ ਵਿੱਚੋਂ ਆਰਥਿਕ ਨੁਕਸਾਨ ਦਾ ਸਭ ਤੋਂ ਵੱਡਾ ਕਾਰਨ ਹੜ੍ਹ ਰਿਹਾ ਹੈ। ਇਸ ਦੇ ਬਾਵਜੂਦ, ਇਸਦਾ ਕੁਦਰਤ ’ਤੇ ਹਮੇਸ਼ਾਂ ਮਾੜਾ ਪ੍ਰਭਾਵ ਨਹੀਂ ਪੈਂਦਾ, ਹੜ੍ਹਾਂ ਦੇ ਕੁਝ ਫ਼ਾਇਦੇ ਵੀ ਹਨ।

ਇੰਟਰਨੈਸ਼ਨਲ ਯੂਨੀਅਨ ਫ਼ਾਰ ਕੰਜ਼ਰਵੇਸ਼ਨ ਆਫ਼ ਨੇਚਰ ਦੇ ਗਲੋਬਲ ਵਾਟਰ ਪ੍ਰੋਗਰਾਮ ਦੇ ਡਾਇਰੈਕਟਰ ਜੇਮਸ ਡਾਲਟਨ ਦਾ ਕਹਿਣਾ ਹੈ ਕਿ ਮੌਸਮੀ ਹੜ੍ਹ ਬਹੁਤ ਸਾਰੇ ਵਾਤਾਵਰਣ ਪ੍ਰਣਾਲੀਆਂ ਲਈ ਮਹੱਤਵਪੂਰਨ ਹਨ। ਇਹ ਮਿੱਟੀ ਦੇ ਪੌਸ਼ਟਿਕ ਤੱਤ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਂਦੇ ਹਨ। ਉਹ ਦੱਸਦਾ ਹੈ, ‘ਨਦੀ ਪ੍ਰਣਾਲੀਆਂ ਪੌਸ਼ਟਿਕ ਤੱਤਾਂ ਨੂੰ ਇੱਕ ਥਾਂ ਤੋਂ ਦੂਜੀ ਤੱਕ ਪਹੁੰਚਾਉਣ ਵਿੱਚ ਮਦਦ ਕਰਦੀਆਂ ਹਨ। ਡਾਲਟਨ ਦੱਸਦਾ ਹੈ, ਕਿ ਸਾਨੂੰ ਹੜ੍ਹਾਂ ਦੀ ਲੋੜ ਹੈ। ਹੜ੍ਹ ਮਿੱਟੀ ਦੇ ਕਣਾਂ, ਪੌਸ਼ਟਿਕ ਤੱਤ ਅਤੇ ਕੁਝ ਮਹੱਤਵਪੂਰਨ ਪ੍ਰਜਾਤੀਆਂ ਨੂੰ ਆਪਣੇ ਨਾਲ ਲੈ ਜਾਂਦੇ ਹਨ, ਜੋ ਕਿ ਵਾਤਾਵਰਣ ਦੇ ਸੰਤੁਲਨ ਲਈ ਬਹੁਤ ਮਹੱਤਵਪੂਰਨ ਹੈ। ਹੜ੍ਹ ਨਦੀਆਂ ਦੇ ਤਲ ਨੂੰ ਸਾਫ਼ ਕਰਦੇ ਹਨ, ਪੌਸ਼ਟਿਕ ਤੱਤ ਫ਼ੈਲਾਉਂਦੇ ਹਨ ਅਤੇ ਬਹੁਤ ਸਾਰੀਆਂ ਮਹੱਤਵਪੂਰਨ ਪ੍ਰਜਾਤੀਆਂ ਨੂੰ ਹੇਠਲੀ ਜ਼ਮੀਨ ਤੱਕ ਪਹੁੰਚਾਉਂਦੇ ਹਨ, ਜੋ ਈਕੋਸਿਸਟਮ ਲਈ ਜ਼ਰੂਰੀ ਹੈ।

ਹੜ੍ਹ ਦਾ ਪਾਣੀ ਤਲ ਅਤੇ ਪੌਸ਼ਟਿਕ ਤੱਤਾਂ ਨੂੰ ਪਿੱਛੇ ਛੱਡਦਾ ਹੈ। ਇਸ ਨਾਲ ਮਿੱਟੀ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ ਅਤੇ ਪੌਦੇ ਤੇਜ਼ੀ ਨਾਲ ਵਧਦੇ ਹਨ। ਇਹੀ ਕਾਰਨ ਹੈ ਕਿ ਦਰਿਆਵਾਂ ਦੇ ਆਲੇ-ਦੁਆਲੇ ਕਈ ਸ਼ਹਿਰ ਅਤੇ ਕਸਬੇ ਵਿਕਸਿਤ ਹੋਏ ਹਨ। ਹੜ੍ਹ ਦਾ ਪਾਣੀ ਜ਼ਮੀਨ ਨੂੰ ਉਪਜਾਊ ਬਣਾਉਂਦਾ ਹੈ।

ਇਸ ਤੋਂ ਇਲਾਵਾ ਹੜ੍ਹ ਦਾ ਪਾਣੀ ਵੀ ਧਰਤੀ ਹੇਠਲੇ ਪਾਣੀ ਨੂੰ ਵਧਾਉਣ ਵਿੱਚ ਯੋਗਦਾਨ ਪਾਉਂਦਾ ਹੈ। ਕੁਝ ਖੇਤਰਾਂ ਵਿੱਚ ਇਹ ਪ੍ਰਕਿਰਿਆ ਕੁਦਰਤੀ ਤੌਰ ’ਤੇ ਵਾਪਰਦੀ ਹੈ। ਕੈਲੀਫ਼ੋਰਨੀਆ ਵਰਗੇ ਖੇਤਰਾਂ ਵਿੱਚ ਗਰਮੀਆਂ ਦੌਰਾਨ ਪਾਣੀ ਦੀ ਸਮੱਸਿਆ ਨਾਲ ਨਜਿੱਠਣ ਲਈ ਹੜ੍ਹਾਂ ਦੇ ਪਾਣੀ ਨੂੰ ਸਟੋਰ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਭੰਡਾਰ ਨੂੰ ਭਰਿਆ ਜਾ ਸਕੇ।

ਹਾਲਾਂਕਿ, ਗਲੋਬਲ ਤਾਪਮਾਨ ਵਿੱਚ ਲਗਾਤਾਰ ਵਾਧੇ ਕਾਰਨ, ਦੁਨੀਆਂ ਦੇ ਕੁਝ ਹਿੱਸਿਆਂ ਵਿੱਚ ਅਚਾਨਕ ਬਾਰਿਸ਼ ਅਤੇ ਅਚਾਨਕ ਹੜ੍ਹ ਆ ਰਹੇ ਹਨ। ਇਹ ਹੜ੍ਹ ਉਥੇ ਵਿਨਾਸ਼ਕਾਰੀ ਸਾਬਤ ਹੋ ਰਿਹਾ ਹੈ। ਡਾਲਟਨ ਨੇ ਕਿਹਾ, ਅਸੀਂ ਦੇਖ ਰਹੇ ਹਾਂ ਕਿ ਬਾਰਸ਼ ਦੇ ਪੈਟਰਨ ਵਿੱਚ ਬਦਲਾਅ ਕਾਰਨ ਹੜ੍ਹ ਜ਼ਿਆਦਾ ਵਿਨਾਸ਼ਕਾਰੀ ਸਾਬਤ ਹੋ ਰਹੇ ਹਨ ਅਤੇ ਹੜ੍ਹਾਂ ਦੀ ਸਥਿਤੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ। ਇਸ ਨਾਲ ਜੈਵ ਵਿਭਿੰਨਤਾ ’ਤੇ ਵੀ ਭਾਰੀ ਅਸਰ ਪੈ ਰਿਹਾ ਹੈ।

ਜੰਗਲੀ ਜੀਵਾਂ ’ਤੇ ਹੜ੍ਹਾਂ ਦਾ ਅਸਰ ਸਾਫ਼ ਦਿਖਾਈ ਦੇ ਰਿਹਾ ਹੈ। ਕੁਝ ਜੰਗਲੀ ਜੀਵ ਆਪਣੇ ਆਪ ਨੂੰ ਤੇਜ਼ੀ ਨਾਲ ਵਧ ਰਹੇ ਪਾਣੀ



ਤੋਂ ਬਚਾਉਣ ਵਿੱਚ ਅਸਮਰੱਥ ਹਨ। ਉਦਾਹਰਨ ਲਈ, ਜਦੋਂ ਉੱਤਰ-ਪੂਰਬੀ ਭਾਰਤ ਵਿੱਚ ਕਾਜ਼ੀਰੰਗਾ ਨੈਸ਼ਨਲ ਪਾਰਕ 2012 ਵਿੱਚ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਇਆ ਸੀ, ਤਾਂ ਖ਼ਤਰੇ ਵਿੱਚ ਪੈ ਰਹੇ ਇੱਕ ਸਿੰਗ ਵਾਲੇ ਗੈਂਡੇ ਸਮੇਤ ਸੈਂਕੜੇ ਜਾਨਵਰ ਮਾਰੇ ਗਏ ਸਨ।

ਹੜ੍ਹਾਂ ਦੇ ਦੌਰਾਨ, ਕੁਝ ਜਾਨਵਰ ਪ੍ਰਭਾਵਿਤ ਖੇਤਰ ਤੋਂ ਭੱਜਣ ਵਿੱਚ ਸਫ਼ਲ ਹੋ ਜਾਂਦੇ ਹਨ, ਪਰ ਉਨ੍ਹਾਂ ਦੇ ਨਿਵਾਸ ਸਥਾਨ ਅਤੇ ਪ੍ਰਜਨਨ ਦੇ ਸਥਾਨ ਤਬਾਹ ਹੋ ਜਾਂਦੇ ਹਨ। ਡਾਲਟਨ ਕਹਿੰਦਾ ਹੈ, ‘ਵਿਨਾਸ਼ਕਾਰੀ ਹੜ੍ਹ ਨਦੀਆਂ ਦੇ ਕਿਨਾਰਿਆਂ ਅਤੇ ਹੜ੍ਹ ਦੇ ਮੈਦਾਨਾਂ ਨੂੰ ਤਬਾਹ ਕਰ ਦਿੰਦੇ ਹਨ,’ ਡਾਲਟਨ ਕਹਿੰਦਾ ਹੈ ਕਿ ਤਲ ਅਤੇ ਮਿੱਟੀ ਦਾ ਕਟੌਤੀ ਇੰਨੀ ਗੰਭੀਰ ਹੋ ਸਕਦੀ ਹੈ ਕਿ ਪ੍ਰਵਾਸੀ ਪ੍ਰਜਾਤੀਆਂ ਪ੍ਰਭਾਵਿਤ ਹੋ ਸਕਦੀਆਂ ਹਨ ਕਿਉਂਕਿ ਉਹ ਉੱਥੇ ਨਹੀਂ ਪਹੁੰਚ ਸਕਦੀਆਂ ਜਿੱਥੇ ਉਨ੍ਹਾਂ ਨੂੰ ਸਪੌਨ ਦੀ ਜ਼ਰੂਰਤ ਹੁੰਦੀ ਹੈ। ਪ੍ਰਜਨਨ ਇੱਕ ਨਿਸ਼ਚਿਤ ਸਮੇਂ ’ਤੇ ਹੋਣਾ ਚਾਹੀਦਾ ਹੈ। ਇਹ ਕਈ ਪ੍ਰਜਾਤੀਆਂ ਦੇ ਪ੍ਰਜਨਨ ਚੱਕਰ ਨੂੰ ਪ੍ਰਭਾਵਿਤ ਕਰਦਾ ਹੈ।

ਇਸ ਤੋਂ ਇਲਾਵਾ ਖੇਤੀ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕ, ਉਦਯੋਗਿਕ ਰਸਾਇਣ ਜਾਂ ਡਰੇਨ ਦਾ ਪਾਣੀ ਵੀ ਹੜ੍ਹ ਦੇ ਪਾਣੀ ਵਿੱਚ ਰਲ ਜਾਂਦਾ ਹੈ। ਇਹ ਪੌਦਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜੇਕਰ ਜਾਨਵਰ ਇਨ੍ਹਾਂ ਦੂਸ਼ਿਤ ਪੌਦਿਆਂ ਨੂੰ ਖਾਂਦੇ ਹਨ ਤਾਂ ਇਹ ਜ਼ਹਿਰੀਲੇ ਪਦਾਰਥ ਉਨ੍ਹਾਂ ਦੇ ਸਰੀਰ ਤੱਕ ਪਹੁੰਚ ਜਾਂਦੇ ਹਨ। ਬਾਅਦ ਵਿੱਚ ਇਹ ਜ਼ਹਿਰੀਲੇ ਪਦਾਰਥ ਜਾਨਵਰਾਂ ਰਾਹੀਂ ਸਾਡੇ ਭੋਜਨ ਤੱਕ ਪਹੁੰਚ ਸਕਦੇ ਹਨ।

ਕੁਝ ਥਾਵਾਂ ’ਤੇ ਹੜ੍ਹਾਂ ਨਾਲ ਮਿੱਟੀ ਦੀ ਗੁਣਵੱਤਾ ਵਧ ਜਾਂਦੀ ਹੈ, ਜਦਕਿ ਕਈ ਥਾਵਾਂ ’ਤੇ ਮਿੱਟੀ ਵੀ ਖਰਾਬ ਹੋ ਜਾਂਦੀ ਹੈ। ਵਿਨਾਸ਼ਕਾਰੀ ਹੜ੍ਹਾਂ ਕਾਰਨ 5 ਤੋਂ 10 ਸੈਂਟੀਮੀਟਰ ਤੱਕ ਮਿੱਟੀ ਦਾ ਉਪਰਲਾ ਹਿੱਸਾ ਰੁੜ੍ਹ ਜਾਂਦਾ ਹੈ। ਜਦੋਂ ਕਿ, ਸਿਰਫ਼ ਇਸ ਹਿੱਸੇ ਵਿੱਚ ਪੌਸ਼ਟਿਕ ਤੱਤ ਹੁੰਦੇ ਹਨ। ਹੜ੍ਹਾਂ ਦੇ ਪਾਣੀ ਦੇ ਖਾਤਮੇ ਤੋਂ ਬਾਅਦ ਇਸ ਮਿੱਟੀ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ।

ਕਲਪਨਾ ਕਰੋ ਕਿ ਤੁਹਾਡੇ ਖੇਤਰ ਵਿੱਚ ਇੱਕ ਹੜ੍ਹ ਆਇਆ ਅਤੇ ਮਿੱਟੀ ਨੂੰ ਧੋ ਦਿੱਤਾ। ਹੁਣ ਤੁਸੀਂ ਉੱਥੇ ਮਿੱਟੀ ਦੇਖ ਸਕਦੇ ਹੋ, ਪਰ ਇਸਦੀ ਸਭ ਤੋਂ ਕੀਮਤੀ ਪਰਤ ਹਟਾ ਦਿੱਤੀ ਗਈ ਹੈ। ਮਨੁੱਖ ਇਸ ਪਰਤ ਨੂੰ ਦੁਬਾਰਾ ਨਹੀਂ ਬਣਾ ਸਕਦਾ।

ਜੈਵ ਵਿਭਿੰਨਤਾ ਨੂੰ ਬਣਾਈ ਰੱਖਣ ਵਿੱਚ ਮਿੱਟੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜਰਮਨੀ ਦੀ ਗ੍ਰੀਨ ਪਾਰਟੀ ਨਾਲ ਜੁੜੇ ਹੇਨਰਿਕ ਬੋਲ ਫ਼ਾਊਂਡੇਸ਼ਨ ਦੁਆਰਾ ਪ੍ਰਕਾਸ਼ਿਤ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਇੱਕ ਸਿਹਤਮੰਦ ਧਰਤੀ ਜੰਗਲਾਂ ਨਾਲੋਂ ਜ਼ਿਆਦਾ ਕਾਰਬਨ ਡਾਈਆਕਸਾਈਡ ਨੂੰ ਸਟੋਰ ਕਰ ਸਕਦੀ ਹੈ।

ਮਿੱਟੀ ਦੇ ਕਟਾਓ ਕਾਰਨ, ਕੁਦਰਤੀ ਨਿਵਾਸ ਨਸ਼ਟ ਹੋ ਜਾਂਦੇ ਹਨ ਅਤੇ ਜ਼ਮੀਨ ਦਾ ਰੂਪ ਬਦਲ ਜਾਂਦਾ ਹੈ। ਇਸ ਤੋਂ ਇਲਾਵਾ, ਇਸ ਨਾਲ ਧਰਤੀ ਦੀ ਪਾਣੀ ਨੂੰ ਸੋਖਣ ਦੀ ਸਮਰੱਥਾ ਵੀ ਘੱਟ ਜਾਂਦੀ ਹੈ, ਜਿਸ ਨਾਲ ਸਮੱਸਿਆ ਹੋਰ ਵਧ ਜਾਂਦੀ ਹੈ।

ਹੇਨਰਿਕ ਬੌਲ ਫ਼ਾਊਂਡੇਸ਼ਨ ਦੇ ਪ੍ਰਧਾਨ ਇਮੇ ਸ਼ੋਲਟਜ਼ ਨੇ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ, ‘ਜਲਵਾਯੂ ਸੰਕਟ ਦਾ ਸਾਹਮਣਾ ਕਰਨ ਲਈ, ਸਾਨੂੰ ਸਿਹਤਮੰਦ ਮਿੱਟੀ ਦੀ ਲੋੜ ਹੈ। ਜਦੋਂ ਮਿੱਟੀ ਸਿਹਤਮੰਦ ਹੁੰਦੀ ਹੈ, ਤਾਂ ਇਹ ਪ੍ਰਤੀ ਹੈਕਟੇਅਰ 3,750 ਟਨ ਪਾਣੀ ਪੈਦਾ ਕਰ ਸਕਦੀ ਹੈ ਅਤੇ ਇਸ ਪਾਣੀ ਨੂੰ ਛੱਡ ਸਕਦੀ ਹੈ। ਲੋੜ ਦੇ ਸਮੇਂ ਇਸ ਪਾਣੀ ਨੂੰ ਵਰਤਿਆ ਜਾ ਸਕਦਾ ਹੈ।’

# ਵਾਤਾਵਰਣ ਦੀ ਸੰਭਾਲ ਲਈ ਉਪਰਾਲਾ ਕਰੇ ਹਰ ਮਨੁੱਖ

ਸ਼ਹਿਰੀਕਰਨ ਅਤੇ ਉਦਯੋਗੀਕਰਨ ਕਾਰਨ ਵਾਤਾਵਰਣ ਵਿੱਚ ਪ੍ਰਦੂਸ਼ਣ ਦੀ ਮਾਤਰਾ ਇੰਨੀ ਵੱਧ ਗਈ ਹੈ ਕਿ ਭਵਿੱਖ ਵਿੱਚ ਇਸ ਦੇ ਕਈ ਮਾੜੇ ਪ੍ਰਭਾਵ ਪੈ ਸਕਦੇ ਹਨ। ਤੁਸੀਂ ਸ਼ਾਇਦ ਹੁਣ ਇਸ ਨੂੰ ਗੰਭੀਰਤਾ ਨਾਲ ਨਾ ਲਓ ਪਰ ਜੇਕਰ ਅਸੀਂ ਲੋੜੀਂਦੇ ਕਦਮ ਨਾ ਚੁੱਕੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਾ ਨਤੀਜਾ ਭੁਗਤਣਾ ਪਵੇਗਾ।

ਪ੍ਰਦੂਸ਼ਣ ਮਿੱਟੀ, ਪਾਣੀ, ਹਵਾ ਜਾਂ ਵਾਤਾਵਰਣ ਵਿੱਚ ਕਿਸੇ ਅਣਚਾਹੇ ਬਦਲਾਅ ਨੂੰ ਦਰਸਾਉਂਦਾ ਹੈ। ਵਾਤਾਵਰਣ ਵਿੱਚ ਕਈ ਤਰ੍ਹਾਂ ਦੇ ਪ੍ਰਦੂਸ਼ਣ ਮੌਜੂਦ ਹਨ। ਹਵਾ ਪ੍ਰਦੂਸ਼ਣ ਹਾਨੀਕਾਰਕ ਗੈਸਾਂ ਅਤੇ ਰਸਾਇਣਾਂ ਦੀ ਮੌਜੂਦਗੀ ਕਾਰਨ ਹਵਾ ਦੇ ਦੂਸ਼ਿਤ ਹੋਣ ਨੂੰ ਦਰਸਾਉਂਦਾ ਹੈ। ਹਵਾ ਪ੍ਰਦੂਸ਼ਣ ਦੇ ਪ੍ਰਭਾਵ ਲਗਭਗ ਘਾਤਕ ਹਨ। ਇਸ ਲਈ ਹਵਾ ਪ੍ਰਦੂਸ਼ਣ ਲਈ ਵਿਸ਼ੇਸ਼ ਨਿਯੰਤਰਣ ਉਪਾਵਾਂ ’ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਹਵਾ ਪ੍ਰਦੂਸ਼ਣ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਨਾਲ ਨਜਿੱਠਣ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ।

ਹਵਾ ਪ੍ਰਦੂਸ਼ਣ ਰਸਾਇਣਾਂ, ਹਾਨੀਕਾਰਕ ਗੈਸਾਂ ਅਤੇ ਹੋਰ ਖ਼ਤਰਨਾਕ ਤੱਤਾਂ ਦੀ ਮੌਜੂਦਗੀ ਕਾਰਨ ਪ੍ਰਦੂਸ਼ਿਤ ਹੋ ਰਹੀ ਹਵਾ ਨੂੰ ਦਰਸਾਉਂਦਾ ਹੈ। ਇਨ੍ਹਾਂ ਵਿੱਚ ਮੀਥੇਨ, ਅਮੋਨੀਆ, ਨਾਈਟ੍ਰੋਜਨ, ਕਾਰਬਨ ਮੋਨੋਆਕਸਾਈਡ, ਸਲਫ਼ਰ ਡਾਈਆਕਸਾਈਡ ਆਦਿ ਸ਼ਾਮਲ ਹਨ। ਹਵਾ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣ ਨਸ਼ਟ ਹੋ ਜਾਂਦੇ ਹਨ। ਹਵਾ ਪ੍ਰਦੂਸ਼ਣ ਪੈਦਾ ਕਰਨ ਵਾਲੇ ਸਰੋਤ ਦੋ ਤਰ੍ਹਾਂ ਦੇ ਹੁੰਦੇ ਹਨ। ਇਹ ਕੁਦਰਤੀ ਸਰੋਤ ਅਤੇ ਮਨੁੱਖ ਦੁਆਰਾ ਬਣਾਏ ਸਰੋਤ ਹਨ। ਪ੍ਰਦੂਸ਼ਕਾਂ ਦੇ ਕੁਦਰਤੀ ਸਰੋਤਾਂ ਵਿੱਚ ਕੁਦਰਤੀ ਆਫ਼ਤਾਂ ਜਿਵੇਂ ਕਿ ਜਵਾਲਾਮੁਖੀ ਦੀਆਂ ਗਤੀਵਿਧੀਆਂ ਸ਼ਾਮਲ ਹਨ, ਜੋ ਵਾਤਾਵਰਣ ਵਿੱਚ ਬਹੁਤ ਸਾਰੀਆਂ ਹਾਨੀਕਾਰਕ ਗੈਸਾਂ ਛੱਡਦੀਆਂ ਹਨ। ਦੂਜੇ ਪਾਸੇ, ਪ੍ਰਦੂਸ਼ਕਾਂ ਦੇ ਮਨੁੱਖ ਦੁਆਰਾ ਬਣਾਏ ਸਰੋਤਾਂ ਵਿੱਚ ਜੈਵਿਕ ਇੰਧਨ, ਵਾਹਨ, ਉਦਯੋਗ ਅਤੇ ਹੋਰ ਪ੍ਰਦੂਸ਼ਕ ਸ਼ਾਮਲ ਹਨ ਜੋ ਮਨੁੱਖਾਂ ਦੁਆਰਾ ਬਣਾਏ ਗਏ ਹਨ।

ਹਵਾ ਪ੍ਰਦੂਸ਼ਣ ਵੱਖ-ਵੱਖ ਕਿਸਮਾਂ ਦੇ ਪ੍ਰਦੂਸ਼ਕਾਂ ਕਾਰਨ ਹੋ ਸਕਦਾ ਹੈ। ਉਦਯੋਗਾਂ ਕੋਲ ਵੱਡੀ ਮਸ਼ੀਨਰੀ ਹੈ ਜਿਸ ਨੂੰ ਬਾਲਣ ਵਜੋਂ ਕੋਲੇ ਦੀ ਲੋੜ ਹੁੰਦੀ ਹੈ। ਉਦਯੋਗਿਕ ਖੇਤਰਾਂ ਵਿੱਚ ਜੈਵਿਕ ਇੰਧਨ ਸਾੜਨ ਨਾਲ ਵਾਤਾਵਰਣ ਵਿੱਚ ਬਹੁਤ ਸਾਰੀਆਂ ਹਾਨੀਕਾਰਕ ਗੈਸਾਂ ਨਿਕਲ ਸਕਦੀਆਂ ਹਨ। ਇਹ ਹਵਾ ਵਿੱਚ ਰਲ ਜਾਂਦਾ ਹੈ ਅਤੇ ਹਵਾ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ। ਜੰਗਲ ਦੀ ਅੱਗ ਅਚਾਨਕ ਸੁੱਟੀ ਗਈ ਸਿਗਰਟ ਜਾਂ ਸੂਰਜ ਦੀ ਬਹੁਤ ਜ਼ਿਆਦਾ ਗਰਮੀ ਕਾਰਨ ਹੋ ਸਕਦੀ ਹੈ। ਇਸ ਨਾਲ ਪੂਰੇ ਖੇਤਰ ਨੂੰ ਅੱਗ ਲੱਗ ਸਕਦੀ ਹੈ ਅਤੇ ਵੱਡੇ ਪੱਧਰ ’ਤੇ ਹਾਨੀਕਾਰਕ ਗੈਸਾਂ ਪੈਦਾ ਹੋ ਸਕਦੀਆਂ ਹਨ।

ਕਾਰਾਂ, ਟਰੱਕਾਂ, ਬੱਸਾਂ ਅਤੇ ਹੋਰ ਵਾਹਨ ਆਪਣੇ ਕੰਮ ਲਈ ਪੈਟਰੋਲ ਜਾਂ ਡੀਜ਼ਲ ਦੀ ਵਰਤੋਂ ਕਰਦੇ ਹਨ। ਇਹਨਾਂ



ਈਂਧਨਾਂ ਦਾ ਬਲਨ ਵਾਹਨ ਨੂੰ ਚੱਲਣ ਵਿੱਚ ਮਦਦ ਕਰਦਾ ਹੈ। ਹਾਲਾਂਕਿ, ਇਹ ਬਚੀ ਹੋਈ ਕਾਰਬਨ ਮੋਨੋਆਕਸਾਈਡ ਨੂੰ ਪਿੱਛੇ ਛੱਡਦੀ ਹੈ, ਜੋ ਵਾਤਾਵਰਣ ਅਤੇ ਮਨੁੱਖਾਂ ਲਈ ਬਹੁਤ ਹਾਨੀਕਾਰਕ ਹੈ। ਕਈ ਵਾਰ, ਲੋਕ ਤਿਉਹਾਰਾਂ ਅਤੇ ਵਿਸ਼ੇਸ਼ ਸਮਾਗਮਾਂ ਜਿਵੇਂ ਦੀਵਾਲੀ, ਵਿਆਹ ਜਾਂ ਨਵੇਂ ਸਾਲ ਦੀ ਸ਼ਾਮ ਨੂੰ ਮਨਾਉਣ ਲਈ ਪਟਾਕੇ ਫ਼ੂਕਦੇ ਹਨ। ਇਹ ਹਵਾ ਪ੍ਰਦੂਸ਼ਣ ਵਿੱਚ ਯੋਗਦਾਨ ਪਾ ਸਕਦਾ ਹੈ। ਖੇਤੀਬਾੜੀ ਉਦਯੋਗ ਵੀ ਹਵਾ ਪ੍ਰਦੂਸ਼ਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

(**ਬਾਕੀ ਸਫ਼ਾ 31 ’ਤੇ**)

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE


## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਜ਼ਿੰਮੇਵਾਰ ਕੌਣ?

ਜਗਦੀਸ਼ ਕੌਰ ਮਾਨ



ਘਰ ਛੋਟੇ ਭਰਾ ਦੇ ਦੋਸਤ ਆਏ ਹੋਏ ਹਨ। ਉਨ੍ਹਾਂ ਵਾਸਤੇ ਪਾਣੀ ਦਾ ਜੱਗ ਤੇ ਗਿਲਾਸ ਤਾਂ ਵੀਰ ਜੀ ਆਪ ਹੀ ਲੈ ਗਏ ਹਨ। ਹੁਣ ਚਾਹ ਬਣਾਉਣ ਲਈ ਮੈਨੂੰ ਆਵਾਜ਼ਾਂ ਮਾਰ ਰਹੇ ਹਨ। ਭਾਵੇਂ ਘਰ ਵਿੱਚ ਸਾਡੀ ਭਰਜਾਈ ਵੀ ਤੁਰੀ ਫ਼ਿਰਦੀ ਹੈ ਪਰ ਕੁਆਰੇ ਮੁੰਡਿਆਂ ਦਾ ਭਰਜਾਈਆਂ 'ਤੇ ਕਾਹਦਾ ਜ਼ੋਰ ਹੁੰਦੈ! ਉਨ੍ਹਾਂ ਦੀ ਤਾਂ ਆਪਣੀ ਮਰਜ਼ੀ ਹੁੰਦੀ ਐ, ਚਿੱਤ ਮੰਨਿਆ ਆਖੇ ਵੇਖੇ ਲੱਗ ਗਈਆਂ, ਨਹੀਂ ਤਾਂ ਹੁਣ ਨ੍ਹੀਂ ਸਿਆਣਦੀਆਂ ਦਿਉਰਾਂ ਨੂੰ ਭਰਜਾਈਆਂ ਵਾਲੀ ਬੋਲੀ ਵੀ ਕੁੜੀਆਂ ਕੱਤਰੀਆਂ ਨੇ ਕਿਹੜਾ ਝੂਠੀ ਜੋੜੀ ਐ!

ਵੈਸੇ ਤਾਂ ਵਿਆਹ ਦੀ ਉਮਰ ਵਿਹਾਅ ਚੁੱਕੇ ਮੁੰਡਿਆਂ ਨੂੰ ਝਹੇੜਾਂ ਕਰਨ ਵਾਲੇ ਛੜਾ ਈ ਦੱਸਦੇ ਹੁੰਦੇ ਐ ਪਰ ਮੈਂ ਤਾਂ ਉਸ ਦੀ ਸਕੀ ਭੈਣ ਹਾਂ, ਇਸ ਲਈ ਮੈਂ ਤਾਂ ਉਹਦੇ ਵਾਸਤੇ ਇਹ ਸ਼ਬਦ ਵੀ ਨਹੀਂ ਵਰਤ ਸਕਦੀ ਸਗੋਂ ਮੈਨੂੰ ਤਾਂ ਉਹਦੇ ਨਾਲ ਦਿਲੋਂ ਹਮਦਰਦੀ ਹੈ ਕਿਉਂਕਿ ਸਾਡਾ ਦੋਹਾਂ ਭੈਣ-ਭਰਾਵਾਂ ਦਾ ਦੁੱਖ ਸਾਂਝਾ ਹੈ।

ਭੈਣਾਂ ਤੋਂ ਤਾਂ ਭਰਾ ਰੋਅਬ ਨਾਲ ਜਾਂ ਮਾਣ ਨਾਲ ਵੀ ਔਖੇ ਤੋਂ ਔਖਾ ਕੰਮ ਕਰਵਾ ਸਕਦੇ ਹਨ, ਚਾਹ ਬਣਾਉਣਾ ਤਾਂ ਕਿਹੜੇ ਕੰਮਾਂ ਵਿੱਚੋਂ ਕੰਮ ਹੈ! ਨਾਲੇ ਹੋਰ ਇਹ ਵਿਚਾਰਾ ਕੰਮ ਦੱਸੇ ਵੀ ਕੀਹਨੂੰ! ਘਰ ਵਿੱਚ ਸਾਡੀ ਕਿਹੜਾ ਮਾਂ ਬੈਠੀ ਐ ਬਈ ਪੁੱਤ ਦੇ ਦੋਸਤ ਆਇਆਂ ਤੋਂ ਉਹ ਚਾਹ ਪਾਣੀ ਫ਼ੜਾਉਦੀ ਚਾਅ ਨਾਲ ਭੱਜੀ ਫ਼ਿਰੇ।

ਰਸੋਈ ਵਿਚ ਚਾਹ ਬਣਾਉਦੀ ਦੇ ਮੇਰੇ ਕੰਨ ਮੁੰਡਿਆਂ ਦੀਆਂ ਗੱਲਾਂ ਵੱਲ ਲੱਗੇ ਹੋਏ ਹਨ।

ਓ ਯਾਰ ਰਣਜੀਤ! ਮੰਨ ਗਏ ਬਈ ਅਸੀਂ ਤਾਂ! ਬੱਲੇ ਬੱਲੇ! ਥੋਡੇ ਘਰ ਜਿੰਨੀ ਸਫ਼ਾਈ ਤਾਂ ਅਸੀਂ ਕਿਤੇ ਵੀ ਨਹੀਂ ਦੇਖੀ, ਬਥੇਰੇ ਲੋਕਾਂ ਦੇ ਘਰੀਂ ਜਾਈਦੈ, ਬੱਚਿਆਂ ਵਾਲਾ ਘਰ ਹੋਣ ਦੇ ਬਾਵਜੂਦ ਹਰ ਚੀਜ਼ ਕਿਵੇਂ ਥਾਂ ਟਿਕਾਣੇ ਪਈ ਐ, ਕਿਤੇ ਵੀ ਕੋਈ ਖਿਲਾਰਾ ਨਹੀਂ ਦਿਸਦਾ, ਕੰਮ ਵਾਲੀ ਵਧੀਆ ਮਿਲੀ ਹੋਣੀ ਐਂ ਥੋਨੂੰ, ਨਹੀਂ ਤਾਂ ਕੰਮ ਵਾਲੀਆਂ ਚਲਵਾਂ ਜਿਹਾ ਕੰਮ ਕਰ ਕੇ ਅਹੁ ਜਾਂਦੀਆਂ ਨੇ। ਭਰਾ ਦੇ ਦੋਸਤਾਂ ਵਿੱਚੋਂ ਇਕ ਜਣਾ ਸਾਡੇ ਘਰ ਵਿੱਚ ਫ਼ੁੱਲ ਬੂਟੇ ਲਾ ਕੇ ਕੀਤੀ ਸਜਾਵਟ ਤੇ ਪੂਰੀ ਰੀਝ ਲਾ ਕੇ ਕੀਤੀ ਗਈ ਸਾਫ਼ ਸਫ਼ਾਈ ਵੇਖ ਕੇ ਤਰੀਫ਼ਾਂ ਦੇ ਪੁਲ ਬੰਨ੍ਹੀਂ ਜਾ ਰਿਹਾ ਹੈ। ਉਨ੍ਹਾਂ ਦੇ ਕੋਲ ਹੀ ਮੇਰੇ ਨਿੱਕੇ-ਨਿੱਕੇ ਭਤੀਜੇ ਸ਼ਰਾਰਤਾਂ ਕਰਦੇ ਭੱਜੇ ਫ਼ਿਰਦੇ ਹਨ।

ਅਸੀਂ ਤਾਂ ਭਰਾਵਾ! ਘਰ ਦੇ ਕੰਮ ਵਾਸਤੇ ਦੋ ਕੰਮ ਵਾਲੀਆਂ ਰੱਖੀਆਂ ਹੋਈਆਂ ਨੇ, ਫ਼ੇਰ ਵੀ ਆਹ ਜਿਹੜੀ ਸਾਡੀ ਕਮਲੀ ਕੁੜੀ ਐ ਨਾ, ਇਹ ਨੂੰ ਨ੍ਹੀ ਕਿਸੇ ਦਾ ਕੀਤਾ ਕੰਮ ਪਸੰਦ ਆਉਦਾ, ਸਾਰਾ ਦਿਨ ਆਪ ਹੀ ਕੰਮ 'ਚ ਉਲਝੀ ਰਹਿੰਦੀ ਐ, ਬਥੇਰਾ ਕਹੀਦੈ ਬਈ ਜਦੋਂ ਇਹ ਕੁੜੀਆਂ ਚੰਗਾ ਭਲਾ ਸਾਰਾ ਕੰਮ ਕਰੀ ਜਾਂਦੀਆਂ ਨੇ ਫ਼ੇਰ ਤੂੰ ਬਹਿ ਜਾਇਆ ਕਰ ਘੜੀ ਪਲ ਟਿਕ ਕੇ, ਕਿਉ ਐਵੇਂ ਸਾਰਾ ਦਿਨ ਝਾੜ ਪੂੰਝ ਵਿੱਚ ਲੱਗੀ ਰਹਿੰਨੀ ਏਂ ਪਰ ਇਹ ਨਹੀਂ ਭਾਈ! ਟਿਕਦੀ ਕਿਸੇ ਵੇਲੇ ਵੀ, ਹਾਰ ਕੇ ਮੈਂ ਤਾਂ ਇਹ ਸੋਚ ਕੇ ਕਹਿਣਾ ਈਂ ਛੱਡਤਾ ਬਈ ਇਹਦੇ 'ਤੇ ਕਿਹੜਾ ਮੇਰੇ ਰੋਕਣ ਟੋਕਣ ਦਾ ਕੋਈ ਅਸਰ ਹੁੰਦੈ, ਇਹਨੂੰ ਤਾਂ ਸੁਭਾਅ ਈ ਪਿਆ ਹੋਇਐ ਸਾਰਾ ਦਿਨ ਕੰਮ ਕਰਦੇ ਰਹਿਣ ਦਾ ਮੇਰੀਆਂ ਤਾਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਜਾ ਰਹੇ ਸਨ। ਮੈਨੂੰ ਤਾਂ ਸਗੋਂ ਇਹ ਸਾਰੀਆਂ ਤਰੀਫ਼ਾਂ ਸੁਣ ਕੇ ਖ਼ੁਸ਼ੀ ਵਿੱਚ ਫ਼ੁਲ ਕੇ ਕੁੱਪਾ ਹੋ ਜਾਣਾ ਚਾਹੀਦਾ ਸੀ ਪਰ ਮੈਂ ਤਾਂ ਉਲਟਾ ਉਦਾਸੀ ਦੇ ਆਲਮ ਵਿੱਚ ਚਲੀ ਗਈ ਹਾਂ। ਪੂਰੇ ਦਾ ਪੂਰਾ ਅਤੀਤ, ਲੰਡਨ ਦੇ ਮੇਲੇ 'ਚ ਘੁੰਮਦੀ ਲੰਡਨ ਆਈ ਚੰਡੋਲ ਦੀ ਤਰ੍ਹਾਂ ਅੱਖਾਂ ਮੂਹਰੇ ਆਉਣਾ ਸ਼ੁਰੂ ਹੋ ਗਿਆ ਹੈ।

ਅਸੀਂ ਤਾਂ ਉਦੋਂ ਨਿੱਕੇ-ਨਿੱਕੇ ਹੁੰਦੇ ਸੀ ਨਿੱਕੇ ਬੱਚਿਆਂ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਮਾਂ ਬਾਪ ਕੀ ਕਰਦੇ ਹਨ? ਕਿੱਥੋਂ ਆਉਦੇ ਹਨ, ਕਿੱਥੇ ਜਾਂਦੇ ਹਨ? ਘਰ ਵਿੱਚ ਕਿਹੜਾ ਕੰਮ ਸਹੀ ਹੋ ਰਿਹਾ ਹੈ? ਕਿਹੜਾ ਗ਼ਲਤ ਹੋ ਰਿਹਾ ਹੈ? ਉਹ ਤਾਂ ਬੱਚਿਆਂ ਦੀ ਖੇਡਣ ਮੱਲਣ ਦੀ ਲਡਵਾਈ ਜਿਹੀ ਉਮਰ ਹੁੰਦੀ ਹੈ।

ਸਾਡੀ ਸੁਰਤ ਸੰਭਲਣ ਤੋਂ ਪਹਿਲਾਂ ਹੀ ਸਾਡੀ ਮਾਂ ਇੱਕ ਬਾਬੇ ਦੀ ਪੱਕੀ ਭਗਤਣੀ ਸੀ। ਬਾਬਾ ਸੀ ਤਾਂ ਪਖੰਡੀ ਜਿਹਾ ਹੀ ਪਰ ਉਹ ਆਪਣੇ ਆਪ ਨੂੰ ਪਹੁੰਚਿਆ ਹੋਇਆ ਸੰਤ ਅਖਵਾਉਂਦਾ ਸੀ। ਸਾਡੇ ਘਰ ਵਿੱਚ ਮੇਰੇ ਪਿਤਾ ਜੀ ਨਾਲੋਂ ਉਸ ਢੌਂਗੀ ਬਾਬੇ ਦੀ ਗੱਲ ਵੱਧ ਮੰਨੀ ਜਾਂਦੀ ਸੀ। ਉਸ ਦੇ ਬੱਤੀਆਂ ਦੰਦਾਂ ਵਿੱਚੋਂ ਨਿਕਲਿਆ ਹਰ ਸ਼ਬਦ ਸਾਡੀ ਮਾਂ ਵੱਲੋਂ ਰੱਬ ਦਾ ਭੇਜਿਆ ਹੋਇਆ ਦੈਵੀ ਫ਼ੁਰਮਾਨ ਸਮਝਿਆ ਜਾਂਦਾ।

ਉਸਦੀ ਗੱਲ ਮੋੜਨਾ ਪਰਿਵਾਰ ਦੇ ਕਿਸੇ ਵੀ ਜੀਅ ਵਾਸਤੇ ਰੱਬ ਦੇ ਹੁਕਮਾਂ ਦੀ ਹੁਕਮ ਅਦੂਲੀ ਕਰਨ ਦੇ ਬਰਾਬਰ ਸੀ। ਅਸੀਂ ਤਿੰਨੇ ਭੈਣ ਭਰਾ ਵਧੀਆ ਨੰਬਰ ਲੈ ਕੇ ਉੱਚ ਸਿਖਿਆ ਹਾਸਲ ਕਰ ਚੁੱਕੇ ਸਾਂ, ਮੈਂ ਆਰਟਸ ਰੱਖ ਕੇ ਬੀ. ਏ ਕਰ ਚੁੱਕੀ ਸੀ ਤੇ ਨਾਲ ਹੀ ਬੀ. ਐੱਡ ਵੀ ਕਰ ਲਈ ਸੀ। ਦੋਵੇਂ ਵੱਡੇ ਭਰਾ ਮੈਡੀਕਲ ਸਾਇੰਸ ਦੇ ਵਿਦਿਆਰਥੀ ਸਨ। ਚੰਗੀਆਂ ਪੁਜ਼ੀਸ਼ਨਾਂ ਲੈ ਕੇ ਦੋਹਾਂ ਨੇ ਬੀਐੱਸਸੀ ਕਰ ਲਈ ਸੀ। ਅਸੀਂ ਤਿੰਨੇ ਭੈਣ ਭਰਾ ਵਿਆਹੁਣ ਯੋਗ ਉਮਰ ਦੇ ਹੋ ਗਏ ਸਾਂ ਪਰ ਸਾਡੀ ਮਾਂ ਆਪਣੀ ਜ਼ਿੱਦ 'ਤੇ ਅੜੀ ਹੋਈ ਸੀ ਕਿ ਜਿੰਨਾ ਚਿਰ ਬਾਬਾ ਜੀ ਦੀ ਆਗਿਆ ਨਹੀਂ ਮਿਲਦੀ, ਮੈਂ ਤਾਂ ਨਾ ਕਿਤੇ ਕੁੜੀ ਦਾ ਰਿਸ਼ਤਾ ਕਰਨਾ ਏਂ ਤੇ ਨਾ ਹੀ ਮੁੰਡਿਆਂ ਦੇ ਵਿਆਹ ਮੰਗਣੇ ਕਰਨੇ ਹਨ। ਵੱਡਾ ਭਰਾ ਹਰਜੀਤ ਐੱਮ ਐੱਸ ਸੀ ਕਰ ਕੇ ਸਾਡੇ ਸ਼ਹਿਰ ਦੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਕਲਾਸ ਵਨ ਦੀ ਪੋਸਟ 'ਤੇ ਤਾਇਨਾਤ ਸੀ।

ਛੋਟੇ ਭਰਾ ਰਣਜੀਤ ਦੀ ਸਰਕਾਰੀ ਨੌਕਰੀ ਵਿੱਚ ਕੋਈ ਦਿਲਚਸਪੀ ਨਹੀਂ ਸੀ ਤੇ ਉਹ ਪਿਤਾ ਜੀ ਨਾਲ ਬਿਜ਼ਨਸ ਵਿੱਚ ਹੀ ਬਿਜ਼ੀ ਹੋ ਗਿਆ ਸੀ। ਘਰ ਵਿੱਚ ਪੈਸੇ ਦੀ ਕੋਈ ਕਮੀ ਨਹੀਂ ਸੀ। ਮੇਰੇ ਨੌਕਰੀ 'ਤੇ ਲੱਗਣ ਬਾਰੇ ਘਰ ਦੇ ਕਿਸੇ ਮੈਂਬਰ ਨੇ ਇਹ ਸੋਚ ਕੇ ਹੀ ਗੌਰ ਨਾ ਕੀਤੀ ਕਿ ਕੁੜੀ ਵਾਸਤੇ ਆਪਾਂ ਘਰ ਹੀ ਏਨਾ ਤਕੜਾ ਲੱਭਾਂਗੇ ਜਿੱਥੇ ਇਸ ਨੂੰ ਨੌਕਰੀ ਕਰਨ ਦੀ ਲੋੜ ਨਾ ਪਵੇ।

ਸਾਡੀ ਤਿੰਨਾਂ ਭੈਣ ਭਰਾਵਾਂ ਦੀ ਵਿਆਹ ਵਾਲੀ ਉਮਰ ਲੰਘਦੀ ਜਾ ਰਹੀ ਸੀ ਪਰ ਬਾਬਾ ਜੀ ਦੀ ਪ੍ਰਵਾਨਗੀ ਤੋਂ ਬਿਨਾਂ ਤਾਂ ਘਰ ਵਿੱਚ ਪੱਤਾ ਵੀ ਨਹੀਂ ਸੀ ਹਿੱਲ ਸਕਦਾ। ਸਾਡੇ ਮਾਂ ਬਾਪ ਜਦੋਂ ਵੀ ਬਾਬਾ ਜੀ ਤੋਂ ਸਾਡੇ ਰਿਸ਼ਤੇ ਕਰਨ ਵਾਸਤੇ ਆਗਿਆ ਲੈਣ ਜਾਂਦੇ ਤਾਂ ਉਹ ਹਰ ਵਾਰੀ ਇਹ ਕਹਿ ਕੇ ਨਾਂਹ ਕਰ ਦਿੰਦੇ ਕਿ ਯੋਗ ਸਮਾਂ ਆਉਣ 'ਤੇ ਉਹ ਆਪਣੇ ਆਪ ਹੀ ਦੱਸ ਦੇਣਗੇ।

ਹਾਲੇ ਤਾਂ ਇਨ੍ਹਾਂ ਬੱਚਿਆਂ ਦੇ ਕਿਤੇ ਸੰਜੋਗ ਹੀ ਨਹੀਂ ਭਿੜ ਰਹੇ। ਸਮੇਤ ਪਿਤਾ ਜੀ ਕਿਸੇ ਵਿੱਚ ਵੀ ਏਨੀ ਜੁਅੱਰਤ ਨਹੀਂ ਸੀ ਕਿ ਮਾਂ ਦੀ ਬਾਬੇ 'ਤੇ ਰੱਖੀ ਗਈ ਅਥਾਹ ਸ਼ਰਧਾ ਦਾ ਵਿਰੋਧ ਕਰ ਸਕੇ। ਆਪਣੀ ਕਬੀਲਦਾਰੀ ਕਿਉਟਣ ਦਾ ਫ਼ਿਕਰ ਦਿਲ ਵਿੱਚ ਲੈ ਕੇ ਹੀ ਸਾਡੇ ਪਿਤਾ ਜੀ ਇਕ ਦਿਨ ਅਚਾਨਕ ਹੀ ਹਾਰਟ ਅਟੈਕ ਨਾਲ ਸਦੀਵੀ ਵਿਛੋੜਾ ਦੇ ਗਏ। ਪੰਜਾਂ ਕੁ ਸਾਲਾਂ ਬਾਅਦ ਹੀ ਮਾਂ ਵੀ ਅਕਾਲ ਚਲਾਣਾ ਕਰ ਗਈ ਪਰ ਬਾਬਾ ਜੀ ਉਦੋਂ ਤੱਕ ਵੀ ਸਾਡੇ ਵਿਆਹਾਂ ਵਾਸਤੇ ਯੋਗ ਸਮਾਂ ਦੱਸਣ ਤੋਂ ਅਸਮਰੱਥ ਰਹੇ। ਸਾਡੇ ਤਿੰਨਾਂ ਭੈਣ ਭਰਾਵਾਂ ਦੇ ਵਿਆਹ ਮੰਗਣਿਆਂ ਦਾ ਯੋਗ ਸਮਾਂ ਤਾਂ ਨਾ ਆਇਆ ਪਰ ਇੱਕ ਸੜਕ ਹਾਦਸੇ ਵਿੱਚ ਬਾਬਾ ਜੀ ਦੇ ਸੰਸਾਰ ਛੱਡਣ ਦਾ ਯੋਗ ਸਮਾਂ ਜ਼ਰੂਰ ਆ ਗਿਆ ਸੀ। ਉਦੋਂ ਤੱਕ ਮੇਰਾ ਵੱਡਾ ਭਰਾ ਚਾਲੀਆਂ ਦੀ ਉਮਰ ਕਦੋਂ ਦਾ ਪਾਰ ਕਰ ਚੁੱਕਾ ਸੀ।

ਛੋਟਾ ਭਰਾ ਵੀ ਚਾਲੀਆਂ ਦਾ ਹੋ ਗਿਆ ਸੀ ਤੇ ਮੇਰੀਆਂ ਕਲਾਈਆਂ ਸ਼ਗਨਾਂ ਵਾਲੇ ਲਾਲ ਚੂੜੇ ਦੀ ਉਡੀਕ ਕਰਦੀਆਂ-ਕਰਦੀਆਂ ਕਦੋਂ ਦਾ ਪੈਂਤੀਵਾਂ ਸਾਲ ਲੰਘਾ ਚੁੱਕੀਆਂ ਸਨ। ਜਦੋਂ ਕੋਈ ਚੂੜੇ ਵਾਲੀ ਨਵੀਂ ਨਵੇਲੀ ਦੁਲਹਨ ਮੇਰੇ ਕੋਲ ਦੀ ਲੰਘਦੀ ਤਾਂ ਮੇਰੇ ਦਿਲ ਵਿੱਚ ਲਾਟਾਂ ਉਠਦੀਆਂ। ਸਾਡਾ ਕੋਈ ਰਿਸ਼ਤੇਦਾਰ ਜਦੋਂ ਮੇਰੇ ਭਰਾਵਾਂ ਤੋਂ ਮੈਨੂੰ ਨਾ ਵਿਆਹੁਣ ਦਾ ਕਾਰਨ ਪੁੱਛਦਾ ਤਾਂ ਉਹ ਦੱਸਦੇ ਕਿ ਹਰਪ੍ਰੀਤ ਨੂੰ ਵਿਆਹ ਕੇ ਸਾਡੀ ਰੋਟੀ ਦਾ ਔਖਾ ਹੋ ਜਾਣਾ ਸੀ। ਜਦੋਂ ਘਰ ਵਿੱਚ ਕੋਈ ਬੁੜੀ ਕੁੜੀ ਹੀ ਨਾ ਹੋਵੇ ਉਦੋਂ ਤਾਂ ਕੋਈ ਕੰਮ ਵਾਲੀ ਵੀ ਮੁੰਡਿਆਂ ਵਾਲੇ ਘਰੇ ਕੰਮ ਕਰਨ ਵਾਸਤੇ ਤਿਆਰ ਨਹੀਂ ਹੁੰਦੀ, ਬਸ ਤਾਂ ਕਰਕੇ... ਤੇ ਸ਼ਰਮ ਦੇ ਮਾਰਿਆਂ ਨੂੰ ਅਗਾਂਹ ਉਨ੍ਹਾਂ ਨੂੰ ਕੋਈ ਗੱਲ ਹੀ ਨਾ ਅਹੁੜਦੀ।

ਵੱਡੇ ਵੀਰ ਦਾ ਰਿਸ਼ਤਾ ਸਾਡੇ ਇੱਕ ਰਿਸ਼ਤੇਦਾਰ ਨੇ ਉਸ ਦੀ ਉਮਰ ਪੰਜ ਸੱਤ ਸਾਲ ਘੱਟ ਦੱਸ ਕੇ ਇੱਕ ਅਤਿ ਗਰੀਬ ਘਰੇ ਕਰਵਾ ਦਿੱਤਾ ਤੇ ਛੋਟਾ ਭਰਾ ਵਿਆਹ ਵਾਲੀ ਉਮਰ ਟੱਪ ਜਾਣ ਕਾਰਨ ਮੇਰੇ ਵਾਂਗ ਹੀ ਵਿਆਹ ਤੋਂ ਵਾਂਝਾ ਰਹਿ ਗਿਆ ਸੀ।

ਮੈਨੂੰ ਯਾਦ ਹੈ ਜਿਸ ਦਿਨ ਵੱਡੇ ਵੀਰ ਜੀ ਦੀ ਬਰਾਤ ਜਾਣੀ ਸੀ ਉਸ ਦਿਨ ਇੱਕ ਰਿਸ਼ਤੇਦਾਰ ਕੁੜੀ ਮੈਨੂੰ ਸੋਨੇ ਦੀ ਭਾਰੀ ਚੇਨ ਫ਼ੜਾਉਦੀ ਹੋਈ ਕਹਿਣ ਲੱਗੀ, 'ਲੈ ਫ਼ੜ ਆਹ ਚੇਨ ਪਾ ਲੈ ਗਲੇ ਵਿੱਚ, ਫ਼ੇਰ ਵੀ ਭਰਾ ਦੀ ਬਰਾਤ ਚੱਲੀ ਏਂ, ਭੋਰਾ ਟੌਹਰ ਸ਼ੌਹਰ ਕੱਢ ਕੇ ਜਾਈਦਾ ਹੁੰਦੈ, ਅਗਲਿਆਂ ਨੂੰ ਵੀ ਪਤਾ ਲੱਗੇ ਬਈ ਵਿਆਹ ਵਾਲੇ ਮੁੰਡੇ ਦੀ ਭੈਣ ਏਂ।'

ਮੈਂ ਇਹ ਕਹਿ ਕੇ ਚੇਨ ਪਾਉਣ ਤੋਂ ਨਾਂਹ ਕਰ ਦਿੱਤੀ ਸੀ ਕਿ 'ਅੱਜ ਮੈਂ ਟੌਹਰ ਕੱਢ ਕੇ ਕੀਹਨੂੰ ਦਿਖਾਉਣੀ ਐਂ, ਟੌਹਰ ਕੱਢਾਂਗੀ ਮੈਂ ਆਪਣੇ ਵਿਆਹ ਵਾਲੇ ਦਿਨ।' ਮੈਨੂੰ ਤਾਂ ਉਦੋਂ ਤੱਕ ਵੀ ਆਪਣਾ ਵਿਆਹ ਹੋ ਜਾਣ ਦੀ ਝਾਕ ਸੀ। ਉਸ ਵੇਲੇ ਮੈਨੂੰ ਕੀ ਪਤਾ ਸੀ ਕਿ ਉਹ ਭਾਗਾਂ ਵਾਲਾ ਦਿਨ ਤਾਂ ਹੁਣ ਕਦੇ ਵੀ ਨਹੀਂ ਆਵੇਗਾ, ਉਹ ਦਿਨ ਤਾਂ ਬਾਬੇ 'ਤੇ ਰੱਖੀ ਮੇਰੀ ਮਾਂ ਦੀ ਅੰਨ੍ਹੀ ਸ਼ਰਧਾ ਨੇ ਕਦੋਂ ਦਾ ਇਉ ਨਿਗਲ ਲਿਆ ਹੈ ਜਿਵੇਂ ਕਿਸੇ ਬੇਕਸੂਰ ਡੱਡੂ ਨੂੰ ਕੋਈ ਛੱਪੜ 'ਚ ਵੜਿਆ ਬੈਠਾ ਸੱਪ ਸਾਬਤਾ ਹੀ ਨਿਗਲ ਜਾਂਦਾ ਹੈ, ਹੁਣ ਮੈਂ ਵੀ ਤਾਂ ਕਿਸੇ ਆਹਰੇ ਲੱਗ ਕੇ ਆਪਣੇ ਵਕਤ ਨੂੰ ਧੱਕਾ ਲਾਉਣਾ ਹੀ ਹੈ ਨਾ, ਬੇਚੈਨ ਮਨ ਨੂੰ ਹਰ ਸਮੇਂ ਕਿਸੇ ਨਾ ਕਿਸੇ ਆਹਰ ਵਿੱਚ ਲਾਈ ਰੱਖਣਾ ਮੇਰਾ ਕੋਈ ਸ਼ੌਕ ਥੋੜ੍ਹੋਂ ਹੈ, ਇਹ ਮਜਬੂਰੀ ਏ ਮੇਰੀ, ਹੋਰ ਕਿਹੜਾ ਸਾਰੀ ਦਿਹਾੜੀ ਘਰ ਦੀ ਝਾੜ ਪੂੰਝ ਕਰਨ ਦਾ ਮੈਨੂੰ ਕੋਈ ਝੱਲ ਚੜ੍ਹਿਆ ਹੋਇਐ।'

## ਮਿੰਨੀ ਕਹਾਣੀਆਂ

ਕਮਲਜੀਤ ਕੌਰ ਕਮਲ

### ਸੰਵਿਧਾਨ ਦਿਵਸ

ਸਕੂਲ ਦੀ ਸਵੇਰ ਦੀ ਸਭਾ ਵਿੱਚ ਸੰਵਿਧਾਨ ਦਿਵਸ ਮਨਾਇਆ ਜਾ ਰਿਹਾ ਸੀ। ਵਾਰੋ-ਵਾਰੀ ਬੱਚੇ ਮਾਈਕ ਤੇ ਸੰਵਿਧਾਨ ਦਿਵਸ ਤੇ ਬੋਲੇ। ਇਸ ਤੋਂ ਬਾਅਦ ਮੁੱਖ ਅਧਿਆਪਕਾ ਨੇ ਸੰਵਿਧਾਨ ਦਿਵਸ ਦੇ ਮਹੱਤਵ ਬਾਰੇ ਦੱਸਦਿਆਂ ਆਮ ਆਦਮੀ ਦੇ ਕਨੂੰਨੀ ਹੱਕਾਂ ਕਨੂੰਨ ਦੇ ਵਿਸਥਾਰ ਬਾਰੇ ਦੱਸਦਿਆਂ ਕਿਹਾ ਕਿ ਹਰ ਜਾਤੀ ਤੇ ਨਸਲ ਦੇ ਲੋਕਾਂ ਦੇ ਹੱਕ ਬਰਾਬਰ ਹਨ। ਹਰ ਬੱਚੇ ਨੂੰ ਪੜ੍ਹਨ ਦਾ ਅਧਿਕਾਰ ਹੈ ਬੱਚਿਆਂ ਨੇ ਭਾਸ਼ਣ ਸੁਣ ਕੇ ਤਾੜੀਆਂ ਵਜਾਈਆਂ ਤੇ ਪਿੱਛੇ ਸਕੂਲ ਦੀ ਬਣ ਰਹੀ ਬਿਲਡਿੰਗ ਵਿੱਚ ਮਜ਼ਦੂਰਾਂ ਨਾਲ ਇੱਟਾਂ ਢੋਹ ਰਹੇ ਉਹਨਾਂ ਦੇ ਬੱਚੇ ਵੀ ਕੰਮ ਛੱਡਕੇ ਸਕੂਲੀ ਬੱਚਿਆਂ ਮਗਰ ਤਾੜੀਆਂ ਮਾਰ ਰਹੇ ਸੀ।

***

### ਜ਼ੁਬਾਨ ਦਾ ਰਸ

ਇੱਕ ਵਾਰੀ ਇੱਕ ਰਾਹਗੀਰ ਇੱਕ ਮਾਈ ਦੇ ਘਰ ਰੁਕਿਆ। ਮਾਈ ਨੇ ਦਾਲਾਂ, ਸਬਜ਼ੀਆਂ ਤੇ ਖੀਰ ਬਣਾ ਕੇ ਬੜੇ ਚਾਅ ਨਾਲ ਰੋਟੀ ਦੀ ਤਿਆਰੀ ਕੀਤੀ ਤੇ ਜਦੋਂ ਰੋਟੀ ਖਾਣ ਦਾ ਸਮਾਂ ਹੋਇਆ ਤਾਂ ਰਾਹਗੀਰ ਦੀ ਨਿਗਾਹ ਸਾਹਮਣੇ ਖੜੀ ਮੱਝ 'ਤੇ ਪਈ। ਉਸਨੇ ਦੇਖਿਆ ਕਿ ਘਰ ਦਾ ਦਰਵਾਜਾ ਬੜਾ ਤੰਗ ਹੈ ਤੇ ਮੱਝ ਬਹੁਤ ਤਕੜੀ ਹੈ। ਇਹ ਦੇਖਕੇ ਉਸਨੇ ਕਿਹਾ 'ਮਾਈ ਜੇ ਤੇਰੀ ਮੱਝ ਮਰ ਜਾਵੇ ਤਾਂ ਕੀ ਕਰੇਗੀ ,ਤੇਰਾ ਦਰਵਾਜਾ ਤੰਗ ਆ ਤੇ ਮੱਝ ਬਹੁਤੀ ਤਕੜੀ ,ਇਹਨੂੰ ਅਗਲਾ ਬਾਹਰ ਕਿਵੇਂ ਲਜਾਊ ?' ਮਾਈ ਜੋ ਉਹਦੇ ਵਾਸਤੇ ਥਾਲ ਵਿੱਚ ਗਰਮ-ਗਰਮ ਰੋਟੀ ਲੈ ਕੇ ਆ ਰਹੀ ਸੀ, ਉਸਨੂੰ ਇਹ ਗੱਲ ਸੁਣ ਕੇ ਗੁੱਸਾ ਆ ਗਿਆ। ਮਾਈ ਰਾਹਗੀਰ ਨੂੰ ਕਹਿੰਦੀ' ਬਾਬਾ ਹੱਥ ਕਰ !'

ਜਦੋਂ ਬਾਬੇ ਨੇ ਦੋਵੇਂ ਹੱਥ ਅਗਾਹ ਕੀਤੇ ਤਾਂ ਮਾਈ ਨੇ ਗਰਮ-ਗਰਮ ਖੀਰ ਉਸਦੇ ਹੱਥਾਂ ਤੇ ਉਲਟ ਦਿੱਤੀ। ਰਾਹਗੀਰ ਚੀਕਾਂ ਮਾਰਦਾ ਹੋਇਆ ਬਾਹਰ ਵੱਲ ਭੱਜਿਆ !

ਲੋਕਾਂ ਨੇ ਪੁੱਛਿਆ 'ਕੀ ਹੋਇਆ ਬਈ ?' ਤਾਂ ਉਸਨੇ ਕਿਹਾ 'ਇਹ ਮੇਰੀ ਜੁਬਾਨ ਦਾ ਰਸ ਡੁੱਲ੍ਹਦਾ ਜਾਂਦਾ।'

ਬਚਪਨ ਵਿੱਚ ਮੇਰੀ ਮਾਂ ਦੁਆਰਾ ਸੁਣਾਈ ਇਹ ਕਹਾਣੀ ਮੈਨੂੰ ਕਦੇ ਨਹੀਂ ਭੁੱਲਦੀ। ਜਿਵੇਂ ਜਿਵੇਂ ਮੈਂ ਵੱਡੀ ਹੋਈ ਮੈਨੂੰ ਸਮਾਜ ਵਿੱਚ ਵਿਚਰਦਿਆਂ ਅਨੇਕਾਂ ਲੋਕਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਹਰੇਕ ਦਾ ਆਪੋ-ਆਪਣਾ ਅੰਦਾਜ਼ ਹੈ। ਕੋਈ ਕੋਈ ਤਾਂ ਹਰ ਗੱਲ ਤੋਲ ਕੇ ਕਰਦਾ ਹੈ ਪਰ ਕਈ ਲੋਕ ਸਿੱਧੇ ਹੀ ਚਲਦੇ ਹਨ।

ਕਈ ਵਾਰੀ ਬਹੁਤ ਪੜ੍ਹੇ ਲਿਖੇ ਲੋਕ ਭਾਵੇਂ ਉਹ ਕਿੰਨੇ ਵੀ ਉੱਚੇ ਅਹੁਦੇ 'ਤੇ ਬੈਠੇ ਹੋਣ ਉਨ੍ਹਾਂ ਦੀ ਜੁਬਾਨ ਕਰਕੇ ਹਰ ਸਹਕਰਮੀ ਉਨਾਂ ਤੋਂ ਦੂਰ ਭੱਜਦਾ ਹੈ ਉਨ੍ਹਾਂ ਨੂੰ ਹਿਟਲਰ ਕਿਹਾ ਜਾਂਦਾ ਹੈ। ਪਰ ਇਸਤੋਂ ਉਲਟ ਕਈ ਲੋਕ ਭਾਵੇਂ ਆਮ ਜਿਹਾ ਕੰਮ ਕਰਦੇ ਹੋਣ ਪਰ ਉਹ ਸਮਾਜ ਵਿੱਚ ਬਹੁਤ ਹਰਮਨ-ਪਿਆਰੇ ਹੋ ਜਾਂਦੇ ਹਨ। ਇਹ ਸਭ ਸਾਡੀ ਜੁਬਾਨ ਦਾ ਹੀ ਖੇਲ ਹੈ। ਇਹੀ ਜੁਬਾਨ ਸਾਨੂੰ ਅਰਸ਼ ਤੋਂ ਫ਼ਰਸ਼ ਤੇ ਅਤੇ ਫ਼ਰਸ਼ ਤੋਂ ਅਰਸ਼ ਤੇ ਪਹੁੰਚਾ ਸਕਦੀ ਹੈ ਕਿਉਂਕਿ ਜੁਬਾਨ 'ਚੋ ਨਿਕਲੀ ਗੱਲ ਤੇ ਕਮਾਨ 'ਚੋ ਨਿਕਲਿਆ ਤੀਰ ਕਦੇ ਵਾਪਿਸ ਨਹੀਂ ਆਉਂਦੇ। ਜੁਬਾਨ ਦੇ ਚਲਾਏ ਤੀਰਾਂ ਦਾ ਖ਼ਾਮਿਆਜ਼ਾ ਸਾਨੂੰ ਆਉਣ ਵਾਲੇ ਸਮੇਂ ਵਿੱਚ ਭੁਗਤਣਾ ਪੈਂਦਾ ਹੈ। ਚੰਗੀ ਬੋਲੀ ਸਾਡੇ ਤੋਂ ਕੁਝ ਖੋਂਹਦੀ ਨਹੀਂ ਸਗੋਂ ਦੂਜੇ ਦੇ ਮਨ ਤੇ ਛਾਪ ਛੱਡ ਜਾਂਦੀ ਹੈ।

***

### ਬੇਵਸੀ

ਹਰਜੀਤ ਮਾਂ ਪਿਉ ਦੀ ਲਾਡਲੀ ਧੀ ਸੀ। ਉਹ ਸਕੂਲ ਵਿੱਚ ਖੇਡਾਂ ਵਿੱਚ ਹਮੇਸ਼ਾ ਅੱਵਲ ਆਉਂਦੀ। ਅੱਜ ਉਸਦੇ ਪਿਤਾ ਨੇ ਅਗਲੀ ਪੜ੍ਹਾਈ ਲਈ ਬੜੇ ਚਾਅ ਨਾਲ ਉਸਨੂੰ ਹੋਸਟਲ ਛੱਡ ਦਿੱਤਾ ਅਤੇ ਨਵੇਂ ਬੂਟ ਅਤੇ ਕੱਪੜੇ ਵੀ ਖਰੀਦ ਕੇ ਦਿੱਤੇ। ਹਰਜੀਤ ਵੀ ਦੌੜ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲੱਗੀ। ਇੱਥੋ ਤੱਕ ਕਿ ਕਾਲਜ ਦੀ ਸਭ ਤੋਂ



ਤੇਜ਼ ਦੌੜਨ ਵਾਲੀ ਖਿਡਾਰਨ ਪੰਮੀ ਨੂੰ ਵੀ ਪਿੱਛੇ ਛੱਡਣ ਲੱਗ ਪਈ। ਹੁਣ ਉਸਦੇ ਮਨ ਵਿੱਚ ਇੱਕ ਹੀ ਖ਼ਿਆਲ ਰਹਿੰਦਾ ਕਿ ਜ਼ਿਲਾ ਪੱਧਰ 'ਤੇ ਹੋਣ ਵਾਲੀਆਂ ਖੇਡਾਂ ਵਿੱਚ ਉਹ ਚੁਣੀ ਜਾਵੇ। ਆਖ਼ਰ ਉਹ ਸਮਾਂ ਆ ਗਿਆ। ਅੱਜ ਗਰਾਊਂਡ ਵਿੱਚ ਸਾਰੇ ਮੋਹਰੀ ਖਿਡਾਰੀ ਜ਼ਿਲ੍ਹਾ ਪੱਧਰ ਦੀ ਚੋਣ ਲਈ ਪਹੁੰਚੇ। ਹਰਜੀਤ ਪਹਿਲੇ ਸਥਾਨ 'ਤੇ ਆਈ। ਪਰ ਉਦੋਂ ਹੀ ਇੱਕ ਵੀ ਆਈ ਪੀ ਗੱਡੀ ਵਿੱਚੋਂ ਕੋਈ ਬੰਦਾ ਕੋਚ ਸਾਹਿਬ ਨੂੰ ਮਿਲਣ ਆਇਆ। ਕੋਚ ਸਾਹਿਬ ਨੇ ਬੇਵਸੀ ਭਰੀਆਂ ਨਜ਼ਰਾਂ ਨਾਲ ਹਰਜੀਤ ਵੱਲ ਤੱਕਿਆ। ਦੂਸਰੇ ਦਿਨ ਨੋਟਿਸ ਬੋਰਡ 'ਤੇ ਆਪਣੀ ਥਾਂ ਪੰਮੀ ਦਾ ਨਾਂ ਵੇਖ ਕੇ ਹਰਜੀਤ ਨੂੰ ਕੋਚ ਸਾਹਿਬ ਦੀਆਂ ਬੇਵਸੀ ਭਰੀਆਂ ਅੱਖਾਂ ਯਾਦ ਆ ਗਈਆਂ ਤੇ ਹਰਜੀਤ ਦੇ ਜੋਸ਼ ਨੇ ਸਦਾ ਲਈ ਅੱਖਾਂ ਮੀਚ ਲਈਆਂ।

***

### ਪਰੇਸ਼ਾਨੀਆਂ

ਮੀਤ ਬੜਾ ਪਰੇਸ਼ਾਨ ਹੋ ਕੇ ਘਰੋਂ ਨਿਕਲਿਆ ਪੋਲੇ-ਪੋਲੇ ਪੈਰ ਪੁੱਟਦਾ ਸੜਕ 'ਤੇ ਤੁਰਿਆ ਜਾਂਦਾ, ਬੜਾ ਥੱਕਿਆ-ਥੱਕਿਆ , ਮੱਥੇ ਤੇ ਵੱਟ, ਘਰ ਦੀਆਂ ਜਿੰਮੇਵਾਰੀਆਂ ਤੋਂ ਪਰੇਸ਼ਾਨ ਅੱਗੇ ਵਧਦਾ ਤੁਰਿਆ ਗਿਆ। ਅੱਗੇ ਜਾ ਕੇ ਬੱਸ ਲਈ। ਬੱਸ ਵਿੱਚ ਬੈਠਾ ਜਿੰਦਗੀ ਨੂੰ ਕੋਸਦਾ ਸੋਚਣ ਲੱਗਾ, ਜਿੰਦਗੀ ਕੀ ਹੈ? ਪ੍ਰੇਸ਼ਾਨੀਆਂ ਦੀ ਪੰਡ, ਮਨ ਕਰੇ ਨਾ ਕਰੇ ਬਸ ਢੋਈ ਜਾਉ। ਇਨ੍ਹਾਂ ਪਰੇਸ਼ਾਨੀਆਂ ਤੋਂ ਹੁਣ ਤਾਂ ਮਰ ਕੇ ਹੀ ਪਿੱਛਾ ਛੁੱਟੂ। ਏਨੇ ਚਿਰ ਨੂੰ ਇੱਕ ਅੰਨਾ ਆਦਮੀ ਕਾਲੀਆਂ ਐਨਕਾਂ ਲਾਈ ਲਾਗਲੀ ਸੀਟ 'ਤੇ ਆ ਬੈਠਾ। ਮੀਤ ਨੇ ਉਸ ਅੰਨ੍ਹੇ ਆਦਮੀ ਨੂੰ ਪੁੱਛਿਆ ਕਿ ਉਹ ਕਿੱਥੇ ਜਾ ਰਿਹਾ ਹੈ। ਉਸ ਆਦਮੀ ਨੇ ਕਿਹਾ ਕਿ ਉਹ ਇੱਕ ਸਕੂਲ ਵਿੱਚ ਸੰਗੀਤ ਦੇ ਅਧਿਆਪਕ ਦੀ ਇੰਟਰਵਿਊ ਲਈ ਜਾ ਰਿਹਾ ਹੈ, ਸ਼ਾਇਦ ਉੱਥੇ ਮੇਰੀ ਨੌਕਰੀ ਲੱਗ ਜਾਵੇ। ਐਨਾ ਸੁਣਦਿਆਂ ਹੀ ਮੀਤ ਦੀਆਂ ਸਾਰੀਆਂ ਪਰੇਸ਼ਾਨੀਆਂ ਪਤਾ ਨਹੀਂ ਕਿੱਥੇ ਉੱਡ ਗਈਆ।

# ਮੇਰੀ ਕਲਮ

## ਵਫ਼ਾ ਬਨਾਮ ਬੇਵਫ਼ਾਈ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਵਫ਼ਾ ਤੇ ਬੇਵਫ਼ਾਈ ਦਾ ਵੀ,
ਆਪਣਾ ਆਪਣਾ ਵਿਧਾਨ ਹੈ,
ਪਹਿਲਾਂ ਹਕੂਮਤ ਇੱਕ ਦੀ,
ਫ਼ਰ ਦੂਜੀ ਹੱਥ ਕਮਾਨ ਹੈ।
ਇੱਕ ਸੁਰ ਅਤੇ ਇੱਕ ਤਾਲ 'ਤੇ,
ਵਫ਼ਾ ਦੀ ਸਰਗਮ ਗੂੰਜਦੀ,
ਹਰ ਪਲ 'ਤੇ ਹਰੇਕ ਸਾਹ ਦੀ,
ਅਨੋਖੀ ਨਿਕਲਦੀ ਤਾਨ ਹੈ।
ਦਿਨ ਹੋਵੇ ਜਾਂ ਹੋਵੇ ਰਾਤ,
ਦੋ ਦਿਲਾਂ ਵਿੱਚ ਇੱਕ ਜਾਨ ਹੈ,
ਮੂੰਹੋਂ ਨਿਕਲੀ ਕੋਈ ਵੀ ਗੱਲ,
ਇੱਕ ਦੂਜੇ ਨੂੰ ਪ੍ਰਵਾਨ ਹੈ।
ਵਫ਼ਾ ਨੂੰ ਨਿਭਾਵਣਾ ਵੀ,
ਹੈ ਪੁਰਸਲਾਤ ਦਾ ਸਫ਼ਰ ਜਾਣੋ,
ਜ਼ਰਾ ਵੀ ਥਿੜਕ 'ਤੇ ਝਿਜਕ ਨਾਲ,
ਹਿੱਲ ਜਾਂਦਾ ਆਪਣਾ ਜਹਾਨ ਹੈ।

ਜਦੋਂ 'ਬੇ' ਖੜ੍ਹ ਜਾਏ ਪੈਰ ਗੱਡ,
ਵਫ਼ਾ ਦੇ ਅੱਗੇ ਚਟਾਨ ਬਣ,
ਸੰਜੀਦਗੀ ਅਤੇ ਪਿਆਰ ਦਾ,
ਮਾਨ ਬਣ ਜਾਂਦਾ ਅਪਮਾਨ ਹੈ।
ਹਿੱਲ ਜਾਂਦੇ ਸਭੇ ਤਾਰ ਦਿਲ ਦੇ,
ਪੈਰ ਪੈਰ ਤੇ ਥਿੜਕਣਾਂ,
ਪਿਆਰ ਅਤੇ ਵਿਸ਼ਵਾਸ ਨੂੰ,
ਉਡਾ ਲੈ ਜਾਂਦਾ ਤੂਫ਼ਾਨ ਹੈ।
ਨਫ਼ਰਤਾਂ ਅਤੇ ਬਦ ਦੁਆਵਾਂ,
ਹਰ ਪਲ ਨਵੀਆਂ ਉੱਗਦੀਆਂ,
ਰੰਗਾਂ ਅਤੇ ਮਹਿਕਾਂ ਭਰਿਆ,
ਗੁਲਿਸਤਾਨ ਹੁੰਦਾ ਵੀਰਾਨ ਹੈ।
ਬੇਵਫ਼ਾਈ ਦੇ ਦੌਰ ਵਿੱਚ,
ਪਰਲੋਂ ਐਸੀ ਆਂਵਦੀ,
ਜਾਨ ਵਾਰਦਾ ਇਨਸਾਨ ਵੀ,
ਲੈਂਦਾ ਇੱਕ ਦੂਜੇ ਦੀ ਜਾਨ ਹੈ।

## ਕੈਨੇਡਾ ਦੇ ਨਜ਼ਾਰੇ

ਸੁਖਦੇਵ ਸਿੰਘ ਭੁੱਲੜ

ਦੱਸਦਾਂ ਕਹਾਣੀ ਸਾਰੀ ਇੰਨ ਬਿੰਨ ਜੀ!
ਲੰਘਦੇ ਕੈਨੇਡਾ ਵਿੱਚ ਕਿਵੇਂ ਦਿਨ ਜੀ!
ਛੱਡਿਆ ਪੰਜਾਬ, ਪੈਲੀ ਵੇਚ ਵੱਟ ਕੇ।
ਆ ਗਿਆ ਕਨੇਡਾ, ਜਰ੍ਹਾ ਵੀ ਨਾ ਅਟਕੇ।
ਦੋ ਕੁ ਦਿਨਾਂ 'ਚ ਲਹਿ ਗਿਆ ਥਕੇਵਾਂ ਸੀ।
ਫਿਰ ਸ਼ੁਰੂ ਹੋਇਆ ਜ਼ਿੰਦਗੀ 'ਚ ਅਕੇਵਾਂ ਜੀ।
ਵਾਹਵਾ ਭੱਜ ਦੌੜ ਕਰ ਕੰਮ ਲੱਭਿਆ।
ਸਮੇਂ ਸਿਰ ਪਹੁੰਚਾ, ਕਰੀ ਨਾ ਅਵੱਗਿਆ।
ਗੁਰੂਘਰ ਕੀਤੀ ਅਰਦਾਸ ਹੱਥ ਜੋੜ ਕੇ।
ਵਾਹਵਾ ਸਾਰੀ ਆਵਾਂ ਬਲਿਊਬੇਰੀ ਤੋੜ ਕੇ।
ਪਹੁੰਚਾ ਜਦ ਫ਼ਾਰਮ 'ਚ, ਆਸੇ-ਪਾਸੇ ਤੱਕਿਆ।
ਛੇਤੀ ਕੀਤੇ ਹੋਰਾਂ ਨੂੰ ਪਛਾਣ ਵੀ ਨਾ ਸਕਿਆ।
ਹੌਲੀ-ਹੌਲੀ ਸਭਨਾਂ ਨਾਲ ਹੋਈ ਮੁਲਾਕਾਤ।
ਕੌਣ ਕਿੱਥੋਂ ਪਤਾ ਲੱਗਾ ਕਿਹੜੀ ਜ਼ਾਤ-ਪਾਤ।
ਪੁੱਤ ਸਰਦਾਰਾਂ ਦੇ ਤੇ ਅਫ਼ਸਰ ਸਰਕਾਰੀ ਜੀ।
ਕਰਦੇ ਦਿਹਾੜੀ ਥਾਣੇਦਾਰ ਪਟਵਾਰੀ ਜੀ।
ਮੈਂਬਰ ਸਰਪੰਚ ਭਰੀ ਜਾਂਦੇ ਨੇ ਕਰੇਟ।
ਡਿਪਟੀ ਵੀ ਸਮੇਂ ਤੋਂ ਨਾ ਹੋਵੇ ਭੋਰਾ ਲੇਟ।
ਇੱਕ ਦੂਜੇ ਨਾਲ ਜ਼ਿਦ-ਜ਼ਿਦ ਬੇਰੀ ਤੋੜਦੇ।
ਨਾਲੋਂ ਨਾਲ ਗੱਲਾਂ ਦੇ ਪਹਾੜ ਜਾਣ ਰੋੜ੍ਹਦੇ।
ਹਫ਼ਤੇ 'ਚ ਸੱਤੇ ਦਿਨ ਕੰਮ ਉੱਤੇ ਜਾਂਦੇ ਸਾਂ।
ਰੋਟੀ ਪਾਣੀ ਬੱਸ ਬਹਿ ਕੇ ਵੱਟਾਂ ਉੱਤੇ ਖਾਂਦੇ ਸਾਂ।
ਬਾਰਾਂ ਮਹੀਨੇ ਤੀਹ ਦਿਨ ਏਹੋ ਹਾਲ ਰਹਿੰਦਾ ਸੀ।
ਫ਼ਾਰਮ ਦਾ ਮਾਲਕ ਸਾਡੀ ਜਾਨ ਕੱਢ ਲੈਂਦਾ ਸੀ।
ਥੱਕੇ ਟੁੱਟੇ ਹੋਏ ਘਰ ਮੁੜਦੇ ਸਾਂ ਸ਼ਾਮ ਨੂੰ।
ਯਾਦ ਕਰ ਝੁਰਦੇ ਸਾਂ ਪਿਛਲੇ ਗਰਾਮ ਨੂੰ।
ਚੰਗੇ ਭਲੇ ਵੱਸਦੇ, ਨਜ਼ਾਰਾ ਬੜਾ ਲੈਂਦੇ ਸਾਂ।
ਮਰਜ਼ੀ ਨਾਲ ਉੱਠਦੇ ਮਰਜ਼ੀ ਨਾਲ ਪੈਂਦੇ ਸਾਂ।
ਪਰ ਏਥੇ ਸਮੇਂ ਸਿਰ ਉਠਣਾ ਤੇ ਜਾਣਾ ਪੈਂਦਾ।
ਬੇਹਾ ਤਰਬੇਹਾ ਦੋ ਦਿਨਾਂ ਦਾ ਵੀ ਖਾਣਾ ਪੈਂਦਾ।
ਪਾਣੀ, ਗੈਸ, ਬਿਜਲੀ, ਗਰੌਸਰੀ ਦੇ ਬਿੱਲਾਂ ਨੇ।
ਰਹਿੰਦੀ ਖੂੰਹਦੀ ਕੱਢ 'ਤੀ ਕਸਰ ਆਰਾ ਮਿੱਲਾਂ ਨੇ।
ਕਾਰ, ਬੀਮਾ, ਘਰ ਦੀ ਕਿਸ਼ਤ, ਖਰਚ ਬਾਲਾਂ ਦਾ।
ਪਲਾਂ ਵਿੱਚ ਬੀਤ ਗਿਆ ਸਫ਼ਰ ਕਈ ਸਾਲਾਂ ਦਾ।
ਬੱਚੇ ਪੜ੍ਹ ਲਿਖ ਕੇ ਉਡਾਰੀ ਗਏ ਮਾਰ ਨੇ।
ਰੀਝਾਂ ਨਾਲ ਬਣਾਏ ਘਰ, ਬਣ ਗਏ ਉਜਾੜ ਨੇ।
'ਕੱਲਾ ਬਹਿ ਕੇ ਸੋਚਾਂ, ਕੀ ਖੱਟਿਆ ਗਵਾਇਆ ਏ?
ਖੱਟਿਆ ਨ੍ਹੀਂ ਕੁਝ, ਬੱਸ ਗਵਾਇਆ ਈ ਗਵਾਇਆ ਏ।
ਸੋਚ-ਸੋਚ ਝੂਰਾਂ, ਨਿੱਤ ਨਵੀਂ ਮੌਤ ਮਰਦਾ।
ਵਾਪਸ ਮੁੜਨ ਨੂੰ ਹਾਏ! ਜੀਅ ਬੜਾ ਕਰਦਾ।
'ਭੁੱਲੜਾ' ਕੈਨੇਡਾ ਅਤੇ ਡਾਲਰਾਂ ਨੇ ਮੋਹ ਲਿਆ।
ਮੈਥੋਂ ਮੇਰਾ ਦੇਸ ਨੇ ਪੰਜਾਬ ਸੋਹਣਾ ਖੋਹ ਲਿਆ।

## ਧੀਆਂ

ਬਲਜਿੰਦਰ ਮਾਨ



ਜਦੋਂ ਘਰ ਵਿੱਚ ਪੈਰ ਪਾਉਣ ਧੀਆਂ
ਖ਼ੁਸ਼ੀਆਂ ਖੇੜੇ ਨਾਲ ਲਿਆਉਣ ਧੀਆਂ।
ਪੁੱਤ ਕਪੁੱਤ ਤਾਂ ਕਦੀ ਹੋ ਸਕਦੇ
ਮਾਪਿਆਂ ਦਾ ਦਰਦ ਵੰਡਾਉਣ ਧੀਆਂ।
ਜਦੋਂ ਖ਼ੁਸ਼ੀਆਂ ਦੇ ਘਰ ਆਉਣ ਮੌਕੇ
ਰਲ ਮਿਲਕੇ ਆਨੰਦ ਵਧਾਉਣ ਧੀਆਂ
ਨਰੋਈ ਸੋਚ ਤੇ ਉੱਚੀਆਂ ਕਰਨ ਗੱਲਾਂ
ਇੱਥੇ ਉੱਥੇ ਵੀ ਸ਼ਾਨ ਵਧਾਉਣ ਧੀਆਂ।
ਸਹੁਰੇ ਜਾ ਕੇ ਨਵਾਂ ਉਹ ਜਨਮ ਲੈਵਣ
ਨਵਾਂ ਰੰਗ ਤੇ ਰੂਪ ਹੰਢਾਉਣ ਧੀਆਂ
ਜੀਵਨ ਵਿੱਚ ਤਿਆਗ ਦੀ ਬਣ ਮੂਰਤ
ਖੇੜੇ ਘਰਾਂ ਦੇ ਵਿੱਚ ਵਰਤਾਉਣ ਧੀਆਂ।
ਧੀਆਂ ਬਾਝ ਹੈ 'ਮਾਨਾ' ਜਗ ਸੁੰਨਾ
ਭਲੇ ਬੁਰੇ ਦੀ ਸਮਝ ਕਰਾਉਣ ਧੀਆਂ
ਦੋਨਾਂ ਪਰਿਵਾਰਾਂ ਦੀ ਆਨ ਤੇ ਸ਼ਾਨ ਬਣਕੇ
ਸਦਾ ਜਗ 'ਤੇ ਨਾਮ ਰੁਸ਼ਨਾਉਣ ਧੀਆਂ।


## ਚੈਨ ਗੁਆਉਣਾ ਪੈਂਦਾ ਹੈ

ਪਰਿੰਦਰ ਸਿੰਗਲਾ

ਧੁਰ ਸਮੁੰਦਰ ਅੰਦਰ ਜਾ ਕੇ, ਜਾਲ ਵਿਛਾਉਣਾ ਪੈਂਦਾ ਹੈ,
ਸ਼ੀਸ਼ੇ ਨੂੰ ਵੀ ਪੱਥਰਾਂ 'ਚੋਂ ਰਸਤਾ, ਕਦੇ ਬਣਾਉਣਾ ਪੈਂਦਾ ਹੈ।
ਦਿਲ ਦੇ ਦਰਵਾਜ਼ੇ ਭੀੜੇ ਰੱਖ ਕੇ, ਹੁੰਦਾ ਕਦੇ ਗੁਜ਼ਾਰਾ ਨਹੀਂ,
ਵਕਤ ਖ਼ਰਾਬ ਕਦੇ ਆ ਜਾਏ ਤਾਂ ਵੀ, ਦਮ ਦਿਖਾਉਣਾ ਪੈਂਦਾ ਹੈ।
ਮੰਜ਼ਿਲ ਪਹੁੰਚਣ ਖ਼ਾਤਰ ਹੌਸਲਾ ਅਤੇ ਉਮੀਦ ਜ਼ਰੂਰੀ ਹੈ,
ਔਖਾ ਸੌਖਾ ਪੈਂਡਾ ਗਲ ਦਾ, ਹਾਰ ਬਣਾਉਣਾ ਪੈਂਦਾ ਹੈ।
ਅੱਖਾਂ ਦੀ ਘੂਰੀ ਹੀ ਕਾਫ਼ੀ ਹੈ, ਸਮਝਦਾਰ ਨੂੰ ਸਮਝਣ ਲਈ,
ਐਵੇਂ ਕਲਹ ਕਲੇਸ਼ ਵਧਾ ਕੇ, ਫ਼ਿਰ ਪਛਤਾਉਣਾ ਪੈਂਦਾ ਹੈ।
ਬੜੇ ਆਡੰਬਰ ਰਚ ਕੇ ਮੋਮਨ, ਉੱਚੀ ਉੱਚੀ ਗਾਉਂਦਾ ਹੈ,
ਘਰ ਖ਼ਸਮ ਦਾ ਲੱਭਦਾ ਨਹੀਂ ਪਰ ਚੈਨ ਗਵਾਉਣਾ ਪੈਂਦਾ ਹੈ।

## ਲਹਿੰਦੇ ਹੋ ਗਏ

ਰਵਿੰਦਰ ਲਾਲਪੁਰੀ



ਭਾਵਨਾਵਾਂ ਵਿੱਚ ਵਹਿੰਦੇ ਰਹੇ ਹਾਂ
ਸਭ ਨੂੰ ਦਿਲ ਦੀ ਕਹਿੰਦੇ ਰਹੇ ਹਾਂ
ਗ਼ਮ ਸ਼ਰੀਕ ਇਹ ਦਰਦ ਗਵਾਂਢੀ
ਵਾਰ ਪਿੱਠ 'ਤੇ ਸਹਿੰਦੇ ਰਹੇ ਹਾਂ
ਰਾਤ ਖ਼ਾਮੋਸ਼ੀ ਇਹ ਘੁੱਪ ਹਨੇਰਾ
ਤਾਰਿਆਂ ਛਾਵੇਂ ਬਹਿੰਦੇ ਰਹੇ ਹਾਂ
ਮਿਲ ਕੇ ਵੀ ਨਾ ਮਿਲੀ ਮੁਹੱਬਤ
ਮੁਹੱਬਤ ਗ਼ਜ਼ਲਾਂ ਕਹਿੰਦੇ ਰਹੇ ਹਾਂ
ਮਤਲਬ ਵੱਟੇ ਇਹ ਦੌਰ ਕਸੂਤਾ
ਯਕੀਨ ਕਰ ਕੇ ਢਹਿੰਦੇ ਰਹੇ ਹਾਂ
ਰਗੜੇ ਨੱਕ ਕਰ ਕਰ ਫ਼ਰਿਆਦਾਂ
ਰੱਬ ਨਾਲ ਵੀ ਹੁਣ ਖਹਿੰਦੇ ਰਹੇ ਹਾਂ
ਖਿੱਚ ਲਕੀਰ ਉਹ ਚੜ੍ਹਦੇ ਹੋ ਗਏ
ਲਾਲਪੁਰੀ ਅਸਾਂ ਲਹਿੰਦੇ ਰਹੇ ਹਾਂ

## ਸ਼ਹਿਰ ਤੇਰੇ ਦਾ ਹਾਲ ਬੁਰਾ ਏ

ਭੁਪਿੰਦਰ ਸਿੰਘ ਪੰਛੀ



ਸ਼ਹਿਰ ਤੇਰੇ ਦਾ ਹਾਲ ਬੁਰਾ ਏ
ਹਰ ਇੱਕ ਹੱਥ ਦੇ ਵਿੱਚ ਛੁਰਾ ਏ
ਵਿੱਚ ਸ਼ਹਿਰ ਜੋ ਦੰਗਾ ਹੋਇਆ
ਪਤਾ ਕਰੋ ਕੌਣ ਕੌਣ ਧੁਰਾ ਏ
ਸੱਚੀ ਗੱਲ ਜੋ ਮੂੰਹ 'ਤੇ ਆਖੇ
ਲੱਗਦਾ ਸਭਨਾਂ ਨੂੰ ਬੁਰਾ ਏ

ਖ਼ਿਆਲਾਂ ਦੀ ਬੁਣਤੀ ਚੰਗੀ ਨਹੀਂ
ਪਾਇਆ ਉਸ ਨੇ ਗ਼ਲਤ ਘੁਰਾ ਏ
ਉਸ ਦਾ ਤਨ ਮਨ ਸਾਫ਼ ਨਾ ਹੋਣਾ
ਜਿਸ ਦਾ ਆਪਣਾ ਗੰਦਾ ਖੁਰਾ ਏ
ਪੰਛੀ ਨੇ ਕੀ ਸਿੱਖਣਾ ਯਾਰੋ
ਇਹ ਤਾਂ ਹਾਲੇ ਆਪ ਨਿਗੁਰਾ ਏ

## ਗ਼ਜ਼ਲ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਆਪਣੇ ਹੀ ਜਦ ਆਪਣਿਆਂ ਨੂੰ ਲੁੱਟਦੇ ਨੇ
ਇੱਕ ਇੱਕ ਕਰਕੇ ਸਾਰੇ ਰਿਸ਼ਤੇ ਟੁੱਟਦੇ ਨੇ।
ਲੋਕਾਂ ਦੀ ਕੀ, ਲੋਕ ਤਮਾਸ਼ਾ ਵੇਖਣਗੇ
ਆਪਣੇ ਹੀ ਜਦ ਪਰਦੇ ਲਾਹ ਕੇ ਸੁੱਟਦੇ ਨੇ।
ਜਦ ਪੁੱਤ ਨਸ਼ੇੜੀ, ਧੀ ਬਦਕਾਰ ਹੈ ਹੋ ਜਾਂਦੀ
ਕਰਮ ਵਿਚਾਰੇ ਮਾਪਿਆਂ ਦੇ ਤਾਂ ਫੁੱਟਦੇ ਨੇ।
ਬੱਚਿਆਂ ਖ਼ਾਤਿਰ ਮਾਂ ਹੈ ਭੁੱਖੀ ਸੌਂ ਜਾਂਦੀ
ਨਾਸ਼ੁਕਰੇ ਜੋ ਪੈਰ ਨਾ ਮਾਂ ਦੇ ਘੁੱਟਦੇ ਨੇ।
ਛੱਡ ਬਦੀਆਂ ਤੇ ਸੰਤ ਚਾਹੇ ਕੋਈ ਬਣ ਜਾਵੇਂ
ਬਦਨਾਮੀ ਦੇ ਦਾਗ ਨਹੀਂ ਫ਼ਿਰ ਛੁੱਟਦੇ ਨੇ।
ਛੱਡ ਦਿਲਬਰ, ਛੱਡ ਲੋਕਾਂ ਪਿੱਛੇ ਕੀ ਲੱਗਣਾ
ਲੋਕ ਤਾਂ ਬੂਟਾ ਜੜ੍ਹ ਤੋਂ ਫੜ੍ਹ ਕੇ ਪੁੱਟਦੇ ਨੇ।

## ਜ਼ਿੰਮੇਵਾਰੀਆਂ

ਪ੍ਰੋ. ਨਵ ਸੰਗੀਤ ਸਿੰਘ



ਸਿਰ ਉੱਤੇ ਪੈਣ ਜਦੋਂ ਜ਼ਿੰਮੇਵਾਰੀਆਂ।
ਪੈਰ-ਪੈਰ ਉੱਤੇ ਆਉਣ ਦੁਸ਼ਵਾਰੀਆਂ।
ਹੌਸਲੇ ਦੇ ਨਾਲ ਹੋਣ ਹੱਲ ਮਸਲੇ।
ਹਿੰਮਤਾਂ ਦੇ ਨਾਲ ਘਟ ਜਾਣ ਫ਼ਾਸਲੇ।
ਔਕੜਾਂ ਨੂੰ ਵੇਖ ਕਦੇ ਨਹੀਓਂ ਡਰਨਾ।
ਹੱਥ ਉੱਤੇ ਹੱਥ ਰੱਖ ਨਹੀਓਂ ਸਰਨਾ।
ਐਸੇ ਮੌਕਿਆਂ 'ਤੇ ਕੰਮ ਆਉਣ ਯਾਰੀਆਂ।
ਹੌਲੀਆਂ ਹੋ ਜਾਣ ਦਿੱਕਤਾਂ ਜੋ ਭਾਰੀਆਂ।
ਲੱਕ ਬੰਨ੍ਹ ਮੂਹਰੇ ਲਾ ਲੈਣਾ ਹੈ ਕੰਮ ਨੂੰ।
ਮਿੱਟੀ ਘੱਟੇ ਵਿੱਚ ਝੋਕ ਦੇਣਾ ਤਨ ਨੂੰ।
ਜਾਨ ਹੂਲ ਕੇ ਹੀ ਪੈਂਦੀ ਥਾਏਂ ਘਾਲ ਜੀ।
ਜ਼ਿੰਦਗੀ ਮਿਲਾਵੇ ਤਾਲ ਨਾਲ ਤਾਲ ਜੀ।
ਜ਼ਿੰਮੇਵਾਰੀਆਂ ਨੂੰ ਸਮਝੋ ਨਾ ਭਾਰ ਹੈ।
ਇਹਦੇ ਨਾਲ ਬੰਦਾ ਬਣੇ ਜ਼ਿੰਮੇਵਾਰ ਹੈ।
ਹੌਸਲੇ 'ਚ ਹਨ ਸਾਰੇ ਨਰ-ਨਾਰੀਆਂ।
ਪਾਰ ਹੁੰਦੇ ਜਿਨ੍ਹਾਂ ਹਿੰਮਤਾਂ ਨਾ ਹਾਰੀਆਂ।

## ਗ਼ਜ਼ਲ

ਬਲਵਿੰਦਰ ਬਾਲਮ

ਸੋਚਣ ਦੀ ਗੱਲ ਜੇਕਰ ਬੰਦਾ ਸੋਚ ਲਵੇ।
ਹੱਥਾਂ ਦੇ ਵਿੱਚ ਸਾਰਾ ਅੰਬਰ ਬੋਚ ਲਵੇ।
ਇੱਕ ਇਬਾਰਤ ਸੁੰਦਰਤਾ ਨੂੰ ਜਨਮ ਦਵੇ,
ਨਫ਼ਰਤ ਵਾਲੀ ਜੇਕਰ ਫ਼ੱਟੀ ਪੋਚ ਲਵੇ।
ਸਾਰੀ ਵਰਮੀ ਜ਼ਹਿਰ ਮੁਕਤ ਹੋ ਜਾਏਗੀ,
ਇੱਛਾਵਾਂ ਦਾ ਜੇਕਰ ਸੱਪ ਦਬੋਚ ਲਵੇ।
ਖ਼ੂਨ ਵਹੇ ਪਰ ਇੱਕ ਆਨੰਦ ਜਿਹਾ ਮਿਲਦਾ,
ਇਹ ਦਿਲ ਫ਼ਰ ਪੁਰਾਣਾ ਜ਼ਖ਼ਮ ਖਰੋਚ ਲਵੇ।
ਤਿੱਲ ਦੇ ਆਲ੍ਹਣੇ ਨੂੰ ਹੱਥ ਪਾਉਣਾ ਸੌਖਾ ਨਈਂ,
ਚੁੰਝਾਂ ਦੇ ਨਾਲ ਹਮਲਾਵਰ ਨੂੰ ਨੋਚ ਲਵੇ।
ਜੁਰਅਤ ਫ਼ਿਰ ਨਈਂ ਪੈਂਦੀ ਬੇਇਨਸਾਫ਼ੀ ਦੀ,
ਔਰਤ ਜੇਕਰ ਨਹੁੰਦਰਾਂ ਨਾਲ ਝਰੋਟ ਲਵੇ।
ਇੱਕ ਸਤਰੰਗੀ ਪੀਂਘ ਨੂੰ ਬਾਲਮ ਯਾਦ ਕਰੇ,
ਇੱਕ-ਇੱਕ ਲੜ ਦੇ ਨਾਲ ਜਦੋਂ ਪੱਗ ਪੋਚ ਲਵੇ।

## ਗ਼ਜ਼ਲ

ਰਣਜੀਤ ਕੌਰ ਰਤਨ

ਬਿੰਦੀ ਦੀ ਥਾਂ ਖ਼ਾਬਾਂ ਦਾ ਸੰਸਾਰ ਧਰਾਂ,
ਮਨ ਚਾਹੇ ਰੰਗਾਂ ਨੂੰ ਇਉਂ ਸਾਕਾਰ ਕਰਾਂ।
ਉੱਡਣ ਲਈ ਨਾ ਲੋਚਾਂ ਖੰਭ ਉਧਾਰੇ ਮੈਂ,
ਹਿੰਮਤ ਸਦਕਾ ਉੱਚਾ ਅੰਬਰ ਪਾਰ ਕਰਾਂ।
ਹਉਮੈਂ ਤੇਰੀ ਦੀ ਬੇੜੀ ਨੂੰ ਤੋੜ ਦਿਆਂ,
ਮੰਜ਼ਿਲ ਦੇ ਵੱਲ ਕਦਮਾਂ ਦੀ ਰਫ਼ਤਾਰ ਕਰਾਂ।
ਧੁਰ ਤੀਕਰ ਜੋ ਲਹਿ ਗਏ ਮੇਰੇ ਦਿਲ ਅੰਦਰ,
ਕੀਕਣ ਅਪਣੇ ਚਾਵਾਂ ਨੂੰ ਇਨਕਾਰ ਕਰਾਂ।
ਚੂੜੀ ਝਾਂਜਰ ਗਾਨੀ ਮੇਰੇ ਗਹਿਣੇ ਨਾ,
ਕਵਿਤਾ ਗ਼ਜ਼ਲਾਂ ਗੀਤਾਂ ਦਾ ਸ਼ਿੰਗਾਰ ਕਰਾਂ।
ਦਿਲ ਵਿੱਚ ਲੱਖ ਉਮੰਗਾਂ ਸਧਰਾਂ ਚਾਅ ਮਰਦੇ,
ਰੀਝਾਂ ਦੀ ਕੁਰਬਾਨੀ ਕਿਉਂ ਹਰ ਵਾਰ ਕਰਾਂ।
ਕਾਗਜ਼ ਕਲਮ ਦਵਾਤਾਂ ਨੇ ਜਾਇਦਾਦ ਮਿਰੀ,
ਸਿਰ ਪਾਸੇ ਰੱਖ ਦੇਣਾ ਜਦ ਮੈਂ ਯਾਰ ਮਰਾਂ।

# ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਨੂੰ ਐਫ.ਆਈ.ਐਚ. 'ਪਲੇਅਰ ਆਫ਼ ਦਿ ਈਅਰ' ਪੁਰਸਕਾਰ ਲਈ ਕੀਤਾ ਨਾਮਜ਼ਦ









ਨਵੀਂ ਦਿੱਲੀ/ਏ.ਟੀ.ਨਿਊਜ਼:ਪੈਰਿਸ ਉਲੰਪਿਕ ਵਿੱਚ ਕਾਂਸੀ ਤਗ਼ਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੂੰ ਐੱਫ਼.ਆਈ.ਐੱਚ. ਸਾਲ ਦੇ ਸਭ ਤੋਂ ਵਧੀਆ ਖਿਡਾਰੀ ਦੇ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। 28 ਸਾਲਾ ਡ੍ਰੈਗ ਫ਼ਲਿਕਰ ਹਰਮਨਪ੍ਰੀਤ ਨੇ ਪੈਰਿਸ ਉਲੰਪਿਕ ਵਿੱਚ 8 ਮੈਚਾਂ ਵਿੱਚ 10 ਗੋਲ ਕੀਤੇ ਸਨ। ਉਹ 2020 ਅਤੇ 2022 ਵਿੱਚ ਲਗਾਤਾਰ ਦੋ ਵਾਰ ਇਹ ਪੁਰਸਕਾਰ ਜਿੱਤ ਚੁੱਕੇ ਹਨ।

ਹਾਕੀ ਇੰਡੀਆ ਦੁਆਰਾ ਜਾਰੀ ਪ੍ਰੈਸ ਰਿਲੀਜ਼ ਵਿੱਚ ਉਨ੍ਹਾਂ ਨੇ ਕਿਹਾ, ਐੱਫ਼.ਆਈ.ਐੱਚ. ਸਾਲ ਦੇ ਸਭ ਤੋਂ ਵਧੀਆ ਖਿਡਾਰੀ ਦੇ ਪੁਰਸਕਾਰ ਦੀ ਦੌੜ ਵਿੱਚ ਇਕ ਵਾਰ ਫ਼ਿਰ ਸ਼ਾਮਲ ਹੋਣਾ ਮਾਣ ਦੀ ਗੱਲ ਹੈ।ਉਨ੍ਹਾਂ ਕਿਹਾ, 'ਮੈਨੂੰ ਖੁਸ਼ੀ ਹੈ ਕਿ ਦੁਨੀਆਂ ਦੇ ਸਭ ਤੋਂ ਵਧੀਆ ਖਿਡਾਰੀਆਂ ਦੇ ਨਾਲ ਮੈਨੂੰ ਨਾਮਜ਼ਦ ਕੀਤਾ ਗਿਆ ਹੈ।ਪਰ ਇਹ ਮੇਰੀ ਟੀਮ ਦੇ ਸਹਿਯੋਗ ਦੇ ਬਗੈਰ ਸੰਭਵ ਨਹੀਂ ਸੀ। ਮੈਂ ਐੱਫ਼.ਆਈ.ਐੱਚ. ਪ੍ਰੋ ਲੀਗ ਅਤੇ ਪੈਰਿਸ ਉਲੰਪਿਕ ਵਿੱਚ ਵੀ ਇੰਨੇ ਗੋਲ ਇਸ ਲਈ ਕਰ ਸਕਿਆ ਕਿਉਂਕਿ ਟੀਮ ਨੇ ਗੋਲ ਕਰਨ ਦੇ ਮੌਕੇ ਬਣਾਏ।'

ਹਰਮਨਪ੍ਰੀਤ ਤੋਂ ਇਲਾਵਾ ਨੀਦਰਲੈਂਡ ਦੇ ਥਿਏਰੀ ਬ੍ਰਿੰਕਮੈਨ ਅਤੇ ਯੋਏਪ ਡਿ ਮੋਲ, ਜਰਮਨੀ ਦੇ ਹਾਨੇਸ ਮਿਊਲੇਰ ਅਤੇ ਇੰਗਲੈਂਡ ਦੇ ਜ਼ਾਕ ਵਾਲਾਸ ਵੀ ਦੌੜ ਵਿੱਚ ਹਨ।ਇਸ ਲਈ 2024 ਵਿੱਚ ਹੋਏ ਸਾਰੇ ਮੈਚਾਂ ਦੀ ਗਿਣਤੀ ਕੀਤੀ ਜਾਵੇਗੀ ਜਿਸ ਵਿੱਚ ਟੈਸਟ ਮੈਚ, ਐੱਫ਼.ਆਈ.ਐੱਚ. ਹਾਕੀ ਪ੍ਰੋ ਲੀਗ, ਐੱਫ਼.ਆਈ.ਐੱਚ. ਹਾਕੀ ਨੈਸ਼ਨਜ਼ ਕੱਪ, ਉਲੰਪਿਕ ਕੁਆਲੀਫ਼ਾਇਰ ਅਤੇ ਉਲੰਪਿਕ ਸ਼ਾਮਲ ਹਨ।ਹਰਮਨਪ੍ਰੀਤ ਨੇ ਕਿਹਾ, 'ਪੈਰਿਸ ਉਲੰਪਿਕ ਹੁਣ ਤੱਕ ਮੇਰੇ ਕੈਰੀਅਰ ਦੀ ਸਭ ਤੋਂ ਵੱਡੀ ਉਪਲੱਬਧੀ ਹੈ।ਟੀਮ ਨੇ ਹਮੇਸ਼ਾਂ ਮੇਰਾ ਸਾਥ ਦਿੱਤਾ, ਖ਼ਾਸ ਕਰਕੇ ਪਿਛਲੇ ਸਾਲ ਵਿਸ਼ਵ ਕੱਪ 'ਚ ਜਦੋਂ ਮੈਂ ਇੱਕ ਵੀ ਗੋਲ ਨਹੀਂ ਕਰ ਸਕਿਆ ਸੀ।ਪਰ ਟੀਮ ਨੇ ਮੈਨੂੰ ਦੋਸ਼ ਨਹੀਂ ਦਿੱਤਾ।ਮੇਰੇ ਦਿਮਾਗ ਵਿੱਚ ਹਮੇਸ਼ਾਂ ਇਹ ਸੀ ਕਿ ਟੀਮ ਦੇ ਭਰੋਸੇ 'ਤੇ ਖਰਾ ਉਤਰਨਾ ਹੈ।'ਭਾਰਤੀ ਟੀਮ ਨੇ ਹਾਲ ਹੀ ਵਿੱਚ ਚੀਨ 'ਚ ਏਸ਼ੀਆਈ ਚੈਂਪੀਅਨਜ਼ ਟਰਾਫ਼ੀ ਵੀ ਜਿੱਤੀ ਹੈ।ਹਰਮਨਪ੍ਰੀਤ ਨੇ 7 ਗੋਲ ਕਰਕੇ 'ਪਲੇਅਰ ਆਫ਼ ਦਿ ਟੂਰਨਾਮੈਂਟ' ਦਾ ਖ਼ਿਤਾਬ ਹਾਸਲ ਕੀਤਾ। ਪੁਰਸਕਾਰ ਲਈ ਵੋਟਿੰਗ 11 ਅਕਤੂਬਰ ਤੱਕ ਹੋਵੇਗੀ।

## ਭਾਰਤੀ ਐਥਲੀਟ ਗੁਲਵੀਰ ਸਿੰਘ ਨੇ ਜਾਪਾਨ 'ਚ 5000 ਮੀਟਰ ਦੌੜ 'ਚ ਸੋਨ ਤਗ਼ਮਾ ਜਿੱਤਿਆ


ਨਿਗਾਟਾ (ਜਾਪਾਨ)/ਏ.ਟੀ.ਨਿਊਜ਼ : ਭਾਰਤ ਦੇ ਗੁਲਵੀਰ ਸਿੰਘ ਨੇ ਪਿਛਲੇ ਦਿਨੀਂ ਜਾਪਾਨ ਦੇ ਨਿਗਾਟਾ ਵਿੱਚ ਵਿਸ਼ਵ ਅਥਲੈਟਿਕਸ ਉਪ ਮਹਾਂਦੀਪੀ ਟੂਰ ਦੇ ਯੋਗੀਬੋ ਅਥਲੈਟਿਕਸ ਚੈਲੇਂਜ ਕੱਪ ਵਿੱਚ ਪੁਰਸ਼ਾਂ ਦੀ 5000 ਮੀਟਰ ਦੌੜ ਵਿੱਚ ਇੱਕ ਨਵਾਂ ਰਾਸ਼ਟਰੀ ਰਿਕਾਰਡ ਕਾਇਮ ਕੀਤਾ ਅਤੇ ਸੋਨ ਤਗ਼ਮਾ ਜਿੱਤਿਆ।ਪਿਛਲੇ ਸਾਲ ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੇ ਗੁਲਵੀਰ ਨੇ ਵਿਸ਼ਵ ਅਥਲੈਟਿਕਸ ਦੀ ਇਸ 'ਕਾਂਸੀ ਪੱਧਰੀ ਮੀਟਿੰਗ' ਵਿੱਚ 13 ਮਿੰਟ 11.82 ਸਕਿੰਟ ਦੇ ਸਮੇਂ ਨਾਲ ਸਿਖਰਲਾ ਸਥਾਨ ਹਾਸਲ ਕਰਕੇ ਆਪਣੇ ਪਿਛਲੇ ਕੌਮੀ ਰਿਕਾਰਡ ਵਿੱਚ ਸੁਧਾਰ ਕੀਤਾ।




26 ਸਾਲਾ ਖਿਡਾਰੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਪੋਰਟਲੈਂਡ ਟ੍ਰੈਕ ਫ਼ੈਸਟੀਵਲ ਵਿਚ 13 ਮਿੰਟ 18.92 ਸੈਕਿੰਡ ਦੇ ਸਮੇਂ ਨਾਲ ਰਾਸ਼ਟਰੀ ਰਿਕਾਰਡ ਬਣਾਇਆ ਸੀ।ਗੁਲਵੀਰ ਦੇ ਨਾਂਅ 10000 ਮੀਟਰ ਦਾ ਰਾਸ਼ਟਰੀ ਰਿਕਾਰਡ ਵੀ ਹੈ।ਇਸ ਸਾਲ ਮਾਰਚ ਵਿੱਚ ਕੈਲੀਫ਼ੋਰਨੀਆ ਵਿੱਚ ਹੋਈ 'ਟੇਨ ਟ੍ਰੈਕ ਮੀਟ' ਵਿੱਚ ਉਸ ਨੇ ਇਹ ਪ੍ਰਾਪਤੀ ਕੀਤੀ ਸੀ।ਉਸ ਸਮੇਂ ਉਸ ਨੇ 27 ਮਿੰਟ 41.18 ਸਕਿੰਟ ਦਾ ਸਮਾਂ ਲਿਆ ਸੀ।

## ਮਲੇਸ਼ੀਆ 'ਚ ਹਾਕੀ ਖੇਡਣਗੇ ਕੈਨੇਡਾ ਦੇ 6 ਪੰਜਾਬੀ ਗੱਭਰੂ

### ਅੰਡਰ 17 ਮਿਰਨਾਵਨ ਕੱਪ ਫ਼ੀਲਡ ਹਾਕੀ ਮੁਕਾਬਲਿਆਂ ਵਾਸਤੇ ਲੜਕਿਆਂ ਦੀ ਟੀਮ ਦਾ ਕੀਤਾ ਐਲਾਨ



ਕੁਆਲਲੰਪੁਰ/ਏ.ਟੀ.ਨਿਊਜ਼ : ਕੈਨੇਡਾ ਦੀ ਪ੍ਰਮੁੱਖ ਖੇਡ ਸੰਸਥਾ ਫ਼ੀਲਡ ਹਾਕੀ ਕੈਨੇਡਾ ਵਲੋਂ ਮਲੇਸ਼ੀਆ ਦੀ ਰਾਜਧਾਨੀ ਕੁਆਲਲੰਪੁਰ ਵਿਖੇ 29 ਅਕਤੂਬਰ ਤੋਂ 10 ਨਵੰਬਰ ਤੱਕ ਹੋ ਰਹੇ ਅੰਡਰ 17 ਮਿਰਨਾਵਨ ਕੱਪ ਫ਼ੀਲਡ ਹਾਕੀ ਮੁਕਾਬਲਿਆਂ ਵਾਸਤੇ ਲੜਕਿਆਂ ਦੀ ਟੀਮ ਦਾ ਐਲਾਨ ਕਰ ਦਿੱਤਾ ਗਿਆ।ਕੈਨੇਡਾ ਦੀ 17 ਮੈਂਬਰੀ ਅੰਡਰ 17 ਹਾਕੀ ਟੀਮ ਵਿੱਚ 6 ਪੰਜਾਬੀ ਖਿਡਾਰੀ ਸ਼ਾਮਿਲ ਕੀਤੇ ਗਏ ਹਨ ਜੋਕਿ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।17 ਮੈਂਬਰੀ ਹਾਕੀ ਟੀਮ ਵਿੱਚ ਮਹਿਤਾਬ ਸਿੰਘ ਰਾਏ, ਅਨਮੋਲ ਝੇਲੀ, ਗੁਰਨੂਰ ਸਿੰਘ ਭੁੱਲਰ, ਗੁਰਸਹਿਜ ਸਿੰਘ ਜੌਹਲ, ਹਰਕਰਨਵੀਰ ਸਿੰਘ ਪਲਾਹਾ ਅਤੇ ਹਿਤੇਸ਼ਵਰ ਸਿੰਘ ਬਰਾੜ ਮੈਦਾਨ 'ਚ ਆਪਣੀ ਖੇਡ ਦੇ ਜੌਹਰ ਵਿਖਾਉਣਗੇ।ਦਸਮੇਸ਼ ਪੰਜਾਬੀ ਸਕੂਲ ਐਬਟਸਫ਼ੋਰਡ ਦਾ ਵਿਦਿਆਰਥੀ ਮਹਿਤਾਬ ਸਿੰਘ ਰਾਏ ਮਿਡਫ਼ੀਲਡ ਤੇ ਫ਼ਾਰਵਰਡ ਪੁਜ਼ੀਸ਼ਨ 'ਤੇ ਖੇਡਦਾ ਜਦਕਿ ਗੋਬਿੰਦ ਸਰਵਰ ਹਾਕੀ ਸਕੂਲ ਦਾ ਵਿਦਿਆਰ ਗੁਰਸਹਿਜ ਸਿੰਘ ਜੌਹਲ, ਅਨਮੋਲ ਸਿੰਘ ਝਿੱਲੀ ਅਤੇ ਹਿਤੇਸ਼ਵਰ ਸਿੰਘ ਬਰਾੜ ਮਿਡਫ਼ੀਲਡ ਪੁਜ਼ੀਸ਼ਨ 'ਤੇ ਖੇਡਦੇ ਹਨ ਤੇ ਹਰਕਰਨਵੀਰ ਸਿੰਘ ਪਲਾਹਾ ਡਿਫ਼ੈਂਸ ਪੁਜ਼ੀਸ਼ਨ ਤੇ ਖੇਡਦਾ ਹੈ।

## ਭਾਰਤ 'ਚ ਕ੍ਰਿਕਟ ਤੋਂ ਇਲਾਵਾ ਕੋਈ ਹੋਰ ਖੇਡ ਕਿਉਂ ਪ੍ਰਸਿੱਧ ਨਹੀਂ ਹੋਈ ?

ਕ੍ਰਿਕਟ ਇੱਕ ਅਜਿਹੀ ਖੇਡ ਹੈ ਜਿਸ ਨੂੰ ਅੰਗਰੇਜ਼ਾਂ ਦੁਆਰਾ ਭਾਰਤ ਲਿਆਂਦਾ ਗਿਆ ਅਤੇ ਫ਼ਿਰ ਹੌਲੀ-ਹੌਲੀ ਇਹ ਖੇਡ ਭਾਰਤ ਅਤੇ ਭਾਰਤੀ ਉਪ ਮਹਾਂਦੀਪ ਵਿੱਚ ਬਹੁਤ ਮਸ਼ਹੂਰ ਹੋ ਗਈ।200 ਤੋਂ ਵੱਧ ਦੇਸ਼ਾਂ ਦੀ ਇਸ ਦੁਨੀਆਂ 'ਚ ਸ਼ਾਇਦ ਹੀ 20 ਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਿਕਟ ਖੇਡਦੇ ਹਨ।ਪਰ ਇਸ ਦੇ ਬਾਵਜੂਦ ਇਹ ਖੇਡ ਭਾਰਤ ਅਤੇ ਦੁਨੀਆਂ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬਹੁਤ ਮਸ਼ਹੂਰ ਹੈ।ਟੀ-20 ਨੇ ਕ੍ਰਿਕਟ ਨੂੰ ਹੋਰ ਰੋਮਾਂਚਕ ਖੇਡ ਬਣਾ ਦਿੱਤਾ ਹੈ।

ਭਾਵੇਂ ਭਾਰਤ ਨੇ ਆਜ਼ਾਦੀ ਤੋਂ ਪਹਿਲਾਂ ਆਪਣਾ ਪਹਿਲਾ ਟੈਸਟ ਕ੍ਰਿਕਟ 1932 ਵਿੱਚ ਖੇਡਿਆ ਸੀ, ਪਰ ਹੌਲੀ-ਹੌਲੀ ਕ੍ਰਿਕਟ ਦਾ ਵਿਸਥਾਰ ਹੋਇਆ ਅਤੇ ਪਹਿਲੀ ਵਾਰ ਦੁਨੀਆਂ ਨੇ ਭਾਰਤ ਦੀ ਕ੍ਰਿਕਟ ਦਾ ਲੋਹਾ ਮਨਵਾਇਆ ਜਦੋਂ ਭਾਰਤ ਨੇ ਕਪਿਲ ਦੇਵ ਦੀ ਅਗਵਾਈ ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਮੈਚ ਖੇਡਿਆ ਅਤੇ ਵਨਡੇ ਵਿਸ਼ਵ ਕੱਪ ਜਿੱਤਿਆ।

ਸਾਲ 1983 ਵਿੱਚ ਵਨਡੇ ਕ੍ਰਿਕਟ ਦਾ ਤੀਜਾ ਵਿਸ਼ਵ ਕੱਪ ਖੇਡਿਆ ਗਿਆ।ਭਾਰਤ ਨੇ ਦੋ ਵਾਰ ਦੇ ਵਿਸ਼ਵ ਕੱਪ ਜੇਤੂ ਅਤੇ ਉਸ ਸਮੇਂ ਦੀ ਸਭ ਤੋਂ ਮਜ਼ਬੂਤ ਟੀਮ ਕਹੀ ਜਾਣ ਵਾਲੀ ਵੈਸਟਇੰਡੀਜ਼ ਨੂੰ ਹਰਾ ਕੇ ਪਹਿਲੀ ਵਾਰ ਵਿਸ਼ਵ ਕੱਪ ਟਰਾਫ਼ੀ ਆਪਣੇ ਨਾਂਅ ਕੀਤੀ।

ਇਹ ਭਾਰਤ ਲਈ ਮਾਣ ਵਾਲਾ ਪਲ ਸੀ।ਇੱਥੋਂ ਹੀ ਕ੍ਰਿਕਟ ਪ੍ਰੇਮੀ ਕ੍ਰਿਕਟ ਦੇ ਦੀਵਾਨੇ ਹੋਣ ਲੱਗੇ। ਭਾਰਤ ਦੀ ਹਰ ਗਲੀ ਵਿੱਚ ਕ੍ਰਿਕਟ ਖੇਡਿਆ ਜਾ ਰਿਹਾ ਸੀ।90 ਦੇ ਦਹਾਕੇ ਦੇ ਸ਼ੁਰੂ ਵਿੱਚ, ਭਾਰਤ ਵਿੱਚ ਸਚਿਨ ਤੇਂਦੁਲਕਰ, ਸੌਰਵ ਗਾਂਗੁਲੀ, ਰਾਹੁਲ ਦ੍ਰਾਵਿੜ ਵਰਗੇ ਕ੍ਰਿਕੇਟ ਸੁਪਰਸਟਾਰਾਂ ਦੀ ਸ਼ੁਰੂਆਤ ਨੇ ਭਾਰਤੀ ਕ੍ਰਿਕੇਟ ਨੂੰ ਅੱਗੇ ਵਧਾਇਆ।



ਕ੍ਰਿਕੇਟ ਸਭ ਤੋਂ ਸਸਤੀ ਖੇਡ ਹੈ ਅਤੇ ਜੇਕਰ ਤੁਸੀਂ ਭਾਰਤ ਵਿੱਚ ਇਸ ਸਸਤੀ ਖੇਡ ਵਿੱਚ ਰਣਜੀ ਖੇਡਦੇ ਹੋ ਤਾਂ ਵੀ ਤੁਹਾਨੂੰ ਬਹੁਤ ਸਾਰਾ ਪੈਸਾ ਮਿਲਣਾ ਸ਼ੁਰੂ ਹੋ ਜਾਂਦਾ ਹੈ। ਆਈਪੀਐਲ ਅਤੇ ਟੀਮ ਇੰਡੀਆ ਨੂੰ ਭੁੱਲ ਜਾਓ। ਸ਼ੁਰੂ ਵਿੱਚ ਤੁਹਾਨੂੰ ਸਿਰਫ਼ ਇੱਕ ਬੱਲੇ ਅਤੇ ਇੱਕ ਗੇਂਦ ਦੀ ਲੋੜ ਹੁੰਦੀ ਹੈ। ਭਾਵੇਂ ਟੀਮ ਵਿੱਚ ਇੱਕ ਸਮੇਂ ਵਿੱਚ 11 ਵਿਅਕਤੀ ਹੋਣੇ ਚਾਹੀਦੇ ਹਨ ਪਰ ਅਸੀਂ ਭਾਰਤੀ ਜੁਗਾੜੂ ਹਾਂ। ਦੋ ਜਣੇ ਇਕੱਠੇ ਕ੍ਰਿਕਟ ਖੇਡਣ ਦਾ ਵੀ ਆਨੰਦ ਲੈਂਦੇ ਹਨ। ਪਿੰਡ ਵਿੱਚ ਬਚਪਣ ਵਿੱਚ ਅਸੀਂ ਕਿਸੇ ਤਰ੍ਹਾਂ ਟੈਨਿਸ ਬਾਲ ਖ਼ਰੀਦਦੇ ਹੁੰਦੇ ਸੀ। ਇਸ ਤੋਂ ਬਾਅਦ ਉਹ ਖੁਦ ਬੱਲੇ ਅਤੇ ਵਿਕਟ ਬਣਾਉਂਦੇ ਸਨ। ਘੱਟ ਕੀਮਤ ਵਿੱਚ ਪੂਰਾ ਆਨੰਦ। ਭਾਰਤ ਵਿੱਚ ਕ੍ਰਿਕਟ ਦੀ ਅਜਿਹੀ ਲੋਕ-ਪ੍ਰਿਯਤਾ ਹੈ ਕਿ ਜਦੋਂ ਬੱਚਾ ਥੋੜ੍ਹਾ ਵੱਡਾ ਹੁੰਦਾ ਹੈ, ਤਾਂ ਉਸ ਨੂੰ ਬੈਡਮਿੰਟਨ ਰੈਕੇਟ, ਹਾਕੀ ਸਟਿੱਕ ਜਾਂ ਫ਼ੁੱਟਬਾਲ ਨਹੀਂ ਬਲਕਿ ਇੱਕ ਬੱਲੇ ਤੇ ਗੇਂਦ ਦਿੱਤੀ ਜਾਂਦੀ ਹੈ!

ਕ੍ਰਿਕਟ ਦੀ ਪ੍ਰਸਿੱਧੀ ਦਾ ਸਭ ਤੋਂ ਵੱਡਾ ਕਾਰਨ ਇਸ ਖੇਡ ਦਾ ਰੋਮਾਂਚ ਹੈ।ਇੱਕ ਪਾਸੇ ਜਿੱਥੇ ਫ਼ੁੱਟਬਾਲ ਅਤੇ ਹਾਕੀ ਵਰਗੀਆਂ ਖੇਡਾਂ ਵਿੱਚ ਗੋਲ ਕਰਨ ਤੋਂ ਬਾਅਦ ਹੀ ਮਜ਼ਾ ਆਉਂਦਾ ਹੈ, ਉੱਥੇ ਹੀ ਦੂਜੇ ਪਾਸੇ ਕ੍ਰਿਕਟ ਵਿੱਚ ਵੀ ਤੁਸੀਂ ਹਰ ਗੇਂਦ ਨਾਲ ਖੇਡ ਦਾ ਆਨੰਦ ਲੈ ਸਕਦੇ ਹੋ। ਹਾਂ, ਇਹ ਇੱਕ ਹਕੀਕਤ ਹੈ ਕਿ ਕ੍ਰਿਕਟ ਦੀ ਖੇਡ ਨੂੰ ਹੋਰ ਖੇਡਾਂ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ।ਪਰ ਟੀ-20 ਫ਼ਾਰਮੈਟ ਦੇ ਰੂਪ ਵਿੱਚ ਵੱਡਾ ਸਮਾਂ ਬਰੇਕ ਆਇਆ ਹੈ।ਇਹੀ ਕਾਰਨ ਹੈ ਕਿ ਆਈਪੀਐਲ ਵਰਗੀਆਂ ਕ੍ਰਿਕਟ ਲੀਗਾਂ ਨੂੰ 150 ਤੋਂ ਵੱਧ ਦੇਸ਼ਾਂ ਵਿੱਚ ਦੇਖਿਆ ਜਾਂਦਾ ਹੈ।

ਅਸੀਂ ਭਾਰਤੀਆਂ ਨੇ ਕ੍ਰਿਕਟ ਨੂੰ ਬਹੁਤ ਮਸ਼ਹੂਰ ਕੀਤਾ ਹੈ ਭਾਵੇਂ ਸਾਡੇ ਕੋਲ ਬਹੁਤ ਸਮਾਂ ਹੈ। ਕ੍ਰਿਕਟ ਮੈਚ ਦੇਖਣ ਲਈ, ਸਕੂਲ ਜਾਂ ਕਾਲਜ ਤੋਂ ਬੰਕ ਕਰਨਾ ਜਾਂ ਦਫ਼ਤਰ ਤੋਂ ਛੁੱਟੀ ਲੈਣਾ ਭਾਰਤ ਵਿੱਚ ਆਮ ਗੱਲ ਹੈ।ਜਦੋਂ ਮਿਹਨਤਕਸ਼ ਲੋਕ ਛੁੱਟੀ ਲੈ ਕੇ ਮੈਚ ਦੇਖਦੇ ਹਨ ਤਾਂ ਸੋਚੋ ਕਿ ਵਿਹਲੇ ਬੈਠੇ ਬੇਰੁਜ਼ਗਾਰਾਂ ਨੇ ਕ੍ਰਿਕਟ ਦੀ ਪ੍ਰਸਿੱਧੀ ਵਿੱਚ ਕਿੰਨਾ ਵਡਮੁੱਲਾ ਯੋਗਦਾਨ ਪਾਇਆ ਹੈ!

ਬਾਲੀਵੁੱਡ ਤੋਂ ਬਾਅਦ, ਕ੍ਰਿਕਟ ਹੀ ਇਕ ਅਜਿਹੀ ਖੇਡ ਹੈ ਜੋ ਸਾਨੂੰ ਭਾਰਤੀਆਂ ਨੂੰ ਜੋੜਦੀ ਹੈ।ਕਹਿਣ ਦਾ ਮਤਲਬ ਇਹ ਹੈ ਕਿ ਭਾਰਤ ਦੀ ਏਕਤਾ ਅਤੇ ਅਖੰਡਤਾ ਵਿੱਚ ਕ੍ਰਿਕਟ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।ਭਾਰਤ ਵਿੱਚ ਹੋਰ ਵੀ ਖੇਡਾਂ ਹਨ, ਜਿਨ੍ਹਾਂ ਦੇ ਕਈ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਵੀ ਖੇਡਦੇ ਹਨ ਪਰ ਸਰਕਾਰ ਅਤੇ ਸਬੰਧਿਤ ਬੋਰਡ ਦੇ ਹੋਰਨਾਂ ਖੇਡਾਂ ਪ੍ਰਤੀ ਉਦਾਸੀਨ ਰਵੱਈਏ ਦੇ ਸਿੱਟੇ ਵਜੋਂ ਫ਼ੁੱਟਬਾਲ, ਹਾਕੀ, ਬੈਡਮਿੰਟਨ, ਟੈਨਿਸ ਜਾਂ ਐਥਲੈਟਿਕਸ ਦਾ ਵਿਕਾਸ ਨਹੀਂ ਹੋ ਰਿਹਾ। ਅਜਿਹਾ ਨਹੀਂ ਹੈ ਕਿ ਕ੍ਰਿਕਟ ਤੋਂ ਇਲਾਵਾ ਹੋਰ ਖੇਡਾਂ ਵਿੱਚ ਪ੍ਰਤਿਭਾਸ਼ਾਲੀ ਖਿਡਾਰੀਆਂ ਦੀ ਕਮੀ ਹੈ। ਸਮੱਸਿਆ ਇਹ ਹੈ ਕਿ ਨਾ ਤਾਂ ਖਿਡਾਰੀਆਂ ਨੂੰ ਸਹੀ ਮੌਕਾ ਮਿਲਦਾ ਹੈ ਅਤੇ ਨਾ ਹੀ ਬਿਹਤਰ ਸਿਖਲਾਈ ਮਿਲਦੀ ਹੈ। ਜੇਕਰ ਸਿਰਫ਼ ਕ੍ਰਿਕੇਟ ਹੀ ਸਾਡੇ ਕੋਲ ਰਹਿ ਜਾਵੇ ਤਾਂ ਇਹ ਯਕੀਨੀ ਤੌਰ 'ਤੇ ਹਰਮਨ ਪਿਆਰਾ ਹੋਵੇਗਾ।



# ਮੇਰੀ ਆਵਾਜ਼ ਹੀ ਪਹਿਚਾਨ ਹੈ...

# ਲਤਾ ਮੰਗੇਸ਼ਕਰ



ਪਰਮਜੀਤ ਸਿੰਘ ਨਿੱਕੇ ਘੁੰਮਣ

ਲਤਾ ਮੰਗੇਸ਼ਕਰ ਸਿਰਫ਼ ਭਾਰਤ ਹੀ ਨਹੀਂ ਸਗੋਂ ਦੁਨੀਆਂ ਭਰ 'ਚ ਸੰਗੀਤ ਜਗਤ ਦੀਆਂ ਮਹਾਨ ਸੰਗੀਤਕ ਹਸਤੀਆਂ ਵਿੱਚ ਆਪਣਾ ਉਚੇਰਾ ਸਥਾਨ ਰੱਖਦੀ ਹੈ। ਲਤਾ ਜੀ ਨੂੰ ਭਾਰਤ ਵਿੱਚ 'ਸੁਰ ਕੋਕਿਲਾ' ਅਤੇ 'ਸੁਰ-ਸੰਗੀਤ ਦੀ ਦੇਵੀ' ਆਦਿ ਸਮੇਤ ਕਈ ਹੋਰ ਲਕਬ ਦੇ ਕੇ ਸਤਿਕਾਰਿਆ ਗਿਆ ਹੈ। 28 ਸਤੰਬਰ 1929 ਨੂੰ ਸੰਗੀਤ ਅਤੇ ਅਦਾਕਾਰੀ ਦੇ ਮਾਹਿਰ ਪੰਡਿਤ ਦੀਨਾ ਨਾਥ ਮੰਗੇਸ਼ਕਰ ਦੇ ਘਰ ਮਹਾਰਾਸ਼ਟਰ ਦੇ ਪਿੰਡ ਮੰਗੇਸ਼ ਵਿਖੇ ਜਨਮੀ ਕੁਮਾਰੀ ਲਤਾ ਮੰਗੇਸ਼ਕਰ 6 ਫ਼ਰਵਰੀ, 2022 ਨੂੰ 93 ਸਾਲ ਦਾ ਸਫ਼ਲ ਜੀਵਨ ਭੋਗ ਕੇ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਆਖ਼ ਗਈ ਸੀ। ਉਨ੍ਹਾਂ ਦੀ ਮਿੱਠੀ ਤੇ ਦਿਲਕਸ਼ ਆਵਾਜ਼ ਵਿੱਚ ਗਾਏ ਗਏ ਹਜ਼ਾਰਾਂ ਨਗ਼ਮੇ ਅੱਜ ਵੀ ਦੁਨੀਆ ਭਰ ਵਿਚ ਸੰਗੀਤ ਪ੍ਰੇਮੀਆਂ ਦੇ ਚੇਤਿਆਂ ਵਿਚ ਸਾਂਭੇ ਪਏ ਹਨ। ਇਸ ਮਹਾਨ ਫ਼ਨਕਾਰਾ ਦੇ ਜੀਵਨ ਨਾਲ ਜੁੜੀਆਂ ਕੁਝ ਅਤਿਅੰਤ ਦਿਲਚਸਪ ਤੇ ਯਾਦਗਾਰੀ ਗੱਲਾਂ ਇੱਥੇ ਸਾਂਝੀਆਂ ਕਰਦੇ ਹਾਂ।

ਬਹੁਤ ਘੱਟ ਲੋਕ ਜਾਣਦੇ ਹਨ ਕਿ ਲਤਾ ਜੀ ਦਾ ਅਸਲ ਨਾਂ 'ਹੇਮਾ' ਸੀ ਤੇ ਬਚਪਨ ਉਨ੍ਹਾਂ ਇਸੇ ਨਾਂ ਨਾਲ ਹੀ ਗੁਜ਼ਾਰਿਆ ਸੀ। ਦਰਅਸਲ ਉਨ੍ਹਾਂ ਦੇ ਪਿਤਾ ਜੀ ਰੰਗਮੰਚ 'ਤੇ ਸੰਗੀਤਕ ਨਾਟਕ ਖੇਡਿਆ ਕਰਦੇ ਸਨ ਤੇ ਹੇਮਾ ਉਰਫ਼ ਲਤਾ ਉਦੋਂ ਕੇਵਲ ਪੰਜ ਕੁ ਵਰ੍ਹਿਆਂ ਦੀ ਸੀ ਜਦੋਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਰੰਗਮੰਚ 'ਤੇ ਅਦਾਕਾਰੀ ਅਤੇ ਗਾਇਕੀ ਕਰਨ ਲਾ ਦਿੱਤਾ ਸੀ। ਆਪਣੇ ਪਿਤਾ ਨਾਲ ਹੀ ਉਨ੍ਹਾਂ ਇੱਕ ਨਾਟਕ ਵਿੱਚ 'ਲਤਿਕਾ' ਨਾਮਕ ਕਿਰਦਾਰ ਇਸ ਕਦਰ ਬਾਖ਼ੂਬੀ ਨਿਭਾਇਆ ਸੀ ਕਿ ਪਿਤਾ ਤੇ ਪਰਿਵਾਰ ਦੇ ਬਾਕੀ ਮੈਂਬਰਾਂ ਨੇ ਉਸ ਨੂੰ ਹੇਮਾ ਦੀ ਥਾਂ ਪਹਿਲਾਂ 'ਲਤਿਕਾ' ਤੇ ਫ਼ਿਰ ਲਤਾ ਕਹਿਣਾ ਸ਼ੁਰੂ ਕਰ ਦਿੱਤਾ ਸੀ। ਲਤਾ ਮੰਗੇਸ਼ਕਰ ਦੇ ਪਿਤਾ ਹੀ ਨਹੀਂ ਸਗੋਂ ਉਸਦੇ ਦਾਦਾ ਗਣੇਸ਼ ਭੱਟ ਤੇ ਦਾਦੀ ਯਸੂਬਾਈ ਰਾਣੇ ਵੀ ਭਾਰਤੀ ਸ਼ਾਸਤਰੀ ਸੰਗੀਤ ਦੇ ਗਿਆਤਾ ਸਨ। ਉਨ੍ਹਾਂ ਦੇ ਦਾਦਾ ਜੀ ਪਿੰਡ ਮੰਗੇਸ਼ ਦੇ ਸਭ ਤੋਂ ਵੱਡੇ ਮੰਦਰ ਦੇ ਮੁੱਖ ਪੁਜਾਰੀ ਸਨ ਤੇ ਬੜੇ ਹੀ ਸੁਰੀਲੇ ਭਜਨ ਗਾਉਂਦੇ ਸਨ ਜਦਕਿ ਉਨ੍ਹਾਂ ਦੀ ਦਾਦੀ 'ਦੇਵਦਾਸੀ' ਸਮਾਜ ਨਾਲ ਸਬੰਧ ਰੱਖਦੀ ਸੀ ਤੇ ਉਨ੍ਹਾਂ ਨੂੰ ਵੀ ਸ਼ਾਸ਼ਤਰੀ ਸੰਗੀਤ ਦਾ ਭਰਪੂਰ ਗਿਆਨ ਸੀ। ਇਸੇ ਕਰਕੇ ਲਤਾ ਮੰਗੇਸ਼ਕਰ ਤੇ ਉਨ੍ਹਾਂ ਦੀਆਂ ਭੈਣਾਂ ਆਸ਼ਾ, ਊਸ਼ਾ, ਮੀਨਾ ਅਤੇ ਭਰਾ ਹਿਰਦੇਨਾਥ ਮੰਗੇਸ਼ਕਰ ਨੂੰ ਘਰ ਵਿੱਚ ਹੀ ਵਗ਼ਦੀ ਸੰਗੀਤ ਦੀ ਇਸ ਗੰਗਾ ਤੋਂ ਲਾਭ ਲੈਣ ਦਾ ਮੌਕਾ ਮਿਲਿਆ ਸੀ।

### ਅਦਾਕਾਰੀ ਤੇ ਗਾਇਕੀ ਦੇ ਜੌਹਰ ਵਿਖਾਏ

ਲਤਾ ਉਸ ਵਕਤ ਕੇਵਲ 13 ਸਾਲ ਦੀ ਸੀ ਜਦੋਂ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਤੇ ਸਾਰੇ ਭੈਣ ਭਰਾਵਾਂ ਵਿਚੋਂ ਵੱਡੀ ਹੋਣ ਕਰ ਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਵਿੱਚ ਮਾਂ ਦਾ ਸਾਥ ਦੇਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਮਾਸੂਮ ਮੋਢਿਆਂ 'ਤੇ ਆਣ ਪਈ ਸੀ। ਲਤਾ ਨੂੰ ਸਿਵਾਇ ਅਦਾਕਾਰੀ ਤੇ ਗਾਇਕੀ ਦੇ ਕੋਈ ਹੋਰ ਹੁਨਰ ਨਹੀਂ ਆਉਂਦਾ ਸੀ। ਉਸ ਵੇਲੇ ਸੰਨ 1942 ਸੀ ਤੇ ਹੌਸਲਾ ਨਾ ਹਾਰਨ ਵਾਲੀ ਲਤਾ ਨੇ ਉਸੇ ਹੀ ਸਾਲ 'ਨਵਯੁਗ ਚਿੱਤਰਪਟ' ਦੀ ਫ਼ਿਲਮ 'ਪਹਿਲੀ ਮੰਗਲਾ ਗੌਰ' ਵਿੱਚ ਬਤੌਰ ਅਦਾਕਾਰਾ ਤੇ ਗਾਇਕਾ ਫ਼ਿਲਮਾਂ ਦੀ ਦੁਨੀਆਂ ਵਿੱਚ ਆਪਣੀ ਹਾਜ਼ਰੀ ਦਰਜ ਕਰ ਦਿੱਤੀ ਸੀ। ਜਿਸ ਦਿਨ ਲਤਾ ਜੀ ਨੇ ਪਹਿਲੀ ਵਾਰ ਕੈਮਰੇ ਸਾਹਮਣੇ ਅਦਾਕਾਰੀ ਕੀਤੀ ਸੀ, ਉਸ ਦਿਨ ਉਨ੍ਹਾਂ ਦੇ ਘਰ ਵਿੱਚ ਪਿਤਾ ਦੀ ਅੰਤਿਮ ਅਰਦਾਸ ਹੋ ਰਹੀ ਸੀ। ਇਸ ਉਪਰੰਤ ਉਨ੍ਹਾਂ ਨੇ 'ਗਜਾਭਾਊ','ਬੜੀ ਮਾਂ' ਅਤੇ 'ਆਪ ਕੀ ਸੇਵਾ ਮੇਂ' ਆਦਿ ਫ਼ਿਲਮਾਂ ਵਿੱਚ ਅਦਾਕਾਰੀ ਤੇ ਗਾਇਕੀ ਦੇ ਜੌਹਰ ਵਿਖਾਏ ਸਨ ਤੇ ਫ਼ਿਰ ਉਨ੍ਹਾਂ ਅਦਾਕਾਰੀ ਤਿਆਗ ਕੇ ਕੇਵਲ ਗਾਇਕਾ ਵਜੋਂ ਹੀ ਭਾਰਤੀ ਸਿਨੇਮਾ ਦੀ ਸੇਵਾ ਕਰਨ ਦਾ ਸੰਕਲਪ ਲੈ ਲਿਆ ਸੀ। ਸੰਨ 1948 ਵਿੱਚ ਸੰਗੀਤ ਨਿਰਦੇਸ਼ਕ ਗ਼ੁਲਾਮ ਹੈਦਰ ਨੇ ਫ਼ਿਲਮਕਾਰਲ ਸ਼ੇਸ਼ਾਧਰ ਮੁਖਰਜੀ ਨੂੰ ਉਨ੍ਹਾਂ ਦੀ ਬਣ ਰਹੀ ਫ਼ਿਲਮ 'ਸ਼ਹੀਦ' ਲਈ ਲਤਾ ਤੋਂ ਇੱਕ ਗੀਤ ਰਿਕਾਰਡ ਕਰਵਾਉਣ ਦੀ ਸਿਫ਼ਾਰਸ਼ ਕੀਤੀ ਪਰ ਮੁਖਰਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਲਤਾ ਦੀ ਆਵਾਜ਼ ਬਹੁਤ ਬਾਰੀਕ ਹੈ ਅਤੇ ਫ਼ਿਲਮਾਂ ਲਈ ਢੁੱਕਵੀਂ ਨਹੀਂ ਹੈ। ਇਸ ਨਾਯਾਬ ਹੀਰੇ ਦੀ ਪਰਖ਼ ਕਰ ਚੁੱਕੇ ਗ਼ੁਲਾਮ ਹੈਦਰ ਨੇ ਉਸੇ ਵੇਲੇ ਆਖ ਦਿੱਤਾ ਸੀ, ਮੁਖਰਜੀ ਸਾਹਿਬ...ਚੇਤੇ ਰੱਖਿਓ, ਇੱਕ ਦਿਨ ਐਸਾ ਆਏਗਾ ਜਦੋਂ ਬਾਲੀਵੁੱਡ ਦੇ ਦਿੱਗਜ ਫ਼ਿਲਮਕਾਰ ਲਤਾ ਦੇ ਦਰਵਾਜ਼ੇ 'ਤੇ ਲਾਈਨ ਲਗਾ ਕੇ ਬੈਠਣਗੇ ਤੇ ਉਸ ਕੋਲੋਂ ਗੀਤ ਰਿਕਾਰਡ ਕਰਵਾਉਣ ਲਈ ਲੇਲੜੀਆਂ ਕੱਢਣਗੇ। ਗ਼ੁਲਾਮ ਹੈਦਰ ਸਾਹਿਬ ਦੀ ਇਹ ਗੱਲ ਬਾਅਦ ਵਿੱਚ ਅੱਖਰ-ਅੱਖਰ ਸੱਚ ਸਾਬਤ ਹੋਈ ਸੀ।

### ਗੀਤਾਂ ਬਾਰੇ ਬੜਾ ਭਾਰੀ ਵਿਵਾਦ ਰਿਹਾ

ਲਤਾ ਦੇ ਗਾਏ ਗੀਤਾਂ ਬਾਰੇ ਬੜਾ ਭਾਰੀ ਵਿਵਾਦ ਰਿਹਾ ਸੀ। ਦਿਲਚਸਪ ਗੱਲ ਇਹ ਸੀ ਕਿ ਸੰਨ 1974 ਵਿੱਚ ਲਤਾ ਮੰਗੇਸ਼ਕਰ ਜੀ ਦਾ ਨਾਂ 'ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਵਿੱਚ ਇਹ ਕਹਿ ਕੇ ਦਰਜ ਕੀਤਾ ਗਿਆ ਸੀ ਕਿ ਉਨ੍ਹਾਂ 25,000 ਤੋਂ ਵੱਧ ਗੀਤ ਗਾ ਕੇ ਦੁਨੀਆ ਵਿੱਚ ਸਭ ਤੋਂ ਵੱਧ ਗੀਤ ਗਾਉਣ ਵਾਲੀ ਗਾਇਕਾ ਦਾ ਖ਼ਿਤਾਬ ਹਾਸਲ ਕੀਤਾ ਸੀ। ਮੁਹੰਮਦ ਰਫ਼ੀ ਦੇ ਵਿਰੋਧ 'ਤੇ ਮਾਮਲੇ ਦੀ ਪੜਤਾਲ ਉਪਰੰਤ ਲਤਾ ਜੀ ਦੇ ਗੀਤਾਂ ਦੀ ਸੰਖਿਆ ਸੰਨ 1991 ਤੱਕ ਕੇਵਲ 5025 ਪਾਈ ਗਈ ਤੇ ਦਰਜ ਹੋਣ ਦੇ 17 ਸਾਲ ਬਾਅਦ ਭਾਵ ਸੰਨ 1991 ਵਿੱਚ ਉਕਤ ਰਿਕਾਰਡ ਬੁੱਕ ਵਿਚੋਂ ਲਤਾ ਦਾ ਨਾਂ ਹਟਾ ਦਿੱਤਾ ਗਿਆ ਸੀ। ਮਜ਼ੇਦਾਰ ਤੱਥ ਇਹ ਰਿਹਾ ਕਿ ਸੰਨ 2011 ਵਿੱਚ ਲਤਾ ਦੀ ਭੈਣ ਆਸ਼ਾ ਭੌਂਸਲੇ 11,000 ਗੀਤਾਂ ਨਾਲ ਉਕਤ ਰਿਕਾਰਡ ਬੁੱਕ ਵਿੱਚ ਸਿਖ਼ਰਲੇ ਸਥਾਨ 'ਤੇ ਪੁੱਜ ਗਈ ਸੀ ਜਦਕਿ ਸੰਨ 2016 ਤੋਂ ਹੁਣ ਤੱਕ ਪੀ.ਸੁਸ਼ੀਲਾ ਨਾਮਕ ਗਾਇਕਾ 17,695 ਗੀਤ ਗਾ ਕੇ ਟੀਸੀ 'ਤੇ ਬਿਰਾਜਮਾਨ ਹੈ।



## ਗਾਏ ਹਜ਼ਾਰਾਂ ਯਾਦਗਾਰੀ ਨਗ਼ਮੇ

ਲਤਾ ਹੁਰਾਂ ਦੇ ਗਾਏ ਹਜ਼ਾਰਾਂ ਯਾਦਗਾਰੀ ਨਗ਼ਮਿਆਂ ਵਿਚੋਂ 'ਐ ਮਾਲਿਕ ਤੇਰੇ ਬੰਦੇ ਹਮ' ਨਾਮਕ ਗੀਤ ਤਾਂ ਭਾਰਤ ਹੀ ਨਹੀਂ ਪਾਕਿਸਤਾਨ ਦੇ ਸਕੂਲਾਂ ਵਿੱਚ ਵੀ ਸਵੇਰ ਦੀ ਸਭਾ ਦੀ ਪ੍ਰਾਥਨਾ ਵਜੋਂ ਗਾਇਆ ਜਾਣ ਲੱਗ ਪਿਆ ਸੀ ਤੇ ਉਨ੍ਹਾਂ ਦੇ ਹੀ ਗਾਏ ਹੋਏ 'ਐ ਮੇਰੇ ਵਤਨ ਕੇ ਲੋਗੋ ਜ਼ਰਾ ਆਂਖ ਮੇਂ ਭਰ ਲੋ ਪਾਨੀ, ਜੋ ਸ਼ਹੀਦ ਹੂਏ ਹੈਂ ਉਨਕੀ ਜ਼ਰਾ ਯਾਦ ਕਰੋ ਕੁਰਬਾਨੀ', ਗੀਤ ਨੇ ਦੇਸ਼ ਦੇ ਉਸ ਵਕਤ ਦੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਸਮੇਤ ਹਰੇਕ ਦੇਸ਼ਵਾਸੀਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ ਸਨ। ਦੱਸਣਯੋਗ ਹੈ ਕਿ ਗੀਤਾਂ ਲਈ 'ਰਾਇਲਟੀ' ਲੈਣ ਦੇ ਮੁੱਦਾ ਲਤਾ ਜੀ ਨੇ ਬੜੇ ਜ਼ੋਰ ਨਾਲ ਉਠਾਇਆ ਸੀ ਤੇ ਰਫ਼ੀ ਸਾਹਿਬ ਨੇ ਇਹ ਕਹਿ ਕੇ ਸਖ਼ਤ ਵਿਰੋਧ ਕੀਤਾ ਸੀ ਕਿ ਜੇਕਰ ਗਾਇਕ ਆਪਣੇ ਗਾਉਣ ਦੀ ਫ਼ੀਸ ਲੈ ਚੁੱਕਿਆ ਹੈ ਤਾਂ ਫ਼ਿਰ ਉਸਨੂੰ ਰਾਇਲਟੀ ਕਿਉਂ ਚਾਹੀਦੀ ਹੈ? ਇਸ ਆਪਸੀ ਵਿਵਾਦ ਕਰ ਕੇ ਲਤਾ ਅਤੇ ਰਫ਼ੀ ਨੇ ਪੰਜ ਸਾਲ ਤੱਕ ਕੋਈ ਗੀਤ ਨਹੀਂ ਗਾਇਆ ਸੀ ਤੇ ਇਸ ਅਰਸੇ ਦੌਰਾਨ ਰਫ਼ੀ ਨਾਲ ਲਤਾ ਜੀ ਦੀ ਥਾਂ ਆਸ਼ਾ ਭੌਂਸਲੇ ਗੀਤ ਰਿਕਾਰਡ ਕਰਵਾ ਕੇ ਨੰਬਰ ਵੰਨ ਗਾਇਕਾ ਬਣ ਗਈ ਸੀ।

### ਕਈ ਭਾਸ਼ਾਵਾਂ ਵਿੱਚ ਗੀਤ ਗਾਏ

2011 ਵਿੱਚ ਉਨ੍ਹਾਂ ਨੇ 'ਸਰਹਦੇਂ' ਨਾਮਕ ਐਲਬਮ ਵਿੱਚ ਦੁਨੀਆਂ ਦੇ ਮਸ਼ਹੂਰ ਗਾਇਕਾਂ ਜਨਾਬ ਮਹਿੰਦੀ ਹਸਨ, ਗ਼ੁਲਾਮ ਅਲੀ, ਹਰੀਹਰਨ ਅਤੇ ਸੁਰੇਸ਼ ਵਾਡੇਕਰ ਨਾਲ ਗਾਇਆ ਸੀ। ਲਤਾ ਮੰਗੇਸ਼ਕਰ ਦੇ ਦੇਹਾਂਤ ਉਪਰੰਤ 2022 ਵਿੱਚ ਹੋਏ 'ਬ੍ਰਿਟਿਸ਼ ਅਕੈਡਮੀ ਫ਼ਿਲਮਜ਼ ਐਂਡ ਟੀਵੀ ਐਵਾਰਡਜ਼' ਸਮਾਗਮ ਵਿੱਚ ਲਤਾ ਨੂੰ ਵਿਸ਼ੇਸ਼ ਤੌਰ 'ਤੇ ਸ਼ਰਧਾਂਜਲੀ ਭੇਂਟ ਕੀਤੀ ਗਈ ਸੀ। ਲਤਾ ਨੇ ਪੰਜਾਬੀ, ਮਰਾਠੀ, ਗੁਜਰਾਤੀ, ਉੜੀਆ, ਬੰਗਾਲੀ, ਤਾਮਿਲ, ਤੇਲਗੂ ਭਾਸ਼ਾ ਸਣੇ ਕਈ ਹੋਰ ਭਾਸ਼ਾਵਾਂ ਵਿੱਚ ਵੀ ਗੀਤ, ਗ਼ਜ਼ਲ, ਭਜਨ, ਠੁਮਰੀ, ਕੱਵਾਲੀ, ਸੂਫ਼ੀਆਨਾ ਅਤੇ ਲੋਕ ਗੀਤ ਆਦਿ ਵੰਨਗੀਆਂ ਦਾ ਗਾਇਨ ਕੀਤਾ ਸੀ।

ਹੈਰਾਨੀਜਨਕ ਤੱਥ ਹੈ ਕਿ ਲਤਾ ਮੰਗੇਸ਼ਕਰ ਪੜ੍ਹਾਈ ਪੱਖੋਂ ਕੇਵਲ ਇੱਕ ਦਿਨ ਹੀ ਸਕੂਲ ਗਈ ਸੀ। ਉਨ੍ਹਾਂ ਦੇ ਸਕੂਲ ਦੇ ਪਹਿਲੇ ਹੀ ਦਿਨ ਉਸਦੀ ਅਧਿਆਪਕਾ ਨੇ ਕਹਿ ਦਿੱਤਾ ਸੀ ਤੂੰ ਆਪਣੀ ਨਿੱਕੀ ਭੈਣ ਆਸ਼ਾ ਨੂੰ ਨਾਲ ਲੈ ਕੇ ਸਕੂਲ ਨਹੀਂ ਆ ਸਕਦੀ ਹੈਂ। ਉਨ੍ਹਾਂ ਸਕੂਲ ਛੱਡ ਦਿੱਤਾ ਪਰ ਆਪਣੀ ਭੈਣ ਦਾ ਸਾਥ ਬਿਲਕੁਲ ਨਹੀਂ ਸੀ ਛੱਡਿਆ। ਇੱਕ ਵਾਰ ਦਿਲੀਪ ਕੁਮਾਰ ਨੇ ਲਤਾ ਦੇ ਉਰਦੂ ਵਿਚਲੇ ਉਚਾਰਨ ਬਾਰੇ ਇੱਕ ਤਲਖ਼ ਟਿੱਪਣੀ ਕਰ ਦਿੱਤੀ ਸੀ ਤੇ ਲਤਾ ਜੀ ਨੇ ਉਸੇ ਦਿਨ ਤੋਂ ਇੱਕ ਉਰਦੂ ਅਧਿਆਪਕ ਤੋਂ ਟਿਊਸ਼ਨ ਰੱਖ ਕੇ ਆਪਣਾ ਉਰਦੂ ਜ਼ੁਬਾਨ ਦਾ ਤਲੱਫ਼ੁਜ਼ ਭਾਵ ਉਚਾਰਣ ਸੁਧਾਰ ਲਿਆ ਸੀ।

### ਝੋਲੀ ਪਏ ਕਈ ਮਾਣ-ਸਨਮਾਨ

ਲਤਾ ਮੰਗੇਸ਼ਕਰ ਨੂੰ ਉਨ੍ਹਾਂ ਦੀ ਦਿਲਕਸ਼ ਆਵਾਜ਼ ਲਈ 1989 ਵਿੱਚ 'ਦਾਦਾ ਸਾਹਿਬ ਫ਼ਾਲਕੇ ਪੁਰਸਕਾਰ', 2001 ਵਿੱਚ 'ਭਾਰਤ ਰਤਨ', 2007 ਵਿੱਚ ਫ਼ਰਾਂਸ ਦਾ ਸਭ ਤੋਂ ਵੱਡਾ ਸਿਵੀਲਿਅਨ ਸਨਮਾਨ 'ਨੈਸ਼ਨਲ ਆਰਡਰ ਆਫ਼ ਦਿ ਲਿਜੀਅਨ ਆਫ਼ ਆਨਰ' ਪ੍ਰਦਾਨ ਕਰਨ ਤੋਂ ਇਲਾਵਾ 'ਪਦਮ ਭੂਸ਼ਨ', 'ਪਦਮ ਵਿਭੂਸ਼ਨ','ਸੰਗੀਤ ਨਾਟਕ ਅਕਾਦਮੀ ਪੁਰਸਕਾਰ','ਸਰਬੋਤਮ ਗਾਇਕਾ ਦਾ ਕੌਮੀ ਪੁਰਸਕਾਰ', 'ਫ਼ਿਲਮਫ਼ੇਅਰ ਲਾਈਫ਼ਟਾਈਮ ਅਚੀਵਮੈਂਟ ਪੁਰਸਕਾਰ' ਸਣੇ ਸੈਂਕੜੇ ਵੱਡੇ ਸਨਮਾਨਾਂ ਨਾਲ ਨਿਵਾਜਿਆ ਗਿਆ ਸੀ। ਕਈ ਸਾਲ ਲਗਾਤਾਰ ਫ਼ਿਲਮਫ਼ੇਅਰ ਪੁਰਸਕਾਰ ਲੈਣ ਤੋਂ ਬਾਅਦ ਉਨ੍ਹਾਂ ਇਹ ਪੁਰਸਕਾਰ ਜਿੱਤਣ ਦੇ ਬਾਵਜੂਦ ਆਪਣੀ ਥਾਂ ਦੂਜੇ ਨੰਬਰ 'ਤੇ ਰਹਿਣ ਵਾਲੀ ਗਾਇਕਾ ਨੂੰ ਦੇਣ ਲਈ ਕਹਿ ਦਿੱਤਾ ਸੀ। ਮੱਧ ਪ੍ਰਦੇਸ਼ ਸਰਕਾਰ ਨੇ ਉਨ੍ਹਾਂ ਦੇ ਜਿਉਂਦੇ ਜੀਅ ਹੀ 'ਲਤਾ ਮੰਗੇਸ਼ਕਰ ਪੁਰਸਕਾਰ' ਸ਼ੁਰੂ ਕਰ ਦਿੱਤਾ ਗਿਆ ਸੀ, ਜੋ ਅੱਜ ਵੀ ਸੰਗੀਤ ਦੇ ਖੇਤਰ ਵਿੱਚ ਵਿਲੱਖਣ ਪ੍ਰਾਪਤੀ ਕਰਨ ਵਾਲੀ ਹਸਤੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ।

# ਆਇਫ਼ਾ ਪੁਰਸਕਾਰ: ਸ਼ਾਹਰੁਖ਼ ਖ਼ਾਨ ਨੂੰ ਸਰਬੋਤਮ ਅਦਾਕਾਰ ਤੇ ਰਾਣੀ ਮੁਖਰਜੀ ਨੂੰ ਸਰਬੋਤਮ ਅਦਾਕਾਰਾ ਦਾ ਖ਼ਿਤਾਬ

## 'ਐਨੀਮਲ' ਨੂੰ ਸਰਬੋਤਮ ਫ਼ਿਲਮ ਵਜੋਂ ਮਿਲਿਆ ਪੁਰਸਕਾਰ, ਭੁਪਿੰਦਰ ਬੱਬਲ ਨੂੰ ਸਭ ਤੋਂ ਵਧੀਆ ਪਲੇਅਬੈਕ ਗਾਇਕ ਤੇ ਸਭ ਤੋਂ ਵਧੀਆ ਬੋਲ ਲਈ ਮਿਲਿਆ ਪੁਰਸਕਾਰ




ਯਾਸ ਆਈਲੈਂਡ (ਅਬੂ ਧਾਬੀ)/ ਏ.ਟੀ.ਨਿਊਜ਼: ਅਬੂ ਧਾਬੀ ਦੇ ਯਾਸ ਆਈਲੈਂਡ ਵਿੱਚ ਹੋਏ 'ਇੰਟਰਨੈਸ਼ਨਲ ਇੰਡੀਅਨ ਫ਼ਿਲਮ ਅਕੈਡਮੀ ਐਵਾਰਡਜ਼ 2024' (ਆਇਫ਼ਾ) ਵਿੱਚ ਅਦਾਕਾਰ ਸ਼ਾਹਰੁਖ ਖਾਨ ਨੂੰ ਫ਼ਿਲਮ 'ਜਵਾਨ' ਲਈ ਸਰਬੋਤਮ ਅਦਾਕਾਰ ਦੇ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ ਜਦਕਿ ਰਣਬੀਰ ਕਪੂਰ ਦੀ ਫ਼ਿਲਮ 'ਐਨੀਮਲ' ਨੂੰ ਸਰਬੋਤਮ ਫ਼ਿਲਮ ਦਾ ਪੁਰਸਕਾਰ ਮਿਲਿਆ ਹੈ। ਭੁਪਿੰਦਰ ਬੱਬਲ ਨੂੰ ਫ਼ਿਲਮ 'ਐਨੀਮਲ' ਦੇ ਗੀਤ 'ਅਰਜਣ ਵੈਲੀ' ਲਈ ਸਰਬੋਤਮ ਪਲੇਅਬੈਕ ਗਾਇਕ ਪੁਰਸ਼ ਦਾ ਪੁਰਸਕਾਰ ਮਿਲਿਆ। ਨਾਲ ਹੀ ਉਸ ਨੂੰ 'ਸਤਰੰਗਾ' ਗੀਤ ਲਈ ਸਭ ਤੋਂ ਵਧੀਆ ਬੋਲ ਲਈ ਪੁਰਸਕਾਰ ਦਿੱਤਾ ਗਿਆ। ਸ਼ਾਹਰੁਖ ਨੇ ਅਦਾਕਾਰ ਵਿੱਕੀ ਕੌਸ਼ਲ ਅਤੇ ਫ਼ਿਲਮ ਨਿਰਮਾਤਾ ਕਰਨ ਜੌਹਰ ਦੇ ਨਾਲ ਮਿਲ ਕੇ ਸ਼ਨਿਚਰਵਾਰ ਨੂੰ ਆਇਫ਼ਾ ਪੁਰਸਕਾਰ ਸਮਾਰੋਹ ਦੀ ਮੇਜ਼ਬਾਨੀ ਕੀਤੀ। ਸ਼ਾਹਰੁਖ ਖਾਨ ਦੀ ਫ਼ਿਲਮ 'ਦਿਲ ਸੇ' ਦੇ ਨਿਰਦੇਸ਼ਕ ਮਨੀਰਤਨਮ ਅਤੇ ਸੰਗੀਤਕਾਰ ਏ.ਆਰ. ਰਹਿਮਾਨ ਨੇ ਅਦਾਕਾਰ ਨੂੰ ਪੁਰਸਕਾਰ ਦਿੱਤਾ। ਸ਼ਾਹਰੁਖ ਨੇ ਪੁਰਸਕਾਰ ਲੈਣ ਤੋਂ ਪਹਿਲਾਂ ਮਨੀਰਤਨਮ ਦੇ ਪੈਰ ਛੂਹੇ। ਅਦਾਕਾਰਾ ਰਾਣੀ ਮੁਖਰਜੀ ਨੂੰ ਫ਼ਿਲਮ 'ਮਿਸਿਜ਼ ਚਟਰਜੀ ਵਰਸਿਜ਼ ਨਾਰਵੇ' ਵਿੱਚ ਉਸ ਦੀ ਭੂਮਿਕਾ ਲਈ ਸਰਬੋਤਮ ਅਦਾਕਾਰਾ ਦਾ ਪੁਰਸਕਾਰ ਮਿਲਿਆ। ਗਾਇਕਾ ਸ਼ਿਲਪਾ ਰਾਓ ਨੂੰ ਫ਼ਿਲਮ 'ਜਵਾਨ' ਦੇ ਗੀਤ 'ਚਲਿਆ' ਲਈ ਸਰਬੋਤਮ ਪਲੇਅਬੈਕ ਗਾਇਕ ਦਾ ਪੁਰਸਕਾਰ ਮਿਲਿਆ। ਫ਼ਿਲਮ ਨਿਰਮਾਤਾ ਵਿਧੂ ਵਿਨੋਦ ਚੋਪੜਾ ਨੂੰ ਉਸ ਦੀ ਫ਼ਿਲਮ 'ਟਵੈਲਥ ਫ਼ੇਲ੍ਹ' ਲਈ ਸਰਬੋਤਮ ਨਿਰਦੇਸ਼ਕ ਦਾ ਪੁਰਸਕਾਰ ਮਿਲਿਆ। ਸੰਦੀਪ ਰੈੱਡੀ ਵਾਂਗਾ ਦੇ ਨਿਰਦੇਸ਼ਨ ਵਿੱਚ ਬਣੀ ਫ਼ਿਲਮ 'ਐਨੀਮਲ' ਲਈ ਅਦਾਕਾਰ ਅਨਿਲ ਕਪੂਰ ਨੂੰ ਸਰਬੋਤਮ ਸਹਾਇਕ ਅਦਾਕਾਰ ਅਤੇ ਬੌਬੀ ਦਿਓਲ ਨੂੰ ਸਰਬੋਤਮ ਨਕਾਰਾਤਮਕ ਭੂਮਿਕਾ ਸ਼੍ਰੇਣੀ ਵਿੱਚ ਪੁਰਸਕਾਰ ਮਿਲਿਆ। ਫ਼ਿਲਮ 'ਐਨੀਮਲ' ਲਈ ਹੀ ਸੰਗੀਤ ਨਿਰਦੇਸ਼ਨ ਵਿੱਚ ਪੰਜਾਬੀ ਗਾਇਕ ਭੁਪਿੰਦਰ ਬੱਬਲ, ਪ੍ਰੀਤਮ ਵਿਸ਼ਾਲ ਮਿਸ਼ਰਾ, ਮਨਨ ਭਾਰਦਵਾਜ, ਸ਼੍ਰੇਅਸ ਪੁਰਨਾਇਕ, ਜਾਨੀ, ਅਸ਼ੀਮ ਕੈਮਸਨ ਤੇ ਹਰਸ਼ਵਰਧਨ ਰਾਮੇਸ਼ਵਰ ਨੂੰ ਪੁਰਸਕਾਰ ਮਿਲਿਆ।

## ਇਜ਼ਰਾਇਲ ਦੇ ਨਿਸ਼ਾਨੇ ਉੱਪਰ ਜਿਹਾਦੀ

ਹਾਸ਼ਮ ਜੇਹਾਦ ਕੌਂਸਲ 'ਤੇ ਵੀ ਬੈਠਦਾ ਹੈ, ਜੋ ਸਮੂਹ ਦੇ ਫ਼ੌਜੀ ਕਾਰਵਾਈਆਂ ਦਾ ਪ੍ਰਬੰਧਨ ਕਰਦਾ ਹੈ। ਸਫ਼ੀਦੀਨ ਆਪਣੇ ਆਪ ਨੂੰ ਇੱਕ ਮੌਲਵੀ ਦੱਸਦਾ ਹੈ ਜੋ ਹਰ ਸਮੇਂ ਕਾਲੀ ਪੱਗ ਬੰਨ੍ਹਦਾ ਹੈ ਅਤੇ ਇਸਲਾਮ ਦੇ ਪੈਗੰਬਰ ਮੁਹੰਮਦ ਦੇ ਵੰਸ਼ਜ ਹੋਣ ਦਾ ਦਾਅਵਾ ਵੀ ਕਰਦਾ ਹੈ। ਸਮਝਿਆ ਜਾਂਦਾ ਹੈ ਕਿ ਇਰਾਨ ਹਿਜ਼ਬੁੱਲਾ ਨੂੰ ਨਿਯੰਤਰਿਤ ਅਤੇ ਵਿੱਤ ਪ੍ਰਦਾਨ ਕਰਦਾ ਹੈ। ਹਾਸ਼ਮ ਦੇ ਇਰਾਨ ਨਾਲ ਬਹੁਤ ਚੰਗੇ ਸਬੰਧ ਮੰਨੇ ਜਾਂਦੇ ਹਨ, ਕਿਉਂਕਿ ਉਸ ਨੇ ਉੱਥੇ ਪੜ੍ਹਾਈ ਵੀ ਕੀਤੀ ਸੀ। ਮੰਨਿਆ ਜਾ ਰਿਹਾ ਹੈ ਕਿ ਇਰਾਨ ਨਾਲ ਬਿਹਤਰ ਸਬੰਧਾਂ ਕਾਰਨ ਉਸ ਦਾ ਨੇਤਾ ਬਣਨਾ ਤੈਅ ਹੈ। ਯੂ.ਐੱਸ. ਸਟੇਟ ਡਿਪਾਰਟਮੈਂਟ ਨੇ 2017 ਵਿੱਚ ਹਾਸ਼ਮ ਨੂੰ ਅੱਤਵਾਦੀ ਐਲਾਨਿਆ ਸੀ।

ਜੰਗ ਰੁਕਣ ਦੀ ਸੰਭਾਵਨਾ ਨਹੀਂ

ਦੂਜੇ ਪਾਸੇ ਅਮਰੀਕਾ ਇਸ ਤਣਾਅ ਤੋਂ ਘਬਰਾਇਆ ਇਜ਼ਰਾਇਲ ਨੂੰ ਅਜਿਹਾ ਕਰਨ ਤੋਂ ਰੋਕ ਰਿਹਾ ਹੈ ਤੇ ਉਸਨੂੰ ਹਥਿਆਰ ਵੀ ਸਪਲਾਈ ਕਰ ਰਿਹਾ ਹੈ। ਪਰ ਅਮਰੀਕਾ ਦਾ ਦੋਹਰਾ ਵਰਤਾਰਾ ਇਜ਼ਰਾਇਲ ਨੂੰ ਇਨ੍ਹਾਂ ਹਮਲਿਆਂ ਲਈ ਉਤਸ਼ਾਹ ਦੇ ਰਿਹਾ ਹੈ। ਇਜ਼ਰਾਇਲ ਇਸਲਾਮੀ ਦਹਿਸ਼ਤਗਰਦੀ ਲਈ ਕਾਲ ਬਣਕੇ ਛਾਅ ਰਿਹਾ ਹੈ। ਪਰ ਇਸ ਜੰਗ ਵਿੱਚ ਆਮ ਲੋਕਾਂ, ਬੱਚਿਆਂ, ਇਸਤਰੀਆਂ ਦਾ ਘਾਣ ਹੋ ਰਿਹਾ ਹੈ। ਇਸ ਕਾਰਨ ਇਸਲਾਮੀ ਮੁਲਕਾਂ ਵਿੱਚ ਇਜ਼ਰਾਇਲ ਵਿਰੁੱਧ ਰੋਸ ਪਾਇਆ ਜਾ ਰਿਹਾ ਹੈ। ਜੋ ਵਿਸ਼ਵ ਸ਼ਾਂਤੀ ਲਈ ਖਤਰਾ ਬਣ ਗਿਆ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਅਮਰੀਕਾ ਇਜ਼ਰਾਇਲ ਦੀ ਫ਼ੌਜੀ ਮਦਦ ਕਰ ਰਿਹਾ ਹੈ। ਇਹ ਯੁੱਧ ਰੁਕਣ ਵਾਲਾ ਨਹੀਂ ਜਾਪਦਾ। ਇੰਞ ਜਾਪਦਾ ਹੈ ਕਿ ਇਹ ਜੰਗ ਪੱਛਮ ਤੇ ਇਸਲਾਮ ਵਿਚਾਲੇ ਵੱਡਾ ਤਣਾਅ ਪੈਦਾ ਕਰੇਗੀ। ਇਜ਼ਰਾਇਲ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਇੱਛੁਕ ਤੌਰ 'ਤੇ ਆਪਣੇ ਜੰਗਬਾਜ਼ ਰਵੱਈਏ ਨੂੰ ਬਦਲ ਲਵੇਗਾ। ਅਮਰੀਕਾ ਤੇ ਪੱਛਮੀ ਦੇਸ਼ਾਂ ਵਲੋਂ ਇਜ਼ਰਾਇਲ ਨੂੰ ਖੁੱਲ੍ਹੀ ਛੋਟ ਦੇਣ ਦਾ ਮਤਲਬ ਹੈ। ਦੁਨੀਆਂ ਦੀ ਬਰਬਾਦੀ ਨੂੰ ਸੱਦਾ ਦੇਣਾ ਅਤੇ ਦੁਨੀਆਂ ਜਿੰਨੀ ਛੇਤੀ ਇਸ ਗੱਲ ਦਾ ਅਹਿਸਾਸ ਕਰ ਲਵੇਗੀ, ਓਨਾ ਹੀ ਚੰਗਾ ਹੈ।

**ਕੌਣ ਸੀ ਹਸਨ ?**

ਹਸਨ ਨਸਰੱਲਾ 1992 ਤੋਂ ਲਿਬਨਾਨ ਦੀ ਸਭ ਤੋਂ ਮਜ਼ਬੂਤ ਰਾਜਨੀਤਕ ਅਤੇ ਫ਼ੌਜੀ ਤਾਕਤ ਹਿਜ਼ਬੁੱਲਾ ਦਾ ਮੁਖੀ ਰਿਹਾ ਹੈ। ਹਸਨ ਨਸਰੱਲਾ ਨਾ ਸਿਰਫ਼ ਲਿਬਨਾਨ ਵਿੱਚ ਸਗੋਂ ਪੱਛਮੀ ਏਸ਼ੀਆ ਵਿੱਚ ਵੀ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ। ਸੱਯਦ ਹਸਨ ਨਸਰੱਲਾ ਦਾ ਜਨਮ 1960 ਵਿੱਚ ਬੇਰੂਤ ਵਿੱਚ ਇੱਕ ਗਰੀਬ ਸ਼ੀਆ ਪਰਿਵਾਰ ਵਿੱਚ ਹੋਇਆ ਸੀ। ਬਚਪਨ ਤੋਂ ਹੀ ਇਸਲਾਮ ਧਰਮ ਵੱਲ ਝੁਕਾਅ ਰੱਖਣ ਵਾਲਾ ਹਸਨ 1975 ਵਿੱਚ ਸ਼ੁਰੂ ਹੋਏ ਲਿਬਨਾਨ ਦੀ ਘਰੇਲੂ ਜੰਗ ਤੋਂ ਬਹੁਤ ਪ੍ਰਭਾਵਿਤ ਸੀ। ਉਹ ਇਜ਼ਰਾਇਲੀ ਕਬਜ਼ੇ ਦਾ ਵਿਰੋਧ ਕਰਨ ਲਈ ਸ਼ੀਆ ਮਿਲੀਸ਼ੀਆ ਅਮਲ ਅਤੇ ਫ਼ਿਰ ਹਿਜ਼ਬੁੱਲਾ ਵਿੱਚ ਸ਼ਾਮਲ ਹੋ ਗਿਆ।

1992 ਵਿੱਚ, ਇਜ਼ਰਾਇਲੀ ਬਲਾਂ ਨੇ ਹਿਜ਼ਬੁੱਲਾ ਦੇ ਤਤਕਾਲੀ ਨੇਤਾ ਸੱਯਦ ਅੱਬਾਸ ਮੌਸਾਵੀ ਦੀ ਹੱਤਿਆ ਕਰ ਦਿੱਤੀ ਸੀ। ਇਸ ਤੋਂ ਬਾਅਦ ਹਸਨ ਨਸਰੱਲਾ ਨੇਹਿਜਬੁਲਾ ਦੀ ਅਗਵਾਈ ਸੰਭਾਲੀ ਅਤੇ ਹਿਜ਼ਬੁੱਲਾ ਦੀ ਫ਼ੌਜੀ ਸਮਰੱਥਾ ਅਤੇ ਰਾਜਨੀਤਿਕ ਪ੍ਰਭਾਵ ਨੂੰ ਵਧਾਇਆ। ਹਿਜ਼ਬੁੱਲਾ ਨੇ ਲਿਬਨਾਨ ਵਿੱਚ 2018 ਦੀਆਂ ਸੰਸਦੀ ਚੋਣਾਂ ਵਿੱਚ ਜ਼ਬਰਦਸਤ ਜਿੱਤ ਦਰਜ ਕੀਤੀ ਸੀ। ਨਸਰੁੱਲਾ ਦੀ ਅਗਵਾਈ ਵਿੱਚ ਹਿਜ਼ਬੁੱਲਾ ਦੀ ਰਾਜਨੀਤਿਕ ਅਤੇ ਫ਼ੌਜੀ ਸ਼ਕਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ।2021 ਦੇ ਇੱਕ ਭਾਸ਼ਣ ਵਿੱਚ, ਨਸਰੱਲਾਹ ਨੇ ਦਾਅਵਾ ਕੀਤਾ ਸੀ ਕਿ ਹਿਜ਼ਬੁੱਲਾ ਕੋਲ 100,000 ਲੜਾਕੇ ਹਨ, ਜੋ ਵਿਸ਼ਵ ਪੱਧਰ 'ਤੇ ਸਭ ਤੋਂ ਸ਼ਕਤੀਸ਼ਾਲੀ ਗੈਰ-ਰਾਜੀ ਹਥਿਆਰਬੰਦ ਸਮੂਹਾਂ ਵਿੱਚੋਂ ਇੱਕ ਹਥਿਆਰਬੰਦ ਜਥੇਬੰਦੀ ਹੈ। ਹਿਜ਼ਬੁੱਲਾ ਨੂੰ ਇਸ ਖੇਤਰ ਵਿੱਚ 'ਵਿਰੋਧ ਦੇ ਧੁਰੇ' ਵਜੋਂ ਜਾਣਿਆ ਜਾਂਦਾ ਹੈ। ਹਿਜ਼ਬੁੱਲਾ ਨੂੰ ਅਮਰੀਕਾ, ਬ੍ਰਿਟੇਨ, ਜਰਮਨੀ, ਆਸਟ੍ਰੇਲੀਆ, ਕੈਨੇਡਾ, ਖਾੜੀ ਸਹਿਯੋਗ ਪਰਿਸ਼ਦ ਅਤੇ ਜ਼ਿਆਦਾਤਰ ਅਰਬ ਲੀਗ ਨੇ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ ਹੋਇਆ ਹੈ।

ਨਸਰੱਲਾ ਦਾ ਪ੍ਰਭਾਵ ਫ਼ੌਜ ਉੱਪਰ ਵੀ ਹੈ। ਉਸਦੀ ਅਗਵਾਈ ਵਿੱਚ, ਹਿਜ਼ਬੁੱਲਾ ਲਿਬਨਾਨ ਦੀ ਰਾਜਨੀਤੀ ਵਿੱਚ ਇੱਕ ਪ੍ਰਮੁੱਖ ਖਿਡਾਰੀ ਬਣ ਗਿਆ ਸੀ। 1992 ਤੋਂ ਲਿਬਨਾਨ ਦੀਆਂ ਸੰਸਦੀ ਚੋਣਾਂ ਵਿੱਚ ਇਸਦੀ ਭਾਗੀਦਾਰੀ ਨੇ ਇਸਦੀ ਰਾਜਨੀਤਿਕ ਸਥਿਤੀ ਨੂੰ ਮਜ਼ਬੂਤ ਕੀਤਾ ਸੀ। ਨਸਰੱਲਾ ਨੂੰ ਲਿਬਨਾਨ ਦੇ ਸ਼ੀਆ ਭਾਈਚਾਰੇ ਵਿੱਚ ਬਹੁਤ ਅਹਿਮ ਮੰਨਿਆ ਜਾਂਦਾ ਸੀ। ਉਸ ਦੀ ਅਗਵਾਈ ਵਿੱਚ ਹਿਜ਼ਬੁੱਲਾ ਵੀ ਇਜ਼ਰਾਈਲ ਨਾਲ ਲਗਾਤਾਰ ਸੰਘਰਸ਼ ਵਿੱਚ ਰਿਹਾ ਸੀ। ਇਜਰਾਈਲ ਨਾਲ ਟਕਰਾਅ ਕਾਰਨ ਉਸਦੇ ਸਮਰਥਕਾਂ ਵਿੱਚ ਨਸਰੁੱਲਾ ਦੀ ਪ੍ਰਸਿੱਧੀ ਨੂੰ ਵਧਾ ਦਿੱਤਾ ਸੀ, ਖਾਸ ਤੌਰ 'ਤੇ ਉਨ੍ਹਾਂ ਲੋਕਾਂ ਵਿੱਚ ਜੋ ਹਿਜ਼ਬੁੱਲਾ ਨੂੰ ਇਜ਼ਰਾਈਲੀ ਕਬਜ਼ੇ ਦੇ ਵਿਰੁੱਧ ਨਾਇਕ ਦੇ ਪ੍ਰਤੀਕ ਵਜੋਂ ਦੇਖਦੇ ਸਨ।

***

## ਪੰਜਾਬ 'ਚ ਕਾਂਗਰਸ ਛੱਡਣ ਵਾਲੇ ਆਗੂ

ਭੂਮਿਕਾ ਤੈਅ ਨਹੀਂ ਹੈ। ਉਹ ਕਾਂਗਰਸ ਦੀ ਟਿਕਟ 'ਤੇ ਦੋ ਵਾਰ ਚੋਣ ਲੜ ਚੁੱਕੇ ਹਨ। ਇਸ ਲਈ ਭਾਵੇਂ ਕੈਪਟਨ ਪਰਿਵਾਰ ਹੋਵੇ ਜਾਂ ਜਾਖੜ ਪਰਿਵਾਰ, ਹਰ ਕੋਈ ਭਾਜਪਾ ਵਿੱਚ ਆਪਣੀ ਸਥਿਤੀ ਨੂੰ ਲੈ ਕੇ ਦੁਚਿੱਤੀ ਵਿੱਚ ਹੈ ਅਤੇ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਪੁਜੀਸ਼ਨ ਬਣਾਉਣ ਦੀ ਕੋਸ਼ਿਸ਼ ਵਿੱਚ ਹੈ। ਪੰਜਾਬ ਭਾਜਪਾ ਦੇ ਆਗੂ ਵੀ ਕਾਂਗਰਸ ਤੋਂ ਆਏ ਲੀਡਰਾਂ ਨੂੰ ਪਸੰਦ ਨਹੀਂ ਕਰ ਰਹੇ।

ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਮੁੱਖ ਨੇਤਾ ਦਲ ਬਦਲੀ ਕਰ ਕੇ ਗਏ ਨੇਤਾਵਾਂ ਨੂੰ ਕਾਂਗਰਸ ਵਿੱਚ ਲੈਣ ਨੂੰ ਤਿਆਰ ਨਹੀਂ। ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ,ਰਾਜਾ ਵੜਿੰਗ ਪਹਿਲਾਂ ਹੀ ਇਹ ਬਿਆਨ ਦੇ ਚੁਕੇ ਹਨ।

ਹਰਿਆਣਾ ਚੋਣਾਂ ਤੋਂ ਬਾਅਦ ਜਾਖੜ 'ਤੇ ਫ਼ੈਸਲਾ ਲਵੇਗੀ ਭਾਜਪਾ

ਭਾਰਤੀ ਜਨਤਾ ਪਾਰਟੀ ਹੁਣ ਹਰਿਆਣਾ ਤੇ ਜੰਮੂ-ਕਸ਼ਮੀਰ ਚੋਣਾਂ ਤੋਂ ਬਾਅਦ ਪਾਰਟੀ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਦੇ ਅਸਤੀਫ਼ੇ ਦੀ ਪੇਸ਼ਕਸ਼ 'ਤੇ ਫ਼ੈਸਲਾ ਲਵੇਗੀ। ਇਨ੍ਹੀਂ ਦਿਨੀਂ ਪਾਰਟੀ ਹਾਈਕਮਾਂਡ ਦਾ ਧਿਆਨ ਇਨ੍ਹਾਂ ਦੋਵਾਂ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵੱਲ ਹੈ। ਹਾਲਾਂਕਿ ਪਾਰਟੀ ਜਾਖੜ ਦੇ ਅਸਤੀਫ਼ੇ ਦੀ ਪੇਸ਼ਕਸ਼ ਬਾਰੇ ਜਲਦਬਾਜ਼ੀ ਵਿੱਚ ਕੋਈ ਫ਼ੈਸਲਾ ਨਹੀਂ ਲੈਣਾ ਚਾਹੁੰਦੀ। ਕਿਉਂਕਿ ਭਾਜਪਾ ਨੇ ਕਿਸੇ ਹੋਰ ਪਾਰਟੀ ਦੇ ਆਗੂ ਨੂੰ ਜਥੇਬੰਦੀ ਵਿੱਚ ਸੂਬੇ ਦੀ ਜ਼ਿੰਮੇਵਾਰੀ ਸੌਂਪ ਕੇ ਜਾਖੜ 'ਤੇ ਤਜਰਬਾ ਕੀਤਾ ਸੀ।

ਪਾਰਟੀ ਜਾਖੜ ਨੂੰ ਲੈ ਕੇ ਵੀ ਦੁਚਿੱਤੀ ਵਿੱਚ ਹੈ ਕਿਉਂਕਿ ਜੇਕਰ ਉਹ ਉਨ੍ਹਾਂ ਦਾ 'ਅਸਤੀਫ਼ਾ' ਸਵੀਕਾਰ ਕਰ ਲੈਂਦੀ ਹੈ ਤਾਂ ਇਸ ਦਾ ਅਸਰ ਭਾਜਪਾ ਦੇ ਪੰਜਾਬ ਵਿੱਚ ਇਕੱਲਿਆਂ ਚੱਲਣ ਦੇ ਫ਼ੈਸਲੇ 'ਤੇ ਪਵੇਗਾ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਹੋਣ ਕਾਰਨ ਭਾਜਪਾ ਸਿਰਫ਼ 23 ਸੀਟਾਂ 'ਤੇ ਹੀ ਚੋਣ ਲੜਦੀ ਰਹੀ। ਜਿਸ ਕਾਰਨ ਭਾਜਪਾ ਦਾ ਪੂਰੇ ਪੰਜਾਬ ਵਿੱਚ ਵਿਸਥਾਰ ਨਹੀਂ ਹੋ ਸਕਿਆ, ਖ਼ਾਸ ਕਰ ਕੇ ਪੇਂਡੂ ਖੇਤਰਾਂ ਵਿੱਚ। ਭਾਜਪਾ ਨੇ ਲੋਕ ਸਭਾ ਚੋਣਾਂ ਵਿੱਚ ਸ਼ਾਮਲ ਹੋਣ ਲਈ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਨਾਲ ਮਿਲਾਇਆ। ਅਜਿਹੇ ਵਿੱਚ ਜੇਕਰ ਭਾਜਪਾ ਜਾਖੜ ਦੇ ਪ੍ਰਸਤਾਵ ਨੂੰ ਸਵੀਕਾਰ ਕਰਦੀ ਹੈ ਤਾਂ ਇਸ ਦਾ ਅਸਰ ਦੂਜੀਆਂ ਪਾਰਟੀਆਂ ਤੋਂ ਆਉਣ ਵਾਲੇ ਨੇਤਾਵਾਂ 'ਤੇ ਪਵੇਗਾ। ਉਨ੍ਹਾਂ ਵਿੱਚ ਬੇਭਰੋਸਗੀ ਦੀ ਭਾਵਨਾ ਪੈਦਾ ਹੋਵੇਗੀ। ਇਸ ਦੇ ਨਾਲ ਹੀ ਜੇਕਰ ਪਾਰਟੀ ਜਾਖੜ ਦੇ ਅਸਤੀਫ਼ੇ ਦੇ ਪ੍ਰਸਤਾਵ ਨੂੰ ਰੱਦ ਕਰਦੀ ਹੈ ਤਾਂ ਇਸ ਦਾ ਅਸਰ ਪੰਜਾਬ ਭਾਜਪਾ ਦੇ ਪੁਰਾਣੇ ਆਗੂਆਂ 'ਤੇ ਪਵੇਗਾ। ਕਿਉਂਕਿ ਪੁਰਾਣੇ ਆਗੂ ਖੁੱਲ੍ਹੇਆਮ ਕਹਿ ਰਹੇ ਹਨ ਕਿ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਉਨ੍ਹਾਂ 'ਤੇ ਲਾਇਆ ਗਿਆ ਸੀ। ਇਸ ਕਾਰਨ ਭਾਜਪਾ ਦੂਹਰੇ ਸਿਆਸੀ ਸੰਕਟ ਵਿੱਚ ਫ਼ਸੀ ਹੋਈ ਹੈ। ਪੰਜਾਬ ਦੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਪੰਜਾਬ ਦੇ ਮੁਹਾਵਰੇ ਤੇ ਸਿਆਸਤ ਨੂੰ ਸਮਝਣ ਵਾਲਾ ਕੋਈ ਨੇਤਾ ਨਹੀਂ ਹੈ। ਪਰ ਬਿੱਟੂ ਨੂੰ ਮੰਤਰੀ ਬਣਾਕੇ ਭਾਜਪਾ ਨੇ ਪੰਜਾਬ ਵਿੱਚ ਆਪਣੀ ਸਿਆਸਤ ਵਿਗਾੜ ਲਈ ਹੈ।

***

## ਕੌਮੀ ਇਨਸਾਫ਼ ਮੋਰਚੇ ਦੇ

ਭਾਈ ਪਰਮਜੀਤ ਸਿੰਘ ਭਿਓਰਾ ਨੂੰ ਪੈਰੋਲ (ਛੁੱਟੀ) ਦਿੱਤੀ ਜਾਵੇਗੀ ਅਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਬਾਬਤ ਸੁਪਰੀਮ ਕੋਰਟ ਦੇ ਨੋਟਿਸ ਸਬੰਧੀ ਹਾਂ-ਪੱਖੀ ਰਿਪੋਰਟ ਭੇਜਣਗੇ। ਇਸ ਅਨੁਸਾਰ ਜਥੇਦਾਰ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਭੇਜਣ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ।

ਇਸ ਮੌਕੇ ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ ਨੇ ਪੰਜਾਬ ਸਰਕਾਰ ਨੂੰ ਮਹੀਨੇ ਦਾ ਅਲਟੀਮੇਟਮ ਦਿੰਦੇ ਹੋਏ ਕਿਹਾ ਕਿ ਜੇ ਇਸ ਦੌਰਾਨ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਜਲਦੀ ਹੀ ਵੱਡਾ ਐਕਸ਼ਨ ਉਲੀਕਿਆ ਜਾਵੇਗਾ। ਬੰਦੀ ਸਿੰਘ ਰਿਹਾਈ ਮਾਰਚ ਵਿੱਚ ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਸਣੇ ਵੱਖ-ਵੱਖ ਪੰਥਕ ਆਗੂਆਂ ਬਾਪੂ ਤਰਸੇਮ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਰੇਸ਼ਮ ਸਿੰਘ ਵਡਾਲੀ, ਭਾਈ ਜਸਵਿੰਦਰ ਸਿੰਘ ਰਾਜਪੁਰਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਦਰਸ਼ਨ ਪਾਲ, ਭਾਈ ਇੰਦਰਵੀਰ ਸਿੰਘ, ਵਕੀਲ ਗੁਰਸ਼ਰਨ ਸਿੰਘ ਧਾਲੀਵਾਲ, ਬਾਪੂ ਗੁਰਚਰਨ ਸਿੰਘ, ਭਾਈ ਕਰਨੈਲ ਸਿੰਘ ਪੰਜੋਲੀ ਆਦਿ ਹਾਜ਼ਰ ਸਨ।

***

## ਜੇਕਰ ਟਰੰਪ ਰਾਸ਼ਟਰਪਤੀ ਚੋਣ

ਮਸਕ ਨੇ ਕਿਹਾ, ਇਸ ਤੋਂ ਬਾਅਦ, ਅਮਰੀਕਾ ਇੱਕ-ਪਾਰਟੀ ਰਾਜ ਬਣ ਸਕਦਾ ਹੈ ਅਤੇ ਲੋਕਤੰਤਰ ਖਤਮ ਹੋ ਜਾਵੇਗਾ। ਸਿਰਫ਼ ਚੋਣਾਂ ਡੈਮੋਕ੍ਰੇਟਿਕ ਪਾਰਟੀ ਦੀਆਂ ਪ੍ਰਾਇਮਰੀਆਂ ਹੋਣਗੀਆਂ। 1986 ਦੀ ਮਾਫ਼ੀ ਤੋਂ ਬਾਅਦ ਕਈ ਸਾਲ ਪਹਿਲਾਂ ਕੈਲੀਫ਼ੋਰਨੀਆ ਵਿੱਚ ਅਜਿਹਾ ਹੋ ਚੁੱਕਾ ਹੈ। ਕੈਲੀਫ਼ੋਰਨੀਆ ਨੂੰ ਸਮਾਜਵਾਦ ਤੇ ਦਮ ਘੋਟੂ ਨੀਤੀਆਂ ਤੋਂ ਦੂਰ ਰੱਖਣ ਵਾਲੀ ਇਕੋ ਇੱਕ ਚੀਜ਼ ਹੈ ਕਿ ਕੈਲੀਫ਼ੋਰਨੀਆ ਛੱਡਕੇ ਅਮਰੀਕਾ ਵਿਚ ਰਹਿ ਸਕਦੇ ਹਨ। ਇੱਕ ਵਾਰ ਜਦੋਂ ਪੂਰਾ ਦੇਸ਼ ਇੱਕ ਪਾਰਟੀ ਦੇ ਨਿਯੰਤਰਣ ਵਿੱਚ ਆ ਜਾਵੇਗਾ ਤਾਂ ਕੋਈ ਰਸਤਾ ਨਹੀਂ ਬਚੇਗਾ। ਅਮਰੀਕਾ ਵਿੱਚ ਹਰ ਜਗ੍ਹਾ ਸੈਨ ਫਰੈਂਸਿਸਕੋ ਦੇ ਡਾਊਨਟਾਊਨ ਦੀ ਤਰ੍ਹਾਂ ਹੀ ਡਰਾਉਣਾ ਸੁਪਨਾ ਹੋਵੇਗਾ।

***

## ਕੀ ਪੰਜਾਬ ਵਿੱਚ ਪੰਚਾਇਤਾਂ

'ਆਪ' ਨੇ ਪੰਚਾਇਤੀ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ ਕੁਝ ਥਾਂਵਾਂ 'ਤੇ ਸਰਪੰਚ ਤੇ ਪੰਚ ਦੀ ਚੋਣ ਲਈ ਚੱਲ ਰਹੀ ਖੁੱਲ੍ਹੀ ਨਿਲਾਮੀ ਦਾ ਵਿਰੋਧ ਕੀਤਾ ਹੈ। ਸੀਨੀਅਰ 'ਆਪ' ਆਗੂ ਅਤੇ ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਵਫ਼ਦ ਨੇ ਰਾਜ ਚੋਣ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਤੇ ਗ਼ੈਰ-ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਬਣਦੀ ਕਾਰਵਾਈ ਦੀ ਮੰਗ ਕੀਤੀ।

ਪੰਜਾਬ ਰਾਜ ਚੋਣ ਕਮਿਸ਼ਨ ਨੇ ਪੰਚਾਇਤੀ ਚੋਣਾਂ ਵਿੱਚ ਸਰਪੰਚੀ ਦੇ ਅਹੁਦੇ ਦੀ ਨਿਲਾਮੀ ਦਾ ਸਖ਼ਤ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟ ਤਲਬ ਕਰ ਲਈ ਹੈ। ਚੋਣ ਕਮਿਸ਼ਨ ਦੇ ਹੁਕਮਾਂ 'ਤੇ ਪੰਜਾਬ ਸਰਕਾਰ ਨੇ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਥਾਂ ਪਰਮਵੀਰ ਸਿੰਘ ਨੂੰ ਨਵਾਂ ਡਿਪਟੀ ਕਮਿਸ਼ਨਰ ਤਾਇਨਾਤ ਕੀਤਾ ਗਿਆ ਹੈ। ਪੰਚਾਇਤ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਇਹ ਪਹਿਲੀ ਵੱਡੀ ਕਾਰਵਾਈ ਕੀਤੀ ਗਈ ਹੈ।

ਹਿੰਸਕ ਝੜਪਾਂ ਤੇ ਤਲਖ਼ੀ

ਕਈ ਥਾਂਵਾਂ 'ਤੇ ਪੰਚਾਇਤੀ ਚੋਣਾਂ ਨੂੰ ਲੈ ਕੇ ਹਿੰਸਕ ਘਟਨਾਵਾਂ ਹੋਣ ਦੀ ਵੀ ਸੂਚਨਾ ਹੈ। ਜ਼ੀਰਾ ਵਿੱਚ ਨਾਮਜ਼ਦਗੀ ਪੱਤਰ ਦਾਖਲ ਕਰਨ ਜਾ ਰਹੀਆਂ ਦੋ ਧਿਰਾਂ ਵਿੱਚ ਹਿੰਸਕ ਝੜਪ ਹੋਈ ਹੈ ਜਿਸ ਵਿੱਚ ਸਾਬਕਾ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਜ਼ਖ਼ਮੀ ਹੋਏ ਸਨ। ਗੁਰਦਾਸਪੁਰ ਵਿੱਚ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਤਲਖ਼ੀ ਦਿਖਾਈ ਹੈ। ਇਵੇਂ ਹੀ ਪਟਿਆਲਾ ਦੇ ਭੁੱਨਰਹੇੜੀ ਬਲਾਕ ਵਿੱਚ ਬੀਡੀਪੀਓ ਅਤੇ ਕੁਝ ਲੋਕਾਂ ਦਰਮਿਆਨ ਤਲਖ਼ੀ ਹੋਈ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਸਰਬਸੰਮਤੀ ਨਾਲ ਚੋਣਾਂ ਚੁਣਨ ਵਾਲੇ ਪਿੰਡਾਂ ਨੂੰ 5 ਲੱਖ ਦੇਣ ਦਾ ਐਲਾਨ ਕੀਤਾ ਸੀ ।ਪਰ ਪਿੰਡਾਂ ਵਿੱਚ ਕੁਝ ਹੋਰ ਹੀ ਖੇਡ ਸ਼ੁਰੂ ਹੋ ਗਿਆ।

ਪੰਚਾਇਤੀ ਚੋਣਾਂ ਲਈ ਇਕ ਪਾਸੇ ਜਿੱਥੇ ਸੂਬੇ ਭਰ ਵਿੱਚ ਨਾਮਜ਼ਦਗੀਆਂ ਦਾ ਅਮਲ ਜ਼ੋਰਾਂ 'ਤੇ ਚੱਲ ਰਿਹਾ ਹੈ, ਉੱਥੇ ਦੂਸਰੇ ਪਾਸੇ ਰਾਜ ਦੇ ਬਹੁਤੇ ਪਿੰਡਾਂ 'ਚ ਸਰਬਸੰਮਤੀ ਨਾਲ ਪੰਚਾਇਤਾਂ ਚੁਣਨ ਦਾ ਸਿਲਸਿਲਾ ਵੀ ਲਗਾਤਾਰ ਜਾਰੀ ਹੈ ।ਕਈ ਪਿੰਡਾਂ ਵਿੱਚ ਲੋਕਾਂ ਨੇ ਸਰਪੰਚ ਹੀ ਨਹੀਂ ਸਗੋਂ ਸਮੁੱਚੀ ਪੰਚਾਇਤ ਨੂੰ ਹੀ ਸਰਬਸੰਮਤੀ ਨਾਲ ਚੁਣ ਕੇ ਭਾਈਚਾਰਕ ਸਾਂਝ ਦੀ ਇੱਕ ਨਵੀਂ ਮਿਸਾਲ ਪੇਸ਼ ਕੀਤੀ ਹੈ। ਕਿਹਾ ਜਾ ਰਿਹਾ ਹੈ ਕਿ ਸਰਬਸੰਮਤੀ ਨਾਲ ਹੋਣ ਵਾਲੀ ਪੰਚਾਇਤਾਂ ਦੀ ਚੋਣ ਪਿੰਡਾਂ ਵਿੱਚ ਧੜੇਬੰਦੀ ਨੂੰ ਹੀ ਖਤਮ ਨਹੀਂ ਕਰੇਗੀ, ਬਲਕਿ ਪਿਛਲੇ ਕਰੀਬ ਢਾਈ ਸਾਲਾਂ ਤੋਂ ਰੁਕੇ ਵਿਕਾਸ ਕੰਮਾਂ ਨੂੰ ਵੀ ਗਤੀ ਦੇ ਕੇ ਪਿੰਡਾਂ ਦੀ ਨੁਹਾਰ ਬਦਲਣ ਦੇ ਸਮਰੱਥ ਹੋਵੇਗੀ। ਓਧਰ ਪੰਜਾਬ ਸਰਕਾਰ ਨੇ ਵੀ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਨੂੰ ਉਤਸ਼ਾਹਿਤ ਕਰਨ ਲਈ ਅਜਿਹੀਆਂ ਪੰਚਾਇਤਾਂ ਨੂੰ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ ਪਰ ਰਾਜ ਦੇ ਬਹੁਤੇ ਪਿੰਡਾਂ ਵਿੱਚ ਸਰਬਸੰਮਤੀ ਨਾਲ ਚੁਣੇ ਜਾਣ ਵਾਲੇ ਸਰਪੰਚਾਂ ਵਲੋਂ ਜਿੱਥੇ ਆਪਣੇ ਪੱਧਰ 'ਤੇ ਹੀ ਪਿੰਡਾਂ ਦੇ ਵਿਕਾਸ ਲਈ ਕੋਲੋਂ ਪੈਸੇ ਖ਼ਰਚਣ ਦਾ ਐਲਾਨ ਕੀਤਾ ਜਾ ਰਿਹਾ ਹੈ, ਉੱਥੇ ਕਈ ਪਿੰਡਾਂ ਵਿੱਚ ਤਾਂ ਐਨ. ਆਰ. ਆਈਜ਼ ਵਲੋਂ ਵੀ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ ਜਾ ਰਿਹਾ ਹੈ। ਅਜਿਹੇ ਵਿੱਚ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਦੇ ਦੋਹੀਂ ਹੱਥੀਂ ਲੱਡੂ ਹੈ। ਇੱਕ ਤਾਂ ਸਰਬਸੰਮਤੀ ਨਾਲ ਚੁਣੇ ਜਾਣ ਵਾਲੇ ਸਰਪੰਚ ਤੇ ਪੰਚ ਪੰਚਾਇਤ ਚੋਣਾਂ 'ਤੇ ਹੋਣ ਵਾਲੇ ਵਾਧੂ ਖਰਚੇ ਤੋਂ ਬਚ ਜਾਣਗੇ ਤੇ ਦੂਸਰਾ ਪੰਚਾਇਤ ਬਣਦੇ ਹੀ ਸਰਕਾਰੀ ਤੇ ਗੈਰ ਸਰਕਾਰੀ ਗ੍ਰਾਂਟ ਦੇ ਨਾਲ ਪਿੰਡਾਂ ਵਿੱਚ ਵਿਕਾਸ ਕੰਮ ਸ਼ੁਰੂ ਕਰਵਾਕੇ ਲੋਕਾਂ ਦੀ ਵਾਹੋ ਵਾਹੀ ਖੱਟ ਸਕਣਗੇ ।ਇਸ ਦੌਰਾਨ ਹੁਣ ਤੱਕ ਜਿਹੜੀਆਂ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ, ਉਨ੍ਹਾਂ ਵਿੱਚ ਜ਼ਿਲ੍ਹਾ ਰੋਪੜ ਦੇ ਪਿੰਡ ਦਾਊਦਪੁਰ ਖੁਰਦ ਅਤੇ ਮਾਲੇਵਾਲ, ਪਿੰਡ ਕਲਹੇੜੀ, ਪਿੰਡ ਭੱਟੋਂ, ਪਿੰਡ ਕੋਟਲਾ ਤੇ ਪਿੰਡ ਖੋਖਰਾਂ ਦੀ ਪੰਚਾਇਤ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੈ ।

ਇਸੇ ਤਰ੍ਹਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਬਲਾਕ ਰਮਦਾਸ ਅਧੀਨ ਆਉਂਦੇ ਪਿੰਡ ਬਗਵਾਨਪੁਰ, ਪਿੰਡ ਪੰਡੋਰੀ ਅਤੇ ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਪਿੰਡ ਜੱਜੇ, ਪਿੰਡ ਤੱਲੇ, ਪਿੰਡ ਜੱਟਾਂ ਤੇ ਸਰਹੱਦੀ ਪਿੰਡ ਛੰਨ ਕਲਾਂ ਦੀ ਵੀ ਸਮੁੱਚੀ ਪੰਚਾਇਤ ਸਰਬਸੰਮਤੀ ਨਾਲ ਚੁਣੀ ਗਈ। ਹਾਲਾਂਕਿ ਬਲਾਕ ਰਮਦਾਸ ਦੇ ਹੀ ਪਿੰਡ ਕੋਟਲੀ ਸ਼ਾਹ ਹਬੀਬ 'ਚ ਬੇਸ਼ੱਕ ਸਮੁੱਚੀ ਪੰਚਾਇਤ 'ਤੇ ਸਹਿਮਤੀ ਨਹੀਂ ਬਣ ਸਕੀ ਪਰ ਪਿੰਡ ਵਾਸੀਆਂ ਨੇ ਸਹਿਮਤੀ ਨਾਲ ਪਿੰਡ ਦੇ ਸਰਪੰਚ ਦੀ ਚੋਣ ਕਰ ਲਈ। ਜਦਕਿ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਡੇਹਰਾ ਸਾਹਿਬ ਦੀ ਸਮੁੱਚੀ ਪੰਚਾਇਤ ਵੀ ਪਿੰਡ ਵਾਸੀਆਂ ਨੇ ਗੁਰਦੁਆਰਾ ਸਾਹਿਬ ਵਿਖੇ ਇਕੱਠ ਕਰਕੇ ਸਰਬਸੰਮਤੀ ਨਾਲ ਚੁਣ ਲਈ। ਓਧਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁਸ਼ਹਾਲਪੁਰ ਦੀ ਪੰਚਾਇਤ ਵੀ ਸਰਬਸੰਮਤੀ ਨਾਲ ਚੁਣ ਲਈ ਗਈ। ਜ਼ਿਲ੍ਹਾ ਮੋਗਾ ਵਿੱਚ ਪੈਂਦੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੀ ਗ੍ਰਾਮ ਪੰਚਾਇਤ ਕੋਠੇ ਕਰਤਾਰ ਸਿੰਘ ਸਮਾਧ ਭਾਈ ਦੀ ਚੋਣ ਵੀ ਸਰਬਸੰਮਤੀ ਨਾਲ ਕਰਦੇ ਹੋਏ ਪਿੰਡ ਵਾਸੀਆਂ ਨੇ ਭਾਈਚਾਰਕ ਏਕਤਾ ਦਾ ਸਬੂਤ ਪੇਸ਼ ਕੀਤਾ ।ਇਸੇ ਤਰ੍ਹਾਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪੈਂਦੇ ਹਲਕਾ ਜਲਾਲਾਬਾਦ ਦੇ ਪਿੰਡ ਮੋਹਰ ਸਿੰਘ ਵਾਲਾ ਦੀ ਪੰਚਾਇਤ ਦੀ ਵੀ ਚੋਣ ਸਰਬਸੰਮਤੀ ਨਾਲ ਕੀਤੀ ਗਈ ।ਇਸ ਦੌਰਾਨ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚਮਿੰਡਾ ਦੇ ਲੋਕਾਂ ਨੇ ਵੀ ਆਪਸੀ ਏਕਤਾ ਦੀ ਮਿਸਾਲ ਪੇਸ਼ ਕਰਦੇ ਹੋਏ ਸਮੁੱਚੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ।ਗੁਰਦਾਸਪੁਰ ਜ਼ਿਲ੍ਹੇ ਦੇ ਬਲਾਕ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਮੰਮਣ ਦੇ ਵੀ ਲੋਕਾਂ ਨੇ ਸਰਬਸੰਮਤੀ ਨਾਲ ਗ੍ਰਾਮ ਪੰਚਾਇਤ ਦੀ ਚੋਣ ਪਿਛਲੇ 15 ਸਾਲਾਂ ਤੋਂ ਸਰਬਸੰਮਤੀ ਨਾਲ ਪੰਚਾਇਤ ਚੋਣ ਕਰਨ ਦੀ ਆਪਣੀ ਪਰੰਪਰਾ ਨੂੰ ਕਾਇਮ ਰੱਖਿਆ। ਜ਼ਿਲ੍ਹਾ ਫ਼ਤਿਹਗੜ੍ਹ ਵਿੱਚ ਪੈਂਦੇ ਅਮਲੋਹ ਹਲਕੇ ਦੇ ਪਿੰਡ ਅੰਨੀਆਂ ਵਿਖੇ ਵੀ ਸਮੁੱਚੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸੇ ਤਰ੍ਹਾਂ ਜ਼ਿਲ੍ਹਾ ਪਟਿਆਲਾ ਦੇ ਪਿੰਡ ਕਨਸੂਹਾ ਖੁਰਦ ਵਿਖੇ ਵੀ ਪਿੰਡ ਦੇ ਲੋਕਾਂ ਨੇ 70 ਸਾਲਾਂ ਬਾਅਦ ਇਕੱਠ ਕਰਕੇ ਪਹਿਲੀ ਵਾਰ ਗ੍ਰਾਮ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ।ਜਦਕਿ ਸੰਗਰੂਰ ਜ਼ਿਲ੍ਹੇ ਦੇ ਪਿੰਡ ਅਮਰ ਸਿੰਘ ਵਾਲੀ ਵਿਖੇ ਵੀ ਪਿੰਡ ਵਾਸੀਆਂ ਨੇ ਸਮੁੱਚੀ ਗ੍ਰਾਮ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਚੁਣੀ। ਜ਼ਿਲ੍ਹਾ ਕਪੂਰਥਲਾ ਦੇ ਪਿੰਡ ਨਿਹਾਲਗੜ੍ਹ ਵਿਖੇ ਵੀ ਪਿੰਡ ਦਾ ਸਰਪੰਚ ਸਰਬਸੰਮਤੀ ਨਾਲ ਚੁਣਿਆ ਗਿਆ। ਇਸੇ ਤਰ੍ਹਾਂ ਪਿੰਡ ਸਿੱਧਵਾਂ ਤੇ ਪਿੰਡ ਅਕਾਲਾ ਵਿਖੇ ਵੀ ਪਿੰਡ ਵਾਸੀਆਂ ਨੇ ਇਕੱਠ ਕਰਕੇ ਸਮੁੱਚੀ ਪੰਚਾਇਤ ਨੂੰ ਸਰਬਸੰਮਤੀ ਨਾਲ ਚੁਣ ਲਿਆ। ਜਦੋਂ ਇਹ ਲੋਕ ਆਪਣੇ ਪਿੰਡ ਦੀ ਖੁਸ਼ਹਾਲੀ ਲਈ ਇੱਕ ਮੰਚ 'ਤੇ ਇਕੱਤਰ ਹੋ ਕੇ ਫ਼ੈਸਲਾ ਕਰਨਗੇ ਤਾਂ ਇਹ ਸੁਭਾਵਿਕ ਹੈ ਕਿ ਸਾਰੇ ਫ਼ੈਸਲੇ ਲੋਕਾਂ ਦੀ ਭਲਾਈ ਲਈ ਸਾਰਥਕ ਸਿੱਧ ਹੋਣਗੇ, ਕਿਉਂਕਿ ਚੋਣਾਂ ਜਿੱਤਣ ਵਾਸਤੇ ਵੱਖ-ਵੱਖ ਉਮੀਦਵਾਰਾਂ ਵਲੋਂ ਆਪਣੀ ਹੈਸੀਅਤ ਨਾਲੋਂ ਵਧ ਕੇ ਕੀਤਾ ਜਾਣ ਵਾਲਾ ਬਚਿਆ ਖਰਚ ਆਪਣੇ ਪਿੰਡ ਦੀ ਭਲਾਈ ਲਈ ਖ਼ਰਚਿਆ ਜਾ ਸਕਦਾ ਹੈ। ਜੇਕਰ ਦੇਖਿਆ ਜਾਵੇ ਤਾਂ ਅੱਜ ਪਿੰਡਾਂ ਅੰਦਰ ਸਿਹਤ 'ਤੇ ਸਿੱਖਿਆ ਸਹੂਲਤਾਂ ਦਾ ਜੋ ਹਾਲ ਹੈ, ਕਿਸੇ ਤੋਂ ਛੁਪਿਆ ਨਹੀਂ ਹੈ। ਜੇਕਰ ਇਕਜੁਟ ਹੋ ਕੇ ਪਿੰਡਾਂ ਦੀ ਭਲਾਈ ਲਈ ਕਾਰਜ ਆਰੰਭੇ ਜਾਣ ਤਾਂ ਚੰਗੇ ਨਤੀਜੇ ਮਿਲ ਸਕਦੇ ਹਨ। ਇਨ੍ਹਾਂ ਬੋਲੀਆਂ ਉੱਤੇ ਜੇ ਗ਼ੌਰ ਨਾ ਕੀਤਾ ਗਿਆ ਤਾਂ ਇਹ ਲੋਕਤੰਤਰ ਦੀਆਂ ਨੀਂਹਾਂ ਨੂੰ ਖ਼ੋਰਾ ਲਾਉਣਗੀਆਂ। ਕਾਨੂੰਨ ਦਾ ਸ਼ਾਸਨ ਕਾਇਮ ਰੱਖਣ ਤੇ ਪੰਜਾਬ ਦੀ ਸ਼ਾਸਨ ਪ੍ਰਣਾਲੀ ਵਿੱਚ ਇਸ ਤਰ੍ਹਾਂ ਦੇ ਅਮਲਾਂ ਦੀਆਂ ਜੜ੍ਹਾਂ ਲੱਗਣ ਤੋਂ ਰੋਕਣ ਲਈ ਫ਼ੌਰੀ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

***

## ਜੱਜਾਂ ਦੀ ਕਮੀ ਕਾਰਨ ਨਿਆਂ

ਹਾਈ ਕੋਰਟ ਕੌਲੇਜੀਅਮ ਨੇ ਅਸਲ ਵਿੱਚ 21 ਅਪ੍ਰੈਲ, 2023 ਨੂੰ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਅਤੇ ਰਾਜਪਾਲਾਂ ਦੀ ਸਹਿਮਤੀ ਨਾਲ ਉਨ੍ਹਾਂ ਦੇ ਨਾਮ ਦਾ ਪ੍ਰਸਤਾਵ ਕੀਤਾ ਸੀ। ਇਸ ਦੇ ਬਾਵਜੂਦ ਅਜੇ ਤੱਕ ਨਿਯੁਕਤੀ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ।

ਇੰਨੀ ਵੱਡੀ ਤਾਦਾਦ ਵਿੱਚ ਜੱਜਾਂ ਦੀ ਕਮੀ, ਲੱਖਾਂ ਦੀ ਗਿਣਤੀ ਵਿੱਚ ਕੇਸਾਂ ਦਾ ਸੁਣਵਾਈ ਅਧੀਨ ਹੋਣਾ, ਸਰਕਾਰ ਲਈ ਇਸ ਦਾ ਅਹਿਮ ਹੱਲ ਲੱਭਣਾ, ਇਸ ਦੀ ਨਿਰਪੱਖਤਾ ਤੇ ਅਜ਼ਾਦ ਹੋਂਦ ਨੂੰ ਬਰਕਰਾਰ ਰੱਖਣਾ ਮੁੱਖ ਜ਼ਿੰਮੇਵਾਰੀ ਹੈ ਤਾਂ ਜੋ ਲੋਕਾਂ ਨੂੰ ਆਪਣੀ ਕਨੂੰਨੀ ਪ੍ਰਕਿਰਿਆ ਤੇ ਵਿਸ਼ਵਾਸ ਬਣ ਸਕੇ। ਨਿਆਂਪਾਲਿਕਾ ਦੀ ਅਸਥਿਰਤਾ ਦੇਸ਼ ਦੀ ਸਥਿਰਤਾ 'ਤੇ ਵੀ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦੀ ਹੈ। ਜੱਜਾਂ ਦੀ ਵਰਤਮਾਨ ਗਿਣਤੀ ਮਾਤਰ ਉਨ੍ਹਾਂ ਮੁਕਦਮਿਆਂ ਨੂੰ ਹੀ ਸੁਣ ਸਕਦੀ ਹੈ ਜਿਹੜੇ ਨਵੇਂ ਦਾਇਰ ਹੁੰਦੇ ਹਨ। ਲੰਬਿਤ ਪਏ ਮੁੱਕਦਮਿਆਂ ਦੀ ਸੁਣਵਾਈ ਲਈ ਹੋਰ ਵਧੇਰੇ ਜੱਜਾਂ ਲੋੜੀਂਦੇ ਹਨ। ਇਸ ਸਮੇਂ ਜੱਜਾਂ ਉੱਪਰ ਕੰਮ ਦਾ ਭਾਰੀ ਬੋਝ ਹੈ। ਇਸ ਬੋਝ ਨੂੰ ਵੀ ਹਲਕਾ ਕੀਤਾ ਜਾਣਾ ਚਾਹੀਦਾ ਹੈ।

***

## ਹਰਿਆਣਾ ਦੇ ਚੋਣ ਮੈਦਾਨ 'ਚ ਨਿੱਤਰੇ

ਚੋਣਾਂ ਲੜਨ ਵਾਲੀ ਆਮ ਆਦਮੀ ਪਾਰਟੀ (ਆਪ) ਦੇ 23, ਕਾਂਗਰਸ ਦੇ 17, ਇਨੈਲੋ ਦੇ 9, ਜਨਨਾਇਕ ਜਨਤਾ ਪਾਰਟੀ (ਜੇਜੇਪੀ) ਦੇ 7, ਭਾਜਪਾ ਦੇ 6, ਬਹੁਜਨ ਸਮਾਜ ਪਾਰਟੀ (ਬਸਪਾ) ਦੇ 3 ਅਤੇ 50 ਆਜ਼ਾਦ ਉਮੀਦਵਾਰਾਂ ਵਿਰੁੱਧ ਵੱਖ-ਵੱਖ ਥਾਵਾਂ 'ਤੇ ਪੁਲਿਸ ਕੇਸ ਦਰਜ ਹਨ। ਇਸ 'ਚੋਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਦੋ ਉਮੀਦਵਾਰਾਂ ਵਿਰੁੱਧ ਤਾਂ ਜਬਰ-ਜਨਾਹ ਦੇ ਕੇਸ ਦਰਜ ਹਨ, ਜਦਕਿ 9 ਹੋਰ ਉਮੀਦਵਾਰ ਖ਼ਿਲਾਫ਼ ਔਰਤਾਂ ਨਾਲ ਛੇੜਛਾੜ ਦੇ ਕੇਸ ਦਰਜ ਹਨ। ਇਸ ਤੋਂ ਇਲਾਵਾ 6 ਉਮੀਦਵਾਰਾਂ 'ਤੇ ਕਤਲ ਅਤੇ 8 ਉਮੀਦਵਾਰਾਂ 'ਤੇ ਇਰਾਦਾ ਕਤਲ ਦੇ ਕੇਸ ਦਰਜ ਹਨ। ਜ਼ਿਕਰਯੋਗ ਹੈ ਕਿ ਸਾਲ 2019 ਦੀਆਂ ਵਿਧਾਨ ਸਭਾ ਚੋਣਾਂ ਵਿੱਚ 1138 ਉਮੀਦਵਾਰ ਚੋਣ ਮੈਦਾਨ ਵਿੱਚ ਨਿੱਤਰੇ ਸਨ, ਜਿਨ੍ਹਾਂ 'ਚੋਂ 117 ਉਮੀਦਵਾਰਾਂ 'ਤੇ ਅਪਰਾਧਕ ਕੇਸ ਦਰਜ ਸਨ। ਇਸ ਤਰ੍ਹਾਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ 10 ਫ਼ੀਸਦ ਉਮੀਦਵਾਰ ਦਾਗੀ ਸਨ। ਇਸ ਵਿੱਚ ਕਾਂਗਰਸ ਦੇ 13, ਬਸਪਾ ਦੇ 12, 'ਆਪ' ਦੇ 12, ਜੇਜੇਪੀ ਦੇ 10, ਇਨੈਲੋ ਦੇ 7, ਬਾਜਪਾ ਦੇ 3 ਅਤੇ 29 ਆਜ਼ਾਦ ਉਮੀਦਵਾਰਾਂ ਖ਼ਿਲਾਫ਼ ਕੇਸ ਦਰਜ ਸਨ।

## ਇੱਕ ਦੇਸ਼-ਇੱਕ ਚੋਣ

ਜਦਕਿ ਵਿਰੋਧੀ ਧਿਰ ਦੇ 103 ਸੰਸਦ ਮੈਂਬਰ ਗੈਰਹਾਜ਼ਰ ਵੀ ਰਹਿਣੇ ਚਾਹੀਦੇ ਹਨ। ਇਸ ਤਰ੍ਹਾਂ ਵੋਟਿੰਗ ਮੌਕੇ ਕੇਵਲ 439 ਸੰਸਦ ਮੈਂਬਰ ਲੋਕ ਸਭਾ 'ਚ ਰਹਿ ਜਾਣਗੇ ਤਾਂ ਸਰਕਾਰ ਆਪਣੇ 293 ਸੰਸਦ ਮੈਂਬਰਾਂ ਦੇ ਸਮਰਥਨ ਨਾਲ ਉਕਤ ਬਿੱਲ ਪਾਸ ਕਰਵਾ ਸਕਦੀ ਹੈ।
ਇਸੇ ਤਰਾਂ ਰਾਜ ਸਭਾ 'ਚ ਵੀ ਭਾਜਪਾ ਅਤੇ ਐਨ.ਡੀ.ਏ. ਗੱਠਜੋੜ ਦੀ ਸਥਿਤੀ ਬਹੁਤ ਸੁਖਾਵੀਂ ਨਹੀਂ ਹੈ। ਜੇਕਰ ਨਾਮਜ਼ਦ ਸੰਸਦ ਮੈਂਬਰਾਂ ਨੂੰ ਛੱਡ ਦਿੱਤਾ ਜਾਵੇ ਤਾਂ ਐਨ.ਡੀ.ਏ. ਕੋਲ ਕੇਵਲ 112 ਰਾਜਸਭਾ ਸੰਸਦ ਮੈਂਬਰ ਹਨ, ਜਦਕਿ ਇਸ ਸਮੇਂ ਰਾਜਸਭਾ ਦੇ 237 ਸੰਸਦ ਮੈਂਬਰ ਹਨ। ਸਰਕਾਰ ਕੋਲ ਸਾਧਾਰਨ ਬਹੁਮਤ ਨਾਲੋਂ ਇਕ ਸੰਸਦ ਮੈਂਬਰ ਘੱਟ ਹੈ। ਜੇਕਰ ਸਭ ਨਾਮਜ਼ਦ ਸੰਸਦ ਮੈਂਬਰਾਂ ਦੀਆਂ ਸੀਟਾਂ ਭਰ ਜਾਂਦੀਆਂ ਹਨ ਤੇ ਜੰਮੂ-ਕਸ਼ਮੀਰ ਦੇ 4 ਰਾਜ ਸਭਾ ਸੰਸਦ ਮੈਂਬਰ ਵੀ ਚੁਣ ਕੇ ਆ ਜਾਂਦੇ ਹਨ ਤਾਂ ਬਹੁਮਤ ਦਾ ਅੰਕੜਾ 123 ਹੋ ਜਾਵੇਗਾ, ਜਦਕਿ ਸੰਵਿਧਾਨਕ ਸੋਧ ਲਈ 164 ਰਾਜਸਭਾ ਮੈਂਬਰਾਂ ਦੀ ਜ਼ਰੂਰਤ ਹੋਵੇਗੀ। ਅਜਿਹੀ ਸਥਿਤੀ 'ਚ ਸਰਕਾਰ ਨੂੰ ਜਾਂ ਤਾਂ 164 ਸੰਸਦ ਮੈਂਬਰਾਂ ਦਾ ਪ੍ਰਬੰਧ ਕਰਨਾ ਹੋਵੇਗਾ ਜਾਂ ਵਿਰੋਧੀ ਧਿਰ ਦੇ ਅੱਧੇ ਰਾਜ ਸਭਾ ਮੈਂਬਰਾਂ ਦਾ ਵੋਟਿੰਗ ਸਮੇਂ ਗੈਰਹਾਜ਼ਰ ਰਹਿਣਾ ਜ਼ਰੂਰੀ ਹੈ, ਜੋ ਸੰਭਵ ਨਹੀਂ ਜਾਪਦਾ। ਇਸ ਤਰ੍ਹਾਂ ਇੱਕ ਦੇਸ਼ ਇੱਕ ਚੋਣ ਦਾ ਵਿਚਾਰ ਅਜੇ ਮਹਿਜ਼ ਇੱਕ ਛੁਣਛੁਣਾ ਹੀ ਹੈ।

***

## ਵਾਤਾਵਰਣ ਦੀ ਸੰਭਾਲ ਲਈ

ਕਿਸਾਨ ਵੱਖ-ਵੱਖ ਕੀਟਨਾਸ਼ਕਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਦੇ ਹਨ। ਕੀਟਨਾਸ਼ਕਾਂ ਅਤੇ ਕੀਟਨਾਸ਼ਕਾਂ ਵਿੱਚ ਮੌਜੂਦ ਰਸਾਇਣ ਵਾਤਾਵਰਣ ਵਿੱਚ ਹਾਨੀਕਾਰਕ ਪ੍ਰਦੂਸ਼ਕਾਂ ਨੂੰ ਛੱਡਦੇ ਹਨ। ਇਨ੍ਹਾਂ ਦਾ ਮੁੱਖ ਹਿੱਸਾ ਅਮੋਨੀਆ ਹੈ, ਜੋ ਹਵਾ ਨੂੰ ਬਹੁਤ ਜ਼ਿਆਦਾ ਪ੍ਰਦੂਸ਼ਿਤ ਕਰਦਾ ਹੈ।
ਲਗਾਤਾਰ ਵਧ ਰਹੇ ਟ੍ਰੈਫਿਕ ਨਿਕਾਸ ਅਤੇ ਉਦਯੋਗਿਕ ਨਿਕਾਸ ਕਾਰਨ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਜ਼ਰੂਰੀ ਉਪਾਅ ਕਰਨਾ ਮਹੱਤਵਪੂਰਨ ਹੈ। ਜੇਕਰ ਹੁਣੇ ਹੀ ਹਵਾ ਪ੍ਰਦੂਸ਼ਣ ਦੀ ਸਮੱਸਿਆ ਨੂੰ ਕਾਬੂ ਵਿੱਚ ਨਾ ਰੱਖਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਸਥਿਤੀ ਨਾਲ ਨਜਿੱਠਣਾ ਮੁਸ਼ਕਲ ਹੋ ਜਾਵੇਗਾ। ਸਾਫ਼ ਹਵਾ ਦੀ ਉਪਲਬਧਤਾ ਸੀਮਤ ਹੋਵੇਗੀ। ਇਸ ਲਈ ਹਰੇਕ ਨੂੰ ਪ੍ਰਦੂਸ਼ਣ ਦੀ ਰੋਕਥਾਮ ਦੇ ਵੱਖ-ਵੱਖ ਪਹਿਲੂਆਂ 'ਤੇ ਕੰਮ ਕਰਨ ਦੀ ਲੋੜ ਹੈ। ਜੇ ਨਹੀਂ ਤਾਂ ਸਾਫ਼ ਹਵਾ ਵੀ ਮੁਫ਼ਤ ਵਿੱਚ ਨਹੀਂ ਮਿਲੇਗੀ।

***

## ਪੰਜਾਬ ਦੇ ਮੁਲਾਜ਼ਮਾਂ 'ਚ

ਪੰਜਾਬ ਵਿੱਚ ਨਿਰੰਤਰ ਕਿਸੇ ਨਾ ਕਿਸੇ ਮੁਲਾਜ਼ਮ ਜਥੇਬੰਦੀ ਵੱਲੋਂ ਲਗਾਏ ਜਾ ਧਰਨੇ, ਕੀਤੇ ਜਾ ਰਹੇ ਮੁਜ਼ਾਹਰੇ, ਰੋਸ ਮਾਰਚ, ਭੁੱਖ ਹੜਤਾਲਾਂ ਅਤੇ ਮਰਨ ਵਰਤ ਇਸ ਸਰਕਾਰ ਦੇ ਖੋਖਲੇ ਦਾਅਵਿਆਂ ਤੋਂ ਜਾਣੂੰ ਕਰਵਾਉਂਦੇ ਹਨ।
ਮੁਲਾਜ਼ਮ ਵਰਗ ਕੋਲੋਂ ਲੋਕਤੰਤਰੀ ਅਤੇ ਸ਼ਾਂਤਮਈ ਤਰੀਕੇ ਨਾਲ ਆਪਣਾ ਪੱਖ ਰੱਖਣ ਦਾ ਹੱਕ ਵੀ ਖੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੁੱਖ ਮੰਤਰੀ ਸਾਹਿਬ ਨੇ ਜਿਸ ਹਲਕੇ ਵਿੱਚ ਜਾਂਦੇ ਹਨ, ਉਸ ਹਲਕੇ ਦੇ 50- 60 ਕਿਲੋਮੀਟਰ ਦੇ ਦਾਇਰੇ ਵਿੱਚ ਰਹਿਣ ਵਾਲ੍ਹੇ ਵੱਖ - ਵੱਖ ਜਥੇਬੰਦੀਆਂ ਦੇ ਆਗੂਆਂ ਨੂੰ ਇੱਕ ਦਿਨ ਪਹਿਲਾਂ ਹੀ ਉਹਨਾਂ ਦੇ ਘਰਾਂ, ਸਕੂਲਾਂ ਅਤੇ ਥਾਣਿਆਂ ਵਿੱਚ ਨਜ਼ਰਬੰਦ ਕਰਕੇ ਲੋਕਤੰਤਰ ਦਾ ਘਾਣ ਕੀਤਾ ਜਾਂਦਾ ਹੈ। ਇਹ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ।
ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਮੁਲਾਜ਼ਮ ਆਪਣੀ ਸਿਆਸੀ ਪਛਾਣ ਅਤੇ ਆਪਣਾ ਸਿਆਸੀ ਵਿਹਾਰ ਧਰਮ ਨਿਰਪੱਖ ਅਤੇ ਪੱਖਪਾਤ ਰਹਿਤ ਰੱਖਦੇ ਹਨ । ਜਦੋਂ ਵੀ ਸਰਕਾਰਾਂ ਵਲੋਂ ਉਹਨਾਂ ਦੀ ਗੱਲ ਸੁਣੀ ਨਹੀਂ ਜਾਂਦੀ, ਉਹ ਲੋਕਤੰਤਰੀ ਢੰਗ-ਤਰੀਕਿਆਂ ਨਾਲ ਆਪਣੀ ਗੱਲ ਸਰਕਾਰ ਦੇ ਕੰਨੀ ਪਹੁੰਚਾਉਣ ਦਾ ਯਤਨ ਕਰਦੇ ਹਨ। ਇਹ ਵਰਤਾਰਾ ਆਜ਼ਾਦੀ ਤੋਂ ਬਾਅਦ ਲਗਾਤਾਰ ਕਾਇਮ ਰਿਹਾ ਹੈ। ਮੁਲਾਜ਼ਮ ਵਰਗ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਵੱਡੀ ਪੱਧਰ 'ਤੇ ਸੰਘਰਸ਼ ਕੀਤੇ ਗਏ ਅਤੇ ਸਫ਼ਲਤਾ ਵੀ ਪ੍ਰਾਪਤ ਕੀਤੀ ਗਈ। ਇਹ ਵੀ ਸੱਚ ਹੈ ਕਿ ਇਹ ਮੁਲਾਜ਼ਮ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ।
ਢਾਈ ਸਾਲਾਂ ਦੇ ਮੌਜੂਦਾ ਸਰਕਾਰ ਦੇ ਸਫ਼ਰ ਦੌਰਾਨ, ਸਰਕਾਰ ਅਤੇ ਮੁਲਾਜ਼ਮਾਂ ਦੀਆਂ ਦੂਰੀਆਂ ਦਾ ਵਧਣਾ, ਔਝੜੇ ਰਾਹੀਂ ਪਏ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹੈ। ਆਰਥਿਕ ਤੌਰ 'ਤੇ ਪੰਜਾਬ ਲੜਖੜਾਇਆ ਹੋਇਆ ਹੈ। ਸਿਆਸੀ ਤੌਰ 'ਤੇ ਪੰਜਾਬ ਇੱਕ ਖਿਲਾਅ ਭੋਗ ਰਿਹਾ ਹੈ। ਕੇਂਦਰ ਨਾਲ ਪੰਜਾਬ ਦਾ ਇੱਟ-ਖੜਿਕਾ ਜਾਰੀ ਰਹਿੰਦਾ ਹੈ। ਕੇਂਦਰ ਵਲੋਂ ਗ੍ਰਾਂਟਾਂ ਆਨੇ-ਬਹਾਨੇ ਰੋਕੀਆਂ ਜਾ ਰਹੀਆਂ ਹਨ। ਇਸ ਤੋਂ ਵੀ ਉਪਰ ਪੰਜਾਬ ਦੀ ਵੱਡੀ ਅਫ਼ਸਰਸ਼ਾਹੀ ਉਤੇ ਇਲਜ਼ਾਮ ਲਗਦਾ ਹੈ ਕਿ ਉਹ ਸਰਕਾਰ ਨਾਲ ਇਕਸੁਰ ਨਹੀਂ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੇ ਮੁਲਾਜ਼ਮ ਪੰਜਾਬ ਦੇ ਵਿਕਾਸ, ਚੰਗੇਰੇ ਪੰਜਾਬ ਦੀ ਉਸਾਰੀ ਲਈ ਪੰਜਾਬ ਹਿਤੈਸ਼ੀ ਰੋਲ ਨਿਭਾਉਂਦੇ ਦਿਸਦੇ ਹਨ। ਤਾਂ ਫਿਰ ਉਹਨਾਂ ਨੂੰ ਬਿਨ੍ਹਾਂ ਵਜਾਹ ਪ੍ਰੇਸ਼ਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨਿਆ ਜਾ ਸਕਦਾ।
ਇਹੋ ਜਿਹੇ ਹਾਲਤਾਂ ਵਿੱਚ ਮੁਲਾਜ਼ਮਾਂ ਜੋ ਸਰਕਾਰ ਦੀ ਰੀੜ ਦੀ ਹੱਡੀ ਹਨ, ਉਹਨਾ ਨਾਲ ਸਰਕਾਰ ਨੂੰ ਇਕਸੁਰ ਹੋ ਕੇ ਕੰਮ ਕਰਨ ਦੀ ਲੋੜ ਹੈ। ਅਤੇ ਸਰਕਾਰ ਨੂੰ ਮੁਲਾਜ਼ਮਾਂ ਦੇ ਮੁੱਦਿਆਂ ਉਤੇ ਗੰਭੀਰਤਾ ਨਾਲ ਵਿਚਾਰ ਕਰਕੇ, ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਵੱਲ ਤੁਰਨਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦਾ ਸਰਕਾਰ ਅਤੇ ਮੁਲਾਜ਼ਮਾਂ ਵਿੱਚ ਟਕਰਾਅ ਲੋਕ ਹਿੱਤ ਵਿੱਚ ਨਹੀਂ ਹੈ।

***

## ਪੰਜਾਬ ਹੁਣ ਬਣ ਗਿਆ ਬਿਜਲੀ

ਬੋਝ ਖਪਤਕਾਰਾਂ 'ਤੇ ਪਾਉਣਾ ਵਾਜਿਬ ਨਹੀਂ ਸਮਝਿਆ। ਇਸ ਨੂੰ ਮੁੱਖ ਰੱਖਦੇ ਹੋਏ ਰੈਗੂਲੇਟਰ ਨੇ ਕੁਝਗੀ ਤਾਪ ਘਰ ਤੋਂ ਮਹਿੰਗੀ ਬਿਜਲੀ ਖਰੀਦਣ ਲਈ 262 ਕਰੋੜ ਰੁਪਏ), ਨੈੱਟ ਬੈਂਕਿੰਗ 'ਤੇ 122 ਕਰੋੜ ਰੁਪਏ ਅਤੇ ਟੀ ਐਂਡ ਡੀ ਲਾਸਿਸ ਦੇ ਟੀਚੇ ਨਾ ਪੂਰੇ ਹੋਣ ਦੇ ਕਾਰਨ 385 ਕਰੋੜ ਰੁਪਏ ਦਾ ਜੁਰਮਾਨਾ ਲਾਇਆ। ਜੇਕਰ ਪੰਜਾਬ ਕੋਲ ਆਪਣੀ ਬਿਜਲੀ ਪੂਰੀ ਹੁੰਦੀ ਤਾਂ ਮਹਿੰਗੀ ਬਿਜਲੀ ਖਰੀਦਣ 'ਤੇ ਖਰਚਾ ਨਾ ਕਰਨਾ ਪੈਂਦਾ।
ਖਪਤਕਾਰਾਂ 'ਤੇ ਮੰਦਾ ਪ੍ਰਭਾਵ
ਵਰਨਣਯੋਗ ਹੈ ਕਿ ਮੁੱਖ ਤੌਰ 'ਤੇ ਮਹਿੰਗੀ ਬਿਜਲੀ ਖਰੀਦ ਦੇ ਕਾਰਨ ਸਾਲ 2022-23 ਦੌਰਾਨ ਪੀ.ਐੱਸ.ਪੀ.ਸੀ.ਐੱਲ. ਨੂੰ ਵਿੱਤੀ ਘਾਟਾ ਸਹਿਣਾ ਪਿਆ। ਇਸ ਘਾਟੇ ਕਾਰਨ ਸਾਲ 2024-25 ਦੌਰਾਨ ਬਿਜਲੀ ਦੀਆਂ ਦਰਾਂ 'ਤੇ ਮਾੜਾ ਅਸਰ ਪਿਆ ਹੈ। ਸਾਲ 2024-25 ਲਈ ਬਿਜਲੀ ਦੇ ਦਰ ਨਿਰਧਾਰਿਤ ਕਰਨ ਲਈ 44,239 ਕਰੋੜ ਰੁਪਏ ਖਰਚਾ ਅਨੁਮਾਨਿਤ ਕੀਤਾ ਗਿਆ, ਜਿਸ ਨਾਲ ਇਸ ਸਾਲ ਬਿਜਲੀ ਦੀ ਔਸਤਨ ਦਰ 653 ਪੈਸੇ ਪ੍ਰਤੀ ਯੂਨਿਟ ਬਣਦੀ ਹੈ ਪਰ ਰੈਗੂਲੇਟਰ ਨੇ ਸਾਲ 2022-23 ਦਾ ਪਿਛਲਾ 4,228 ਕਰੋੜ ਬਕਾਇਆ ਮਿਲਾ ਕੇ ਕੁੱਲ ਖਰਚਾ 48,467 ਕਰੋੜ ਰੁਪਏ ਅਨੁਮਾਨਿਤ ਕੀਤਾ ਹੈ, ਜਿਸ ਨਾਲ ਸਾਲ 2024-25 ਦੌਰਾਨ ਬਿਜਲੀ ਦੇ ਦਰ 715 ਪੈਸੇ ਨਿਰਧਾਰਿਤ ਕੀਤੇ ਗਏ ਹਨ। ਮਤਲਬ ਇਹ ਹੈ ਕਿ ਸਾਲ 2024-25 ਦੌਰਾਨ ਸਾਲ 2022-23 ਦੇ ਘਾਟਿਆਂ ਨੂੰ ਪੂਰਾ ਕਰਨ ਲਈ ਪ੍ਰਤੀ ਯੂਨਿਟ ਬਿਜਲੀ 62 ਪੈਸੇ ਪ੍ਰਤੀ ਯੂਨਿਟ ਮਹਿੰਗੀ ਹੋ ਗਈ ਹੈ। ਜੇਕਰ ਬਿਜਲੀ ਦੀ ਘਾਟ ਨਾ ਹੁੰਦੀ ਤਾਂ ਪੰਜਾਬ ਨੂੰ ਮਹਿੰਗੀ ਬਿਜਲੀ ਖਰੀਦ ਨਾ ਕਰਨੀ ਪੈਂਦੀ ਅਤੇ ਸਾਲ 2024-25 ਦੌਰਾਨ ਬਿਜਲੀ ਦੇ ਰੇਟ ਘੱਟ ਤੈਅ ਹੁੰਦੇ। ਇਸ ਦਾ ਲਾਭ ਖਪਤਕਾਰਾਂ ਅਤੇ ਪੰਜਾਬ ਸਰਕਾਰ ਦੋਹਾਂ ਨੂੰ ਮਿਲਦਾ।
ਮਹਿੰਗੀ ਬਿਜਲੀ ਖਰੀਦ ਦਾ ਕਾਰਨ
ਘੋਖਣ ਅਤੇ ਵਿਚਾਰਨ ਦੀ ਲੋੜ ਹੈ ਕਿ ਪੰਜਾਬ ਨੂੰ ਖੜ੍ਹੇ ਪੈਰ ਮਹਿੰਗੀ ਬਿਜਲੀ ਕਿਉਂ ਖਰੀਦਣੀ ਪੈਂਦੀ ਹੈ। ਇਸ ਦਾ ਕਾਰਨ ਹੈ ਕਿ ਪੰਜਾਬ ਕੋਲ ਕੁੱਲ ਤਕਰੀਬਨ 14,700 ਮੈਗਾਵਾਟ ਬਿਜਲੀ ਉਤਪਾਦਨ ਦੀ ਸਮਰੱਥਾ ਹੈ ਜਿਸ ਤੋਂ 12,000-12,500 ਮੈਗਾਵਾਟ ਦੀ ਮੰਗ ਹੀ ਪੂਰੀ ਕੀਤੀ ਜਾ ਸਕਦੀ ਹੈ। ਇਸ ਸਮਰੱਥਾ ਵਿੱਚ ਪਿਛਲੇ ਕਈ ਸਾਲਾਂ ਤੋਂ ਖਾਸ ਵਾਧਾ ਨਹੀਂ ਕੀਤਾ ਗਿਆ ਪਰ ਇਸ ਦੇ ਮੁਕਾਬਲੇ ਬਿਜਲੀ ਦੀ ਮੰਗ ਹਰ ਸਾਲ ਵਧ ਰਹੀ ਹੈ ਜਿਸ ਨਾਲ ਮੰਗ ਅਤੇ ਸਪਲਾਈ ਦਾ ਪਾੜਾ ਵਧ ਰਿਹਾ ਹੈ। ਵੱਧ ਮੰਗ ਪੂਰੀ ਕਰਨ ਲਈ ਪੀ.ਐਸ.ਪੀ.ਸੀ.ਐਲ. ਨੂੰ ਮੰਡੀ ਤੋਂ ਚਲਦੇ ਰੇਟਾਂ 'ਤੇ ਬਿਜਲੀ ਖਰੀਦਣੀ ਪੈਂਦੀ ਹੈ। ਇਸ ਸਾਲ ਮੰਗ 16000 ਮੈਗਾਵਾਟ ਦੇ ਕਰੀਬ ਰਹੀ ਇਸ ਲਈ 2500-3000 ਮੈਗਾਵਾਟ ਬਿਜਲੀ ਦਾ ਪ੍ਰਬੰਧ ਬਿਜਲੀ ਮੰਡੀ ਤੋਂ ਕਰਨਾ ਪਿਆ। ਇਸ ਲਈ ਲੋੜ ਹੈ ਕਿ ਬਿਜਲੀ ਉਤਪਾਦਨ ਸਮਰੱਥਾ ਵਿੱਚ ਵਾਧਾ ਕੀਤਾ ਜਾਵੇ। ਪੰਜਾਬ ਨੇ ਪਿਛਲੇ 10-15 ਸਾਲਾਂ ਤੋਂ ਆਪਣਾ ਕੋਈ ਵੀ ਥਰਮਲ ਪਲਾਂਟ ਨਹੀਂ ਲਗਾਇਆ।
ਪੀ.ਐਸ.ਪੀ.ਸੀ.ਐਲ. ਦੀ ਮੈਨੇਜਮੈਂਟ ਨੇ ਪਿਛਲੇ 8 ਸਾਲਾਂ ਦੌਰਾਨ ਰੋਪੜ ਵਿਖੇ ਸਟੇਟ ਸੈਕਟਰ ਅਧੀਨ ੮੦੦ ਮੈਗਾਵਾਟ ਦਾ ਸੁਪਰਕ੍ਰੀਟੀਕਲ ਤਕਨਾਲੋਜੀ ਦਾ ਥਰਮਲ ਪਲਾਂਟ ਸਥਾਪਿਤ ਕਰਨ ਲਈ ਵੀ ਕੋਈ ਕਦਮ ਨਹੀਂ ਚੁੱਕਿਆ। ਤਕਨੀਕੀ ਮੈਨੇਜਮੈਂਟ ਤੋਂ ਇਹ ਆਸ ਨਹੀਂ ਸੀ। ਪੰਜਾਬ ਨੂੰ ਆਪਣੇ ਗੁਆਂਢੀ ਸੂਬਿਆਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਹਰਿਆਣਾ ਯਮੁਨਾਨਗਰ ਵਿਖੇ ਸਟੇਟ ਸੈਕਟਰ ਅਧੀਨ 800 ਮੈਗਾਵਾਟ ਦਾ ਯੂਨਿਟ ਸਥਾਪਿਤ ਕਰ ਰਿਹਾ ਹੈ। ਇਸ ਸਾਲ ਵੀ ਐਨ.ਆਰ.ਐੱਲ.ਡੀ.ਸੀ. ਦੇ ਅੰਕੜੇ ਦਰਸਾਉਂਦੇਹਨ ਕਿ ਪੰਜਾਬ ਨੇ ਹਰਿਆਣਾ ਅਤੇ ਯੂ.ਪੀ. ਦੇ ਮੁਕਾਬਲੇ ਵੱਧ ਮਾਤਰਾ ਅਤੇ ਵੱਧ ਰੇਟਾਂ ਤੇ ਬਿਜਲੀ ਦੀ ਖਰੀਦ ਕੀਤੀ ਹੈ। ਬਿਜਲੀ ਦੀ ਘਾਟ ਕਾਰਨ ਪੰਜਾਬ ਨੂੰ ਆਉਣ ਵਾਲੇ ਭਵਿੱਖ ਵਿਚ ਵੀ ਵਧੇਰੇ ਮਾਤਰਾ ਵਿੱਚ ਮਹਿੰਗੀ ਬਿਜਲੀ ਖਰੀਦਣੀ ਪੈ ਸਕਦੀ ਹੈ। ਇਸ ਲਈ ਆਪਣੀ ਬਿਜਲੀ ਉਤਪਾਦਨ ਸਮਰੱਥਾ ਵਧਾਉਣ ਲਈ ਪੁਖਤਾ ਕਦਮ ਚੁੱਕੇ ਜਾਣ ਦੀ ਸਖ਼ਤ ਜ਼ਰੂਰਤ ਹੈ।

***

## ਪੰਚ ਪ੍ਰਧਾਨੀ ਦਾ ਮੁੱਢ ਬੰਨ੍ਹਣ

ਗ੍ਰਾਮ ਸਭਾ ਇੱਕ ਤਰ੍ਹਾਂ ਨਾਲ ਪਿੰਡ ਦੀ ਵਿਧਾਨ ਸਭਾ ਜਾਂ ਪਾਰਲੀਮੈਂਟ ਦੀ ਤਰ੍ਹਾਂ ਹੈ ਜਿਹੜੀ ਪੰਚਾਇਤ/ ਸਰਪੰਚ ਦੇ ਕੰਮਾਂ 'ਤੇ ਨਿਗਰਾਨ ਦਾ ਕੰਮ ਕਰਦੀ ਹੈ। ਕੇਂਦਰ ਜਾਂ ਰਾਜ ਸਰਕਾਰ ਦੀ ਹਰ ਸਕੀਮ ਦੇ ਲਾਭਪਾਤਰੀਆਂ ਦੀ ਨਿਸ਼ਾਨਦੇਹੀ ਗ੍ਰਾਮ ਸਭਾ ਰਾਹੀਂ ਕੀਤੀ ਜਾਂਦੀ ਹੈ। ਸਾਲ 'ਚ ਦੋ ਵਾਰ ਗ੍ਰਾਮ ਸਭਾ ਦਾ ਇਜਲਾਸ ਬੁਲਾਇਆ ਜਾਣਾ ਜ਼ਰੂਰੀ ਹੁੰਦਾ ਹੈ।
ਗ੍ਰਾਮ ਸਭਾ ਦੇ ਜਨਰਲ ਇਜਲਾਸ 'ਚ ਪੰਚਾਇਤ ਸਕੱਤਰ ਸਰਕਾਰੀ ਨੁਮਾਇੰਦੇ ਦੇ ਤੌਰ 'ਤੇ ਬੈਠਦਾ ਹੈ ਤੇ ਸਰਪੰਚ (ਸਰਪੰਚ ਦੀ ਗ਼ੈਰ-ਹਾਜ਼ਰੀ ਵਿੱਚ ਸੀਨੀਅਰ ਪੰਚਾਇਤ ਮੈਂਬਰ) ਇਜਲਾਸ ਦੀ ਪ੍ਰਧਾਨਗੀ ਕਰਦਾ ਹੈ। ਜੇ ਸਰਪੰਚ ਗ੍ਰਾਮ ਸਭਾ ਦਾ ਇਜਲਾਸ ਬੁਲਾਉਣ ਤੋਂ ਨਾਂਹ ਕਰੇ ਤਾਂ ਗ੍ਰਾਮ ਸਭਾ ਦੇ 20% ਤੋਂ ਵੱਧ ਮੈਂਬਰ, ਸਰਕਾਰ ਦੇ ਦਖ਼ਲ ਨਾਲ ਸਰਪੰਚ ਨੂੰ ਇਜਲਾਸ ਬੁਲਾਉਣ ਲਈ ਮਜਬੂਰ ਵੀ ਕਰ ਸਕਦੇ ਹਨ।
ਜ਼ਿਆਦਾਤਰ ਅਜਿਹੇ ਇਜਲਾਸ ਸਿਰਫ਼ ਖ਼ਾਨਾਪੂਰਤੀ ਲਈ ਹੀ ਕੀਤੇ ਜਾਂਦੇ ਹਨ। ਪਿਛਲੇ ਮਹੀਨੇ ਪੰਜਾਬ ਵਿਧਾਨ ਸਭਾ 'ਚ ਲਿਆਂਦੇ ਗਏ ਪੰਚਾਇਤ ਸੋਧ ਬਿੱਲ ਰਾਹੀਂ ਇਹ ਸੋਧ ਕੀਤੀ ਗਈ ਹੈ ਕਿ ਪੰਚਾਇਤੀ ਚੋਣਾਂ 'ਚੋਂ ਧੜੇਬੰਦੀ ਨੂੰ ਖ਼ਤਮ ਕਰਨ ਲਈ ਇਹ ਚੋਣਾਂ ਬਿਨਾਂ ਕਿਸੇ ਸਿਆਸੀ ਪਾਰਟੀ ਦੇ ਚਿੰਨ੍ਹ ਦੇ ਲੜੀਆਂ ਜਾਣਗੀਆਂ। ਮੁੱਖ ਮੰਤਰੀ ਭਗਵੰਤ ਮਾਨ ਨੇ ਸਰਬਸੰਮਤੀ ਨਾਲ ਚੁਣੀ ਜਾਣ ਵਾਲੀ ਪੰਚਾਇਤ ਨੂੰ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਪੰਚਾਇਤਾਂ ਨੂੰ ਆਰਥਿਕ ਪੱਖੋਂ ਸਮਰੱਥ ਬਣਾਉਣਾ ਤੇ ਵੱਧ ਅਧਿਕਾਰ ਦਿੱਤੇ ਜਾਣੇ ਸਮੇਂ ਦੀ ਲੋੜ ਹੈ। ਕੁਝ ਕੁ ਸੋਧਾਂ ਨਾਲ ਪੰਚਾਇਤੀ ਰਾਜ ਨੂੰ ਹੋਰ ਅਸਰਦਾਰ ਬਣਾਇਆ ਜਾਣਾ ਚਾਹੀਦਾ ਹੈ।

***

## ਜੰਗੀ ਅਪਰਾਧਾਂ 'ਤੇ ਉਤਰਿਆ

ਸੰਨ 1996 ਤੋਂ ਪਤਾ ਹੈ ਜਦੋਂ ਬੂਬੀ ਟਰੈਪ ਰਾਹੀਂ ਗਾਜ਼ਾ ਅੰਦਰ ਘਰ ਵਿੱਚ ਇਜ਼ਰਾਈਲ ਨੇ ਹਮਾਸ ਲਈ ਬੰਬ ਬਣਾਉਣ ਵਾਲਾ ਸ਼ਖ਼ਸ ਯਾਹੀਆ ਅਯਾਸ਼ ਮਾਰਿਆ ਸੀ।
ਹਿਜ਼ਬੁੱਲਾ ਲੜਾਕੂ ਸੰਗਠਨ ਸੰਨ 1982 ਵਿੱਚ ਇਜ਼ਰਾਈਲੀ ਹਮਲੇ ਦੇ ਮੁਕਾਬਲੇ ਲਈ ਗਠਿਤ ਕੀਤਾ ਗਿਆ ਸੀ। ਇਸ ਨੂੰ ਇਰਾਨ, ਹਾਊਥੀ ਲੜਾਕੂਆਂ ਅਤੇ ਹਮਾਸ ਦੀ ਹਮਾਇਤ ਹਾਸਲ ਹੈ। ਸੰਨ 1985 ਵਿੱਚ ਇਸ ਨੇ ਵਿਧੀਵਤ ਤੌਰ 'ਤੇ ਆਪਣਾ ਮੈਨੀਫੈਸਟੋ ਜਾਰੀ ਕੀਤਾ। ਇਸ ਕੋਲ ਇਸ ਵੇਲੇ ਇਕ ਲੱਖ ਲੜਾਕੂ ਮੌਜੂਦ ਹਨ। ਇਸ ਦਾ ਗੁਪਤਚਰ ਵਿਭਾਗ ਇਸ ਦੀ ਸਥਾਪਨਾ ਤੋਂ ਬਾਅਦ ਪਹਿਲੀ ਵਾਰ ਇਜ਼ਰਾਈਲੀ ਬੂਬੀ ਟਰੈਪ ਹਮਲੇ ਦੀ ਜਾਣਕਾਰੀ ਪ੍ਰਾਪਤ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ। ਇਸ ਵੱਲੋਂ ਤਾਇਵਾਨੀ ਕੰਪਨੀ ਗੋਲਡ ਅਪੋਲੋ ਵੱਲੋਂ ਮੰਗਵਾਏ 5000 ਪੇਜਰ, ਵਾਕੀ-ਟਾਕੀ ਅਤੇ ਹੈਂਡ ਸੈੱਟ ਦੀ ਜਾਣਕਾਰੀ ਖ਼ੁਫ਼ੀਆ ਤੌਰ 'ਤੇ ਇਜ਼ਰਾਈਲ ਨੇ ਪ੍ਰਾਪਤ ਕਰ ਲਈ ਅਤੇ ਇਹ ਵੀ ਕਿ ਇਨ੍ਹਾਂ ਵਿੱਚ ਤਿੰਨ ਗ੍ਰਾਮ ਵਿਸਫ਼ੋਟਕ ਪਦਾਰਥ ਫ਼ਿੱਟ ਹੈ। ਤਾਹੀਓਂ ਏਡੇ ਵੱਡੇ ਪੱਧਰ 'ਤੇ ਉਹ ਕਾਰਵਾਈ ਕਰਨ ਵਿੱਚ ਸਫ਼ਲ ਹੋਇਆ। ਹੈਰਾਨ ਕਰਨ ਵਾਲੀ ਚਿੰਤਾਜਨਕ ਗੱਲ ਇਹ ਵੀ ਹੈ ਕਿ ਇਜ਼ਰਾਈਲੀ ਸਾਬਕਾ ਉਪ ਸੁਰੱਖਿਆ ਸਲਾਹਕਾਰ ਚੱਕ ਫ਼ਰੀਲਿਚ ਦਾ ਕਹਿਣਾ ਹੈ ਕਿ ਇਹ ਤਾਂ ਇੱਕ ਸ਼ੁਰੂਆਤ ਹੈ, ਉਨ੍ਹਾਂ ਕੋਲ 100 ਕਿਸਮ ਦੇ ਅਜਿਹੇ ਹਮਲਿਆਂ ਦਾ ਪ੍ਰਬੰਧ ਹੈ। ਸਮੁੱਚੇ ਵਿਸ਼ਵ ਭਾਈਚਾਰੇ, ਅਮਰੀਕਾ ਸਮੇਤ ਸਰਮਾਏਦਾਰ ਦੇਸ਼ਾਂ ਅਤੇ ਇਨ੍ਹਾਂ ਦੀ ਰਖੇਲ ਯੂਐੱਨ ਸੰਸਥਾ ਨੂੰ ਇਜ਼ਰਾਈਲ ਦੀ ਮਾਰੂ ਅਪਰਾਧਕ ਜੰਗ ਤੇ ਵਿਸ਼ਵ ਨੂੰ ਕਿਸੇ ਵੱਡੀ ਭਿਆਨਕ ਜੰਗ ਵਿੱਚ ਝੋਕਣ ਪ੍ਰਤੀ ਮੂਕਦਰਸ਼ਕ ਨਹੀਂ ਬਣਨਾ ਚਾਹੀਦਾ ਬਲਕਿ ਤਕੜੀ ਕਾਰਵਾਈ ਅੰਜਾਮ ਦਿੰਦੇ ਹੋਏ ਪੱਕੇ ਪੈਰੀਂ ਰੋਕਣਾ ਚਾਹੀਦਾ ਹੈ।

***

## ਨਿਊਯਾਰਕ ਦੇ ਮੇਅਰ ਵਿਰੁੱਧ

ਮੈਂ ਨਿਊਯਾਰਕ ਵਾਸੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਮੇਰੇ ਵੱਲੋਂ ਮਾਮਲੇ 'ਤੇ ਰੱਖੇ ਜਾਣ ਵਾਲੇ ਪੱਖ ਨੂੰ ਜ਼ਰੂਰ ਸੁਣਨ। ਇਥੇ ਜ਼ਿਕਰਯੋਗ ਹੈ ਕਿ ਸੰਘੀ ਅਧਿਕਾਰੀਆਂ ਨੇ ਪਿਛਲੇ ਮਹੀਨਿਆਂ ਦੌਰਾਨ ਉਸ ਦਾ ਫ਼ੋਨ ਜ਼ਬਤ ਕਰ ਲਿਆ ਸੀ ਤੇ ਉਸ ਦੀ ਫ਼ੰਡ ਜੁਟਾਉਣ ਲਈ ਮੁਹਿੰਮ ਨਾਲ ਜੁੜੇ ਲੋਕਾਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਸੀ।

***

## ਅਕਾਲ ਤਖ਼ਤ ਸਾਹਿਬ ਦੀਆਂ

ਦੋ ਮਹੀਨੇ ਪਹਿਲਾਂ, ਜਦੋਂ ਮੈਂ ਉਨ੍ਹਾਂ ਦੇ ਨਾਲ ਸੀ, ਸਭ ਠੀਕ ਸੀ।
ਜੇ ਤੁਸੀਂ ਮੈਨੂੰ ਦੋਸ਼ੀ ਮੰਨਦੇ ਹੋ ਤਾਂ ਮੈਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਿਉਂ ਬਣਾਇਆ ? ਬੀਬੀ ਜਗੀਰ ਕੌਰ ਨੇ ਪੁੱਛਿਆ, ਮੈਨੂੰ ਦੱਸਿਆ ਜਾਵੇ ਕਿਹੜੀ ਜਥੇਬੰਦੀਆਂ ਨੇ ਮੇਰੀ ਸ਼ਿਕਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ 24 ਸਾਲ ਦੇ ਅੰਦਰ ਮੈਂ ਕਿੰਨੀ ਵਾਰ ਚੋਣਾਂ ਲੜੀਆਂ ਹਨ ਕਿੰਨੀ ਵਾਰ ਸਿੰਘ ਸਾਹਿਬ ਚੋਣਾਂ ਵਿੱਚ ਬੈਠੇ ਹਨ ਅੱਜ ਉਨ੍ਹਾਂ ਨੂੰ ਯਾਦ ਆਇਆ ਹੈ, ਮੈਂ ਕਿਹੜਾ ਬੁਰਕਾ ਪਾਕੇ ਜਾਂਦੀ ਸੀ। ਤੁਸੀਂ ਮੈਨੂੰ ਵਿਧਾਨ ਸਭਾ ਅਤੇ ਸੰਸਦੀ ਚੋਣਾਂ ਵਿੱਚ ਕਿਉਂ ਉਤਾਰਿਆ ? ਕੀ ਉਨ੍ਹਾਂ ਕੋਲ ਮੇਰੇ 'ਤੇ ਲਗਾਏ ਗਏ ਦੋਸ਼ਾਂ ਬਾਰੇ ਮੇਰੇ ਵਿਰੁੱਧ ਕੋਈ ਸਬੂਤ ਹੈ ?
ਉਸਨੇ ਕਿਹਾ ਕਿ ਉਨ੍ਹਾਂ (ਬਾਦਲ ਕੈਂਪ) ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀਆਂ ਚੋਣਾਂ ਤੋਂ ਪਹਿਲਾਂ ਮੈਨੂੰ ਬਦਨਾਮ ਕਰਨ ਲਈ ਮੇਰੇ ਵਿਰੁੱਧ ਇਹ ਸ਼ਿਕਾਇਤ ਕੀਤੀ ਹੈ ਤਾਂ ਜੋ ਮੈਂ ਉਨ੍ਹਾਂ ਨੂੰ ਚੁਣੌਤੀ ਨਾ ਦੇ ਸਕਾਂ। ਪਰ ਉਹ ਇਨ੍ਹਾਂ ਘਟੀਆ ਚਾਲਾਂ ਵਿੱਚ ਸਫ਼ਲ ਨਹੀਂ ਹੋਣਗੇ ਸਿੱਖ ਪੰਥ ਦੇ ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਜਥੇਦਾਰ ਅਕਾਲ ਤਖ਼ਤ ਨੂੰ ਅਜਿਹੇ ਝੂਠੇ ਮੁੱਦੇ ਤਿਆਗਕੇ ਪੰਥਕ ਕੇਸ ਉਪਰ ਕਾਰਵਾਈ ਕਰਨੀ ਚਾਹੀਦੀ ਹੈ, ਗੁਨਾਹਗਾਰ ਅਕਾਲੀ ਲੀਡਰਸ਼ਿਪ ਨੂੰ ਸਖ਼ਤ ਰਾਜਨੀਤਕ ਸਜ਼ਾ ਦੇਣੀ ਚਾਹੀਦੀ ਹੈ ਜਿਸ ਕਾਰਨ ਅਕਾਲੀ ਦਲ ਦੀ ਸਿਆਸੀ ਨਸਲਕੁਸ਼ੀ ਹੋਈ ਤੇ ਸਿੱਖ ਪੰਥ ਨਾਲ ਧ੍ਰੋਹ ਕਮਾਇਆ ਗਿਆ। ਇਸ ਵਿੱਚ ਬਾਦਲ ਪਰਿਵਾਰ ਹੀ ਨਹੀਂ, ਗਿਆਨੀ ਗੁਰਬਚਨ ਸਿੰਘ, ਗੁਰਮੁਖ ਸਿੰਘ, ਇਕਬਾਲ ਸਿੰਘ ਵੀ ਦੋਸ਼ੀ ਹਨ। ਇਨ੍ਹਾਂ ਨੂੰ ਹਾਲੇ ਤਕ ਅਕਾਲ ਤਖ਼ਤ ਸਾਹਿਬ ਤਲਬ ਕਿਉਂ ਨਹੀਂ ਕੀਤਾ ਗਿਆ। ਇਸ ਕੇਸ ਨੂੰ ਹੱਲ ਕਰਨ ਵਿੱਚ ਦੇਰੀ ਕਿਉਂ ? ਕਿਉਂ ਨਹੀਂ ਪ੍ਰਕਾਸ਼ ਸਿੰਘ ਬਾਦਲ ਨੂੰ ਫ਼ਖ਼ਰੇ ਕੌਮ ਅਵਾਰਡ ਜੋ ਅਕਾਲ ਤਖ਼ਤ ਸਾਹਿਬ ਵਲੋਂ ਦਿੱਤਾ ਗਿਆ, ਵਾਪਸ ਲਿਆ ਜਾ ਰਿਹਾ। ਜਦ ਕਿ ਇਸ ਸਬੰਧ ਵਿੱਚ ਆਪ ਜੀ ਕੋਲ ਕਾਰਵਾਈ ਲਈ ਅਰਜ਼ੀਆਂ ਭੇਜੀਆਂ ਜਾ ਚੁੱਕੀਆਂ ਹਨ। ਕਿਉਂ ਨਹੀਂ ਇਸ ਬਾਰੇ ਨੁਮਾਇੰਦਾ ਪੰਥਕ ਇਕੱਠ ਬੁਲਾਕੇ ਪੰਥਕ ਫ਼ੈਸਲੇ ਕਿਉਂ ਨਹੀਂ ਕੀਤੇ ਜਾ ਰਹੇ।
ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਨੇ ਜਥੇਦਾਰ ਅਕਾਲ ਤਖ਼ਤ ਨੂੰ ਅਪੀਲ ਕਰਦਿਆਂ ਕਿਹਾ ਕਿ ਜਥੇਦਾਰ ਜੀ ਜਾਂ ਸੁਖਬੀਰ ਸਿੰਘ ਬਾਦਲ ਤੇ ਗੁਨਾਹਗਾਰ ਲੀਡਰਸ਼ਿਪ ਬਚਾ ਲਵੋ ਜਾਂ ਪੰਥਕ ਪਰੰਪਰਾਵਾਂ ਦਾ ਪਾਲਣ ਕਰਕੇ ਅਕਾਲੀ ਦਲ ਪੰਥ ਦੀ ਝੋਲੀ ਵਿੱਚ ਪਾਉ। ਦੂਸਰਾ ਕੋਈ ਰਸਤਾ ਨਹੀਂ ਹੈ। ਇਹ ਫ਼ੈਸਲਾ ਤੁਸੀਂ ਕਰਨਾ ਹੈ ਕਿ ਤੁਸੀਂ ਅਕਾਲ ਤਖ਼ਤ ਸਾਹਿਬ ਦੇ ਮਹਾਨ ਜਥੇਦਾਰਾਂ ਬਾਬਾ ਸਾਹਿਬ ਸਿੰਘ ਬੇਦੀ ਤੇ ਅਕਾਲੀ ਫੂਲਾ ਸਿੰਘ ਵਾਂਗ ਪੰਥ ਦੀ ਸ਼ਾਨ ਰੱਖਣੀ ਹੈ, ਇਤਿਹਾਸ ਸਿਰਜਣਾ ਹੈ ਜਾਂ ਗਿਆਨੀ ਗੁਰਬਚਨ ਸਿੰਘ ਦੇ ਉਜੜੇ ਰਾਹ ਵਲ ਜਾਣਾ ਹੈ।

***

## ਸ਼੍ਰੋਮਣੀ ਕਮੇਟੀ ਦੀ ਮੈਂਬਰ

ਭੈਣਾਂ ਅਤੇ ਮਾਵਾਂ ਦੇ ਮੂੰਹ ਵੱਲ ਦੇਖੋ ਜੋ ਔਰਤਾਂ ਵਿਰੁੱਧ ਮਾੜੀ ਰਾਜਨੀਤੀ ਕਰ ਰਹੇ ਹਨ ਤਾਂ ਜੋ ਉਹਨਾਂ ਨੂੰ ਸਮਝ ਆ ਸਕੇ ਕਿ ਉਹਨਾਂ ਨੇ ਕਿੰਨਾ ਸੰਤਾਪ ਭੋਗਿਆ ਹੈ।
ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਕਿਸੇ ਖਾਸ ਵਿਅਕਤੀ ਖ਼ਿਲਾਫ਼ ਕੀਤੀ ਗਈ ਸ਼ਿਕਾਇਤ ਨੂੰ ਕੂੜੇਦਾਨ ਵਿੱਚ ਸੁੱਟ ਕੇ ਸ਼ਿਕਾਇਤਕਰਤਾ ਨੂੰ ਗੁਰਮਤਿ ਸਿਧਾਂਤ ਦਾ ਸਬਕ ਸਿਖਾਉਣਾ ਚਾਹੀਦਾ ਸੀ, ਸਿੱਖਾਂ ਵਿੱਚ ਘਟੀਆ ਰਾਜਨੀਤੀ ਦਾ ਪ੍ਰਭਾਵ ਨਹੀਂ ਦੇਣਾ ਚਾਹੀਦਾ ਸੀ।
ਉਨ੍ਹਾਂ ਕਿਹਾ ਕਿ ਬੀਬੀ ਜਗੀਰ ਕੌਰ ਖ਼ਿਲਾਫ਼ ਸ਼ਿਕਾਇਤ ਇੱਕ ਨਵੀਂ ਲੀਹ ਹੈ। ਅਕਾਲ ਤਖ਼ਤ ਤੋਂ ਕਦੇ ਵੀ ਨਿੱਜੀ ਕੁਰਹਿਤ ਜਾਂ ਨਿੱਜੀ ਕਮੀਆਂ ਵੱਲ ਧਿਆਨ ਨਹੀਂ ਦਿੱਤਾ ਗਿਆ। ਸਪੱਸ਼ਟ ਤੌਰ 'ਤੇ ਇਹ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹੈ ਅਤੇ ਮਨੁੱਖਾਂ ਲਈ ਸ਼ਰਮਨਾਕ ਹੈ ਜੋ ਇੰਨੇ ਹੇਠਾਂ ਝੁਕ ਗਏ ਹਨ। ਇੱਕ ਅੰਮ੍ਰਿਤਧਾਰੀ ਗੁਰੂ ਅਤੇ ਉਸਦੇ ਜ਼ਮੀਰ ਨੂੰ ਜਵਾਬਦੇਹ ਹੈ, ਹੋਰ ਕੋਈ ਨਹੀਂ। ਜਥੇਦਾਰ ਅਕਾਲ ਤਖ਼ਤ ਵੀ ਨਹੀਂ। ਜਥੇਦਾਰ ਜੀ ਨੂੰ ਸ਼ਿਕਾਇਤ ਨੂੰ ਕੂੜੇਦਾਨ ਵਿੱਚ ਸੁੱਟ ਦੇਣਾ ਚਾਹੀਦਾ ਸੀ ਅਤੇ ਸ਼ਿਕਾਇਤ ਕਰਨ ਵਾਲਿਆਂ ਨੂੰ ਮਰਯਾਦਾ ਸਿਖਾਉਣੀ ਚਾਹੀਦੀ ਸੀ।

***

## ਸ਼ੇਰ-ਏ-ਪੰਜਾਬ ਦੀ ਵਿਰਾਸਤ ਦੀ ਸੰਭਾਲ

ਇਸ ਤੋਂ ਇਲਾਵਾ ਡਿਓਢੀ ਅਤੇ ਹੋਰ ਇਮਾਰਤਾਂ ਵੀ ਬਾਗ ਵਿੱਚ ਉਸਾਰੀਆਂ ਗਈਆਂ। ਇਹ ਇਮਾਰਤਾਂ ਸਿੱਖ ਭਵਨ ਕਲਾਂ ਦਾ ਸ਼ਾਹਕਾਰ ਨਮੂਨਾ ਹਨ।
ਸੰਨ 1831 ਵਿੱਚ ਅੰਮ੍ਰਿਤਸਰ ਵਿੱਚ ਜਦੋਂ ਇਹ ਬਾਗ ਪੂਰਾ ਮੁਕੰਮਲ ਹੋ ਗਿਆ ਤਾਂ ਦਰਬਾਰੀਆਂ ਨੇ ਮਹਾਰਾਜੇ ਨੂੰ ਇਸ ਦਾ ਨਾਂਅ ਰਣਜੀਤ ਸਿੰਘ ਬਾਗ ਰੱਖਣ ਦੀ ਬੇਨਤੀ ਕੀਤੀ। ਦਰਬਾਰੀਆਂ ਦੀ ਇਸ ਮੰਗ ਨੂੰ ਮਹਾਰਾਜ ਰਣਜੀਤ ਸਿੰਘ ਨੇ ਨਕਾਰ ਕੇ ਕਿਹਾ ਕਿ ਇਹ ਬਾਗ ਗੁਰੂ ਰਾਮਦਾਸ ਜੀ ਦੇ ਪਾਵਨ ਸ਼ਹਿਰ ਵਿੱਚ ਹੈ ਅਤੇ ਇਸ ਦਾ ਨਾਮ ਵੀ ਰਾਮ-ਬਾਗ ਹੋਣਾ ਚਾਹੀਦਾ ਹੈ। ਹੌਲੀ-ਹੌਲੀ ਰਾਮ-ਬਾਗ ਸਰਕਾਰ-ਏ-ਖਾਲਸਾ ਦਾ ਧੁਰਾ ਬਣ ਗਿਆ।
ਜਦੋਂ ਸੰਨ 1849 ਵਿੱਚ ਈਸਟ ਇੰਡੀਆ ਕੰਪਨੀ ਨੇ ਪੰਜਾਬ ਉਪਰ ਕਬਜ਼ਾ ਕੀਤਾ ਤਾਂ ਰਾਮ-ਬਾਗ ਵਿੱਚ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਵੀ ਰਹਿਣ ਲੱਗ ਪਏ। ਈਸਟ ਇੰਡੀਆ ਕੰਪਨੀ ਵੱਲੋਂ ਕਬਜ਼ਾ ਕਰਨ ਨਾਲ ਰਾਮ-ਬਾਗ ਦੀ ਥਾਂ ਇਸ ਦਾ ਨਵਾਂ ਨਾਮ 'ਕੰਪਨੀ ਬਾਗ' ਪ੍ਰਚੱਲਿਤ ਕੀਤਾ ਗਿਆ। ਈਸਟ ਇੰਡੀਆ ਕੰਪਨੀ ਦਾ ਕਬਜ਼ਾ ਖਤਮ ਹੋਏ ਨੂੰ ਕਿੰਨਾ ਸਮਾਂ ਬੀਤ ਗਿਆ, ਪਰ ਅਜੇ ਵੀ ਬਹੁਤੇ ਲੋਕ ਇਸ ਨੂੰ ਕੰਪਨੀ ਬਾਗ ਹੀ ਕਹਿੰਦੇ ਹਨ।
ਅਜੋਕੇ ਰਾਮ ਬਾਗ ਵਿੱਚ ਇੱਕ ਬਹੁਤ ਖ਼ੂਬਸੂਰਤ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਹੈ। 18 ਨਵੰਬਰ 2001 ਨੂੰ ਓਦੋਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਇਸ ਦਾ ਨੀਂਹ ਪੱਥਰ ਰੱਖਿਆ ਸੀ ਤੇ 20 ਜੁਲਾਈ 2006 ਨੂੰ ਓਦੋਂ ਦੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਉਦਘਾਟਨ ਕੀਤਾ ਸੀ। ਪਰ ਹੁਣ ਆਪ ਸਰਕਾਰ ਇਸ ਵਲ ਧਿਆਨ ਨਹੀਂ ਦੇ ਰਹੀ।

***

## ਭਾਜਪਾ ਡੁੱਬਦੀ ਬੇੜੀ ਨੂੰ ਬਚਾਉਣ ਲਈ

ਡੇਰਾ ਸੌਦਾ ਦੀਆਂ ਸਿਆਸੀ ਗਤੀਵਿਧੀਆਂ ਦਾ ਨੋਟਿਸ ਲੈਂਦਿਆਂ ਕਾਰਵਾਈ ਕੀਤੀ ਜਾਵੇ। ਪਰ ਇਨ੍ਹਾਂ ਚੋਣਾਂ ਦੌਰਾਨ ਭਾਜਪਾ ਦੇ ਨਾਲ-ਨਾਲ ਚੋਣ ਕਮਿਸ਼ਨ ਦੇ ਚਿਹਰੇ ਤੋਂ ਨਿਰਪੱਖਤਾ ਦਾ ਪਰਦਾ ਵੀ ਹਟ ਗਿਆ ਹੈ। ਲੋਕ ਇਹ ਸਮਝਣ ਲੱਗ ਪਏ ਹਨ ਕਿ ਕਤਲ ਅਤੇ ਬਲਾਤਕਾਰ ਦਾ ਦੋਸ਼ੀ ਗੁੰਡਾ ਸਾਧ, ਜੋ ਜੇਲ੍ਹ ਵਿੱਚ ਹੈ, ਨੂੰ ਬਿਨਾਂ ਕਾਰਨ ਚਾਰ ਸਾਲਾਂ ਵਿੱਚ 10 ਵਾਰ ਪੈਰੋਲ ਜਾਂ ਫਰਲੋ ਨਹੀਂ ਮਿਲ ਸਕਦੀ। ਪਰ ਭਾਜਪਾ ਇਸ ਬਦਨਾਮ ਸਾਧ ਕਾਰਨ ਕਲੰਕ ਖਟ ਰਹੀ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ



ON

jus PUNJABI HD

sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com